# ਆਖ਼ਿਰ ਸਿਕੰਦਰ ਜਿੱਤ ਗਿਆ

# ਆਖ਼ਿਰ ਸਿਕੰਦਰ ਜਿੱਤ ਗਿਆ

(ਕਹਾਣੀ ਸੰਗ੍ਰਹਿ)

**ਵਿਸ਼ਵ ਜਯੋਤੀ ਧੀਰ**

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

***Aakhir Sikandar Jitt Gya***

*(Short Stories by)*

***Vishav Jyoti Dhir*** ©
Farid Villa, Sikhan Wala Road,
KOTKAPURA-151204, Distt. Faridkot
Ph : 01635-223005, 98558-23005

**ISBN : 978-81-7883-342-2**

**Rs. 150/-**

First Edition : 2007
**Second Edition : 2016**

*Printed and Bound In India*

*Published by*
**Chetna Parkashan**
PUNJABI BHAWAN, **LUDHIANA** (Pb.) INDIA
Ph. 0161-2413613, 2404928, (M) 98152-98459, 98762-07774
Website: www.chetnaparkashan.com
E-mail: chetnaparkashan@gmail.com
Sub Off.: Qila Road, Opp. Bus Stand, KOTKAPURA (Pb.) INDIA
Ph.: 95011-45039
Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

**ਸਮਰਪਣ**

ਆਪਣੇ ਮਹਰੂਮ ਪਿਤਾ
ਸ੍ਰੀ ਬੀ. ਸੀ. ਦੁੱਗਲ
ਦੇ
ਨਾਂ


**ਵਿਸ਼ੇਸ਼ ਧੰਨਵਾਦ**

ਮੇਰੇ ਪਤੀ ਡਾ. ਕੁਲਦੀਪ ਧੀਰ ਅਤੇ ਪਿਆਰੀ ਬੇਟੀਆਂ ਅਰਸ਼ਿਆ ਧੀਰ, ਤੇ ਪੁਰਨੂਰ ਧੀਰ ਲਈ...
ਜਿਨ੍ਹਾਂ ਨੇ ਮੈਨੂੰ ਇਸ ਰਚਨਾ ਵਾਸਤੇ
ਖੁੱਲ੍ਹਾ ਮਾਹੌਲ ਅਤੇ ਉਤਸ਼ਾਹ ਦਿੱਤਾ।

**ਸਲਾਮ**

ਮੇਰੇ ਪਿਆਰੇ ਪਾਠਕਾਂ ਨੂੰ
ਜਿਨ੍ਹਾਂ ਨੇ ਮੇਰੀਆਂ ਕਹਾਣੀਆਂ ਨੂੰ ਪਰਵਾਣ ਕੀਤਾ।

# ਤਰਤੀਬ


| | | |
|---|---|---|
| ਦੋ ਸ਼ਬਦ | ਰਾਮ ਸਰੂਪ ਅਣਖੀ | 9 |
| ਛਿੰਦਾ ਪੁੱਤ | ................ | 11 |
| ਸ਼ੱਕਰਪਾਰੇ | ................ | 18 |
| ਹੈ ਕੋਈ ਦਲੀਲ | ................ | 26 |
| ਆਖ਼ਿਰ ਸਿਕੰਦਰ ਜਿੱਤ ਗਿਆ | ................ | 33 |
| ਕੁੜੱਕੀ | ................ | 42 |
| ਐਂਟੀਕ ਪੀਸ | ................ | 48 |
| ਰੂਹ ਦਾ ਰੁਦਨ | ................ | 54 |
| ਇਕ ਮੁੱਠੀ ਆਸਮਾਂ | ................ | 58 |
| ਕੇਹਾ ਵਿਸਾਖੀ ਵਾਲਾ ਮੇਲਾ | ................ | 65 |
| ਪੁਲਿਸ ਪੈਟਰੋਲ | ................ | 75 |
| ਬੰਦ ਗਲੀ | ................ | 81 |
| ਜਸ ਜੀਵਨ ਮਰਨ ਅਪਜਸ | ................ | 91 |

## ਦੋ ਸ਼ਬਦ

ਮੈਨੂੰ ਕਦੇ ਲਗਦਾ ਸੀ ਕਿ ਪੰਜਾਬੀ ਵਿਚ ਨਵੀਆਂ ਕਹਾਣੀਕਾਰ ਕੁੜੀਆਂ ਸਾਹਮਣੇ ਨਹੀਂ ਆ ਰਹੀਆਂ। ਇਸ ਬਾਰੇ ਇਕ ਕਰੂਰ ਸੱਚ ਵੀ ਸਾਹਮਣੇ ਸੀ। ਜਿਸ ਦਾ ਕਾਰਨ ਇਹ ਸਮਝਿਆ ਜਾਂਦਾ ਸੀ ਕਿ ਇਹ ਕੋਈ ਪਰਿਵਾਰਕ ਅੜਚਣ ਹੈ। ਜਿਨ੍ਹਾਂ ਔਰਤ ਦਾ ਕੋਈ ਨਾਂ ਹੈ, ਉਨ੍ਹਾਂ ਕੋਲ ਘਰ ਨਾਂ ਦੀ ਕੋਈ ਚੀਜ਼ ਨਹੀਂ। ਜਿਨ੍ਹਾਂ ਨੇ ਆਪਣਾ ਘਰ ਕਾਇਮ ਰੱਖਿਆ, ਉਹ ਸਾਹਿਤ ਵਿਚ ਪਿੱਛੇ ਰਹਿ ਗਈਆਂ। ਪਰ ਮੇਰਾ ਇਹ ਭਰਮ ਸੀ। ਪਿਛਲੇ ਕੁਝ ਵਰ੍ਹਿਆਂ ਦੌਰਾਨ ਨਵੀਆਂ ਕਲਮਾਂ ਸਾਹਮਣੇ ਆ ਰਹੀਆਂ ਹਨ। ਇਹ ਇਸ ਕਰਕੇ ਵੀ ਸੰਭਵ ਹੋ ਸਕਿਆ ਹੋਵੇਗਾ ਕਿ ਅੱਜ ਦਾ ਭਾਰਤੀ ਪਤੀ ਵੀ ਖਾਸਾ ਖੁੱਲ੍ਹ-ਦਿਲਾ ਬਣਿਆ ਹੈ। ਪਹਿਲੇ ਪਤੀ ਤਾਂ ਪਤਨੀ ਦੀਆਂ ਲਿਖਤਾਂ ਵਿਚੋਂ ਕੀੜੇ ਕੱਢਣ ਲੱਗ ਪੈਂਦੇ ਸਨ। ਪਤਨੀ ਦੀ ਰਚਨਾ ਪੜ੍ਹਕੇ ਉਸ ਵਿਚਲੇ ਤੱਥਾਂ ਨੂੰ ਪਤਨੀ ਦੇ ਜੀਵਨ ਨਾਲ ਹੀ ਜੋੜਨ ਦੀ ਕੋਝੀ ਹਰਕਤ ਕਰਨ ਬਹਿ ਜਾਂਦੈ।

ਸਾਡੀਆਂ ਪਹਿਲੀਆਂ ਕਹਾਣੀਕਾਰ ਔਰਤਾਂ ਕੋਲ ਲਗਭਗ ਇੱਕੋ ਵਿਸ਼ਾ ਹੁੰਦਾ ਸੀ, ਉਹ ਸੀ ਮਰਦ-ਜ਼ਾਤ ਦੇ ਔਰਤ ਉੱਤੇ ਅਤਿਆਚਾਰ, ਬਹੁਤੀਆਂ ਲੇਖਕਾਵਾਂ ਆਪਣੀ ਜ਼ਿੰਦਗੀ ਨੂੰ ਸਾਹਿਤ ਦਾ ਆਧਾਰ ਬਣਾਈ ਰਖਦੀਆਂ, ਆਪਣੇ ਮਰਦ ਤੋਂ ਬਾਗ਼ੀ ਹੋ ਕੇ ਜੋ ਕੁਝ ਬਾਅਦ ਵਿਚ ਉਹ ਕਰਦੀਆਂ ਜਾਂ ਕਰਨ ਲਈ ਸੋਚਦੀਆਂ, ਉਸ ਨੂੰ ਆਪਣੀਆਂ ਲਿਖਤਾਂ ਵਿਚ ਜਸਟੀਫਾਈ ਕਰਨ ਦੀ ਕੋਸ਼ਿਸ਼ ਕਰਦੀਆਂ। ਮਰਦ-ਜ਼ਾਤ ਦੇ ਖ਼ਿਲਾਫ਼ ਉਨ੍ਹਾਂ ਦਾ ਇਹ ਅਭਿਆਨ ਹੀ ਉਨ੍ਹਾਂ ਦੀ ਸਮੁੱਚੀ ਰਚਨਾ ਦਾ ਪ੍ਰਯੋਜਨ ਬਣਕੇ ਰਹਿ ਜਾਂਦਾ ਸੀ। ਇਹ ਉਨ੍ਹਾਂ ਦਾ ਇਕ-ਤਰਫ਼ਾ ਹਮਲਾ ਸੀ। ਸਾਹਮਣੇ ਦੀ ਟੱਕਰ ਸ਼ਾਇਦ ਹੀ ਕੋਈ ਹੁੰਦੀ ਹੋਵੇ। ਨਵੀਆਂ ਕਹਾਣੀਕਾਰ ਕੁੜੀਆਂ ਦੀਆਂ ਲਿਖਤਾਂ ਵਿਚ ਪਹਿਲਾਂ ਵਾਲਾ ਅਜਿਹਾ ਕੁਝ ਨਹੀਂ ਹੈ ਬਹੁਤ ਘੱਟ ਹੈ।

'ਕਹਾਣੀ ਪੰਜਾਬ' ਨਿਰੋਲ ਕਹਾਣੀਆਂ ਦਾ ਪਰਚਾ ਹੈ। ਅਸੀਂ ਨਵੀਆਂ ਕੁੜੀਆਂ ਦੀਆਂ ਕਹਾਣੀਆਂ ਬੜੀ ਤਰਜੀਹ ਨਾਲ ਛਾਪਦੇ ਹਾਂ। ਸਗੋਂ ਨਵੀਆਂ ਕਹਾਣੀ ਲੇਖਕਾਵਾਂ ਨੂੰ ਲਭਦੇ ਰਹਿੰਦੇ ਹਾਂ। ਅਜਿਹੀਆਂ ਹੀ ਨਵੀਆਂ ਲੇਖਕਾਵਾਂ ਵਿਚੋਂ ਇਕ ਹੈ- ਵਿਸ਼ਵ ਜਯੋਤੀ ਧੀਰ।

ਵਿਸ਼ਵ ਜਯੋਤੀ ਧੀਰ ਦੀ ਪਹਿਲੀ ਕਹਾਣੀ 'ਛਿੰਦਾ ਪੁੱਤ' ਕਿਸੇ ਮੈਗਜ਼ੀਨ ਵਿਚ ਪੜ੍ਹੀ ਸੀ। ਕਹਾਣੀ ਦੀ ਭਾਸ਼ਾ ਚੰਗੀ ਲੱਗੀ ਮੈਨੂੰ। ਕਹਾਣੀ ਦਾ ਟਰੀਟਮੈਂਟ ਵੀ ਕਮਾਲ ਹੈ। ਇਸ ਕਹਾਣੀ ਦੀਆਂ ਇਹ ਸਤਰਾਂ ਹੁਣ ਤਕ ਹਾਂਟ ਕਰਦੀਆਂ ਹਨ- "ਕਾਲੀ ਰਾਤ... ਤੇਜ਼ ਸ਼ੂਕਦੀ ਹਵਾ... ਮੇਰੇ ਸਾਹਮਣੇ ਦਰਖ਼ਤ ਦੇ ਇਕ ਪੀਲੇ ਜ਼ਰਦ



ਨੂੰ ਤੋੜਕੇ ਨਾਲ ਉਡਾਅ ਲੈ ਜਾਣ ਦੀ ਪੁਰਜ਼ੋਰ ਕੋਸ਼ਿਸ਼ ਕਰ ਰਹੀ ਸੀ, ਪਰ ਰੁੱਖ ਵੀ ਜਿਵੇਂ ਆਪਣੀ ਜਿੰਦ-ਜਾਨ ਲਾ ਕੇ ਜ਼ਰਦ ਪੱਤੇ ਨੂੰ ਆਪਣੇ ਤੋਂ ਜੁਦਾ ਨਹੀਂ ਹੋਣ ਦੇਣਾ ਚਾਹੁੰਦਾ। ...ਇਕ ਨਿੱਕੇ ਬੂਟੇ ਨੂੰ ਏਸ ਪੱਤੇ ਨੇ ਕਦੇ ਆਪਣੀ ਕਚੂਰ ਜਵਾਨੀ ਵਿਚ ਭੋਜਨ ਦੇ ਕੇ ਰੁੱਖ ਬਣਾਇਆ ਸੀ।" ਇਸ ਇਕੋ ਕਹਾਣੀ ਨੇ ਮੈਨੂੰ ਐਨਾ ਪ੍ਰਭਾਵਿਤ ਕੀਤਾ ਕਿ ਮੈਂ ਇਸ ਨਵੀਂ ਲੇਖਿਕਾ ਦੀਆਂ ਹੋਰ ਕਹਾਣੀਆਂ ਪੜ੍ਹਨੀਆਂ ਚਾਹੀਆਂ।

ਉਨ੍ਹਾਂ ਦਿਨਾਂ ਵਿਚ ਹੀ ਜਯੋਤੀ ਦਾ ਫੋਨ ਆਇਆ। ਇਹ ਜਾਣ ਕੇ ਮੈਨੂੰ ਬੇਹੱਦ ਚੰਗਾ ਲੱਗਿਆ ਕਿ ਉਹ ਸਾਡੇ ਮਰਹੂਮ ਯਾਰ ਰਘਵੀਰ ਢੰਡ ਦੀ ਭਾਣਜੀ ਹੈ। ਮਾਮੇ ਦਾ ਭਾਣਜੀ ਉੱਤੇ ਜ਼ਿਹੀਨ ਅਸਰ ਹੋਣਾ ਜ਼ਰੂਰੀ ਸੀ ਤੇ ਫੇਰ ਮੈਨੂੰ ਉਹਦੀ ਇਕ ਹੋਰ ਕਹਾਣੀ 'ਐਂਟੀਕ ਪੀਸ' ਪੜ੍ਹਨ ਦਾ ਮੌਕਾ ਮਿਲਿਆ। ਇਹ ਕਹਾਣੀ ਵੱਡਿਆਂ ਦੇ ਸਭਿਆਚਾਰ ਦੇ ਖੋਖਲੇਪਣ ਨੂੰ ਨੰਗਾ ਹੀ ਨਹੀਂ ਕਰਦੀ, ਉਨ੍ਹਾਂ ਦੇ ਭੂੰ ਛੈਂ ਦਾ ਭਾਂਡਾ ਚੁਰਾਹੇ ਵਿਚ ਭੰਨਦੀ ਹੈ। ਇਕ ਜਗੀਰਦਾਰੀ ਸੋਚ ਦੇ ਘਰ ਵਿਚ ਬਾਕੀ ਸਭ ਵਸਤੂਆਂ ਨਵਾਬੀ ਸ਼ੌਕ ਦੀਆਂ ਹਨ, ਪਰ ਗਿਣਵੇਂ ਸਾਹਾਂ ਦਾ ਮਾਲਕ ਉਨ੍ਹਾਂ ਦਾ ਬਜ਼ੁਰਗ ਹਾਲੋਂ-ਬੇਹਾਲ ਹੈ। ਘਰ ਵਿਚ ਉਹਦੀ ਕੋਈ ਪੁੱਛ ਪ੍ਰਤੀਤ ਨਹੀਂ ਹੈ। ਖ਼ਾਨਦਾਨ ਲਈ ਉਹ ਇਕ ਵਾਧੂ ਦੀ ਚੀਜ਼ ਹੈ। ਕਹਾਣੀ ਵਿਚੋਂ ਇਹ ਗੱਲ ਉਭਰਕੇ ਸਾਹਮਣੇ ਪੇਸ਼ ਹੁੰਦੀ ਹੈ ਕਿ ਉਹ ਬੁੱਢਾ-ਬਾਬਾ ਹੀ ਅਸਲ ਵਿਚ ਇਸ ਘਰ ਵਿਚ ਇਕ 'ਐਂਟੀਕ ਪੀਸ' ਹੈ। ਕਿਆ ਕਮਾਲ ਦੀ ਕਹਾਣੀ ਹੈ, ਬਜ਼ੁਰਗਾਂ ਨੂੰ ਨਜ਼ਰ-ਅੰਦਾਜ਼ ਕਰਨ ਦੀ ਇਕ ਦਸਤਾਵੇਜ਼ੀ ਰਚਨਾ।

'ਕੁੜੱਕੀ' ਵਿਚ ਇਕ ਕੁੜੀ ਦੇ ਦੁਬਿਧਾ ਗ੍ਰਸਤ ਪਿਆਰ ਨੂੰ ਪੇਸ਼ ਕੀਤਾ ਗਿਆ ਹੈ। ਮੂੰਹ-ਹਨੇਰੇ ਉੱਠਕੇ ਆਪਣੇ ਪ੍ਰੇਮੀ ਨਾਲ ਭੱਜ ਜਾਣ ਲਈ ਘਰ ਦੇ ਅੜਿੱਕੇ ਅਸਲ ਵਿਚ ਕਿਧਰੇ ਨਾ ਕਿਧਰੇ ਉਹਦੀ ਦੁਫ਼ਾੜ ਮਨੋ-ਦਸ਼ਾ ਦੇ ਹੀ ਅੜਿੱਕੇ ਲਗਦੇ ਹਨ। ਅੰਤ ਵਿਚ ਉਹਨੇ ਗਲਤ ਕੀਤਾ ਜਾਂ ਠੀਕ ਕੀਤਾ। ਇਸ ਦੁਬਿਧਾ ਨੇ ਕਿਹੜਾ ਉਹਨੂੰ ਪਿੱਛੋਂ ਵੀ ਟਿਕਣ ਦਿੱਤਾ ਹੋਵੇਗਾ।

ਇਸ ਸੰਗ੍ਰਹਿ ਦੀ ਟਾਈਟਲ ਕਹਾਣੀ 'ਆਖ਼ਿਰ ਸਿਕੰਦਰ ਜਿੱਤ ਗਿਆ' ਇਕ ਗੁੱਝੀ ਪ੍ਰੇਰਨਾ ਹੈ। ਸਿਕੰਦਰ ਇਕ ਨੌਕਰ ਹੈ। ਆਪਣੇ ਮਾਲਕ ਦੀਆਂ ਝਿੜਕਾਂ ਉਸ ਤੋਂ ਸਹੀਆਂ ਨਹੀਂ ਜਾਂਦੀਆਂ। ਆਖ਼ਿਰ ਇਕ ਦਿਨ ਉਹ ਘਰੋਂ ਭੱਜ ਜਾਂਦਾ ਹੈ ਅਤੇ ਨਵੀਂ ਜ਼ਿੰਦਗੀ ਸ਼ੁਰੂ ਕਰਦਾ ਹੈ। ਲਛਮੀ ਆਪਣੇ ਪਤੀ ਜਗਨ ਦੀ ਜਕੜ ਵਿਚ ਵੀ ਨਹੀਂ ਰਹਿੰਦੀ। ਨੌਕਰੀ ਕਰਨ ਦਾ ਫ਼ੈਸਲਾ ਲੈ ਕੇ ਉਹ ਆਜ਼ਾਦ ਹੋ ਜਾਂਦੀ ਹੈ।

ਵਿਸ਼ਵ ਜਯੋਤੀ ਦੀਆਂ ਰਚਨਾਵਾਂ ਕਹਾਣੀ-ਦਰ-ਕਹਾਣੀ ਔਰਤ ਦੇ ਮਨ ਨੂੰ ਖੋਲ੍ਹਦੀਆਂ ਤੁਰੀਆਂ ਜਾਂਦੀਆਂ ਹਨ। ਇਨ੍ਹਾਂ ਕਹਾਣੀਆਂ ਦੀ ਵੱਡੀ ਸਿਫ਼ਤ ਇਹੋ ਬਣਦੀ ਹੈ ਕਿ ਔਰਤ ਸੰਘਰਸ਼ ਕਰਦੀ ਹੈ। ਔਰਤ ਵੀ ਨਹੀਂ, ਅਸਲ ਵਿਚ ਮਨੁੱਖਤਾ ਸੰਘਰਸ਼ ਕਰਦੀ ਹੈ। ਉਹਦੀਆਂ ਕਹਾਣੀਆਂ ਨਿਸ਼ਚੇ ਹੀ ਪੰਜਾਬੀ ਕਥਾ-ਜਗਤ ਵਿਚ ਆਪਣਾ ਵਿਸ਼ੇਸ਼ ਨਾਂ ਪੈਦਾ ਕਰਨਗੀਆਂ, ਇਹ ਮੇਰਾ ਵਿਸ਼ਵਾਸ ਹੈ।

**- ਰਾਮ ਸਰੂਪ ਅਣਖੀ**

# 'ਛਿੰਦਾ ਪੁੱਤ'

ਸੜਕ ਉੱਤੇ ਸਾਡੀ ਕਾਰ ਤੇਜ਼ ਦੌੜ ਰਹੀ ਸੀ। ਬਾਹਰ ਸਿਆਹ ਹਨ੍ਹੇਰਾ ਤੇ ਕਾਰ ਦੇ ਅੰਦਰ ਇਕ ਸਹਿਮੀ ਹੋਈ ਖਾਮੋਸ਼ੀ। ਹਰੀਸ਼ ਦੇ ਮੂੰਹ 'ਤੇ ਸਰਦ ਚੁੱਪ ਪਰ ਮੇਰੇ ਅੰਦਰ ਇਕ ਡੂੰਘੀ ਪੀੜ ਸੀ, ਜੋ ਪੰਘਰ ਕੇ ਅੱਥਰੂ ਬਣ ਜਾਂਦੀ ਤੇ ਮੇਰੀਆਂ ਅੱਖਾਂ ਵਿਚੋਂ ਤਿਲਕ ਜਾਂਦੀ। ਅੱਜ ਹਰੀਸ਼ ਦੀ ਸ਼ਖ਼ਸੀਅਤ ਮੇਰੀਆਂ ਨਜ਼ਰਾਂ ਵਿਚ ਹੋਰ ਵੀ ਸੁੰਗੜ ਗਈ।

ਜਮਾਤ ਨੂੰ ਪੜ੍ਹਾਉਂਦਿਆਂ ਮੈਨੂੰ ਅੰਮ੍ਰਿਤਸਰ ਤੋਂ ਛੋਟੇ ਵੀਰ ਅਨੂਪ ਦਾ ਫੋਨ ਆਇਆ ਸੀ... ਪਾਪਾ ਜੀ ਬਹੁਤ ਬੀਮਾਰ ਸਨ... ਰਾਤ ਦੇ ਹਸਪਤਾਲ ਵਿਚ ਦਾਖਲ। ਅਨੂਪ ਨੇ ਮੈਨੂੰ ਛੇਤੀ ਪਹੁੰਚਣ ਲਈ ਆਖਿਆ। ਮੈਂ ਹਰੀਸ਼ ਨੂੰ ਬੈਂਕ ਫੋਨ ਕਰ ਦਿੱਤਾ ਸੀ। ਮੈਂ ਕਾਲਜ ਤੋਂ ਛੁੱਟੀ ਲੈ ਕੇ ਗਿਆਰਾਂ ਵਜੇ ਘਰ ਪਹੁੰਚ ਗਈ।

ਪਰ ਹਰੀਸ਼ ਹਾਲੇ ਤਕ ਵੀ ਘਰ ਨਹੀਂ ਪਹੁੰਚਿਆ। ਬੈਂਕ ਫੋਨ ਕਰਨ 'ਤੇ ਪਤਾ ਲੱਗਿਆ ਕਿ ਉਹ ਤਾਂ ਬਾਰ੍ਹਾਂ ਵਜੇ ਹੀ ਬੈਂਕ ਵਿਚੋਂ ਚਲਾ ਗਿਆ... ਫੇਰ ਕਿੱਧਰ ਗਿਆ? ...ਚੰਗਾ ਭਲਾ ਦੱਸਿਆ ਸੀ ਕਿ ਪਾਪਾ ਜੀ ਨੂੰ ਰਾਤ ਹਾਰਟ ਅਟੈਕ ਹੋਇਆ ਸੀ... ਉਹ ਹਸਪਤਾਲ ਦਾਖਲ ਨੇ।

ਮੈਂ ਉਡੀਕਦੀ ਰਹੀ... ਤਰਲੋਮੱਛੀ ਹੁੰਦੀ ਰਹੀ। ਕਦੇ ਰੱਬ ਮੂਹਰੇ ਪਾਪਾ ਜੀ ਵਾਸਤੇ ਅਰਦਾਸ ਕਰਦੀ... ਕਦੇ ਹਰੀਸ਼ ਦੇ ਇੰਤਜ਼ਾਰ ਵਿਚ ਬੂਹੇ ਵੱਲ ਤਕਦੀ... ਹਰ ਹਰੀਸ਼ ਹਾਲੇ ਤਕ ਵੀ ਨਹੀਂ ਪਹੁੰਚਿਆ... ਪਤਾ ਨ੍ਹੀਂ ਕੀ ਹਾਲ ਹੋਊ ਮੇਰੇ ਪਾਪਾ ਦਾ... ਮੰਮੀ ਦੀ ਮੌਤ ਤੋਂ ਬਾਅਦ ਜਿਵੇਂ ਮੰਮੀ ਦਾ ਦਿਲ ਵੀ ਪਾਪਾ ਜੀ ਅੰਦਰ ਧੜਕਣ ਲੱਗ ਪਿਆ ਸੀ... ਲੱਗਦਾ ਜਿਵੇਂ ਮੇਰੇ ਪਾਪਾ ਦੇ ਦੋ ਦਿਲ ਹੋਣ। ਉਨ੍ਹਾਂ ਮੈਨੂੰ ਤੇ ਅਨੂਪ ਨੂੰ ਮਾਂ ਤੇ ਬਾਪ, ਦੋਹਾਂ ਦਾ ਪਿਆਰ ਦਿੱਤਾ।

ਅਨੂਪ ਪੜ੍ਹਾਈ ਛੱਡ ਕੇ ਠੇਕੇਦਾਰੀ ਕਰਨ ਲੱਗ ਪਿਆ। ਘਰ ਵਿਚ ਰੋਟੀ ਪੱਕਦੀ ਰਹੇ, ਏਸੇ ਕਰਕੇ ਅਨੂਪ ਨੂੰ ਨਿਆਣੇ ਜਿਹੇ ਨੂੰ ਹੀ ਵਿਆਹ ਦਿੱਤਾ। ਮੈਨੂੰ ਤਾਂ ਹਾਲੇ ਵੀ ਮਲੂਕੜਾ ਜਿਹਾ ਲੱਗਦਾ। ਉਹ ਤਾਂ ਵਿਚਾਰਾ ਘਰ ਦਾ ਤੋਰਾ ਪਹਿਲਾਂ ਹੀ ਮਸਾਂ ਤੋਰਦਾ ਸੀ... ਤੇ ਹੁਣ ਪਾਪਾ ਜੀ ਵੀ ਬੀਮਾਰ ਹੋ ਗਏ... ਪਤਾ ਨਹੀਂ ਅਨੂਪ ਇਕੱਲੇ 'ਤੇ ਕੀ ਗੁਜ਼ਰਦੀ ਹੋਣੀ ਐ... ਬੱਸ ਇਹੀ ਸੋਚਦੀ-ਸੋਚਦੀ ਮੈਂ ਅੱਖਾਂ ਵਿਚੋਂ ਅੱਥਰੂ ਵਹਾਉਂਦੀ ਰਹੀ।

✲✲✲



ਚਾਰ ਵਜੇ ਹਰੀਸ਼ ਆ ਗਿਆ... ਚਿਹਰੇ 'ਤੇ ਕੋਈ ਕਾਹਲ ਨਹੀਂ... ਕੋਈ ਪ੍ਰੇਸ਼ਾਨੀ ਨਹੀਂ। ਮੇਰੇ ਗ਼ਮ ਤੇ ਗੁੱਸੇ ਨਾਲ ਭਰੇ ਚਿਹਰੇ ਨੂੰ ਵੇਖ ਕੇ ਉਸਨੇ ਸਫ਼ਾਈ ਦਿੱਤੀ,

"ਮੈਂ ਤਾਂ ਕਾਰ ਸੈੱਟ ਕਰਵਾਉਣ ਗਿਆ ਸੀ... ਹੋਰ ਵੀ ਮਾੜਾ ਮੋਟਾ ਕੰਮ ਹੋਣ ਵਾਲਾ ਸੀ... ਮੈਂ ਮਿਸਤਰੀ ਨੂੰ ਆਖਿਆ, ਲੱਗਦੇ ਹੱਥ ਕਰ ਈ ਦੇ।"

ਹਰੀਸ਼ ਦੀ ਗੱਲ ਸੁਣ ਕੇ ਮੈਂ ਅੰਦਰੋਂ ਅੰਦਰੀਂ ਨਪੀੜੀ ਗਈ। ਆਪਣੇ ਅੰਦਰਲਾ ਗ਼ੁਬਾਰ ਰੋਕ ਨਾ ਸਕੀ... ਉੱਚੀ ਉੱਚੀ ਰੋ ਪਈ।

ਹਰੀਸ਼ ਨੇ ਕਾਰ ਸਟਾਰਟ ਕਰਦਿਆਂ ਆਖਿਆ, "ਕਿਓ ਮਨ ਭੈੜਾ ਕਰਦੀ ਐਂ... ਸਭ ਠੀਕ ਹੋ ਜਾਊ... ਵੱਡੀ ਉਮਰ ਐ... ਏਸ ਉਮਰੇ ਤਾਂ ਤਕਲੀਫ਼ਾਂ ਆਉਂਦੀਆਂ ਈ ਨੇ।"

ਮੈਂ ਨਫ਼ਰਤ ਭਰੀ ਨਿਗਾਹ ਨਾਲ ਹਰੀਸ਼ ਨੂੰ ਤੱਕਿਆ, ਜੀ ਕਰਦਾ ਸੀ ਆਖ ਦੇਵਾਂ... ਤੈਨੂੰ ਕੀ ਪਤਾ... ਮੈਨੂੰ ਮੇਰੇ ਪਾਪਾ ਜੀ ਕਿੰਨੇ ਪਿਆਰੇ ਨੇ... ਮੈਂ ਤਾਂ ਉਨ੍ਹਾਂ ਦੀ ਉਮਰ ਵਿਚ ਜੁੜਦੇ ਵਰ੍ਹੇ ਕਦੇ ਨਹੀਂ ਗਿਣੇ... ਬੱਸ ਏਨਾ ਪਤਾ ਐ... ਜਿੰਨੀ ਦੇਰ ਮੇਰੇ ਪਾਪਾ ਜੀ ਜਿਊਂਦੇ ਨੇ... ਓਨੀ ਦੇਰ ਮੈਂ ਉਨ੍ਹਾਂ ਦਾ 'ਛਿੰਦਾ ਪੁੱਤ' ਹਾਂ... ਮੈਂ ਤਾਂ ਸਦਾ ਹੀ ਉਨ੍ਹਾਂ ਦਾ ਛਿੰਦਾ ਪੁੱਤ ਬਣਿਆ ਰਹਿਣਾ ਚਾਹਾਂਗੀ।

✲✲✲

ਮੇਰੀਆਂ ਅੱਖਾਂ ਦੇ ਖਾਰੇ ਪਾਣੀ ਦੇ ਨਾਲ-ਨਾਲ ਬਾਬਲ ਦੇ ਵਿਹੜੇ ਲੰਘਾਏ ਵਰ੍ਹਿਆਂ ਦੀਆਂ ਯਾਦਾਂ ਵੀ ਮੇਰੇ ਆਲੇ-ਦੁਆਲੇ ਖਿਲ੍ਹਰਣ ਲੱਗ ਪਈਆਂ।

ਮੈਨੂੰ ਤੇ ਅਨੂਪ ਨੂੰ ਪਾਪਾ ਜੀ ਨੇ ਆਪਣੇ ਇਕੱਲਿਆਂ ਦੀ ਤਨਖ਼ਾਹ ਨਾਲ ਪੋਟਾ-ਪੋਟਾ ਕਰਕੇ ਪੈਰਾਂ 'ਤੇ ਖੜ੍ਹਾ ਕੀਤਾ... ਕਮਾਊ ਪੁੱਤਰ ਬਣਾਇਆ ਸੀ... ਸਾਨੂੰ ਕਦੇ ਵੀ ਕਿਸੇ ਚੀਜ਼ ਦੀ ਕਮੀ ਨਹੀਂ ਸੀ ਆਉਣ ਦਿੱਤੀ। ਮੈਨੂੰ ਤਾਂ ਸਦਾ ਹੀ 'ਛਿੰਦਾ ਪੁੱਤ' ਕਹਿ ਕੇ ਪੁਕਾਰਿਆ।

ਹੁਣ ਵੀ ਛਿੰਦਾ ਪੁੱਤਰ ਸੁਣ ਕੇ ਮੇਰੇ ਅੰਦਰ ਇਕ ਨਿੱਕੀ ਜਿਹੀ ਬਾਲੜੀ ਹੋਣ ਦਾ ਅਹਿਸਾਸ ਜਾਗ ਪੈਂਦਾ ਹੈ... ਪਿਆਰਾ ਜਿਹਾ, ਲਾਡਲਾ ਜਿਹਾ ਅਹਿਸਾਸ... ਜਿਹੜਾ ਪਾਪਾ ਜੀ ਦੀ ਜ਼ਿੰਦਗੀ ਦੇ ਨਾਲ ਜਿਉਂਦਾ ਹੈ।

ਮੈਨੂੰ ਯਾਦ ਸੀ, ਜਦੋਂ ਮੈਂ ਜੈਪੁਰ ਕਾਲਜ ਦੇ ਟੂਰ 'ਤੇ ਜਾਣਾ ਸੀ। ਮੰਮੀ ਨੇ ਤਾਂ ਸਾਫ਼ ਇਨਕਾਰ ਕਰ ਦਿੱਤਾ- "ਅੱਗੇ ਈ ਘਰ ਦਾ ਖਰਚਾ ਮਸਾਂ ਪੂਰਾ ਪੈਂਦਾ ਐ... ਕੀ ਲੈਣਾ ਐ ਫਜ਼ੂਲ ਖਰਚੀ ਕਰਕੇ।"

ਪਰ ਪਾਪਾ ਜੀ ਨੇ ਮੇਰੇ ਮਨ ਦੀ ਇੱਛਾ ਪੜ੍ਹ ਲਈ ਸੀ। ਮੈਨੂੰ ਥਾਪੀ ਦੇ ਕੇ ਆਖਣ ਲੱਗੇ, "ਮੇਰਾ ਛਿੰਦਾ ਪੁੱਤ ਜ਼ਰੂਰ ਜਾਊਂਗਾ... ਕਾਲਜ ਦਾ ਅਖ਼ੀਰਲਾ ਸਾਲ ਐ... ਫੇਰ ਅਜਿਹੇ ਮੌਕੇ ਜ਼ਿੰਦਗੀ ਵਿਚ ਨਹੀਂ ਆਉਂਦੇ।"

ਟੂਰ ਤੋਂ ਮੁੜਨ ਤੋਂ ਬਾਅਦ ਪਤਾ ਲੱਗਿਆ ਕਿ ਪਾਪਾ ਜੀ ਏਰੀਅਰ ਮਿਲਿਆ ਸੀ। ਸੋਚਦੇ ਸੀ ਗਰਮ ਸੂਟ ਸਵਾ ਲੈਣਗੇ... ਪਰ ਓਹੀ ਪੈਸੇ ਉਨ੍ਹਾਂ ਮੈਨੂੰ ਟੂਰ

ਵਾਸਤੇ ਦੇ ਦਿੱਤੇ.... ਮੈਂ ਬੜਾ ਪਛਤਾਈ ਸੀ... ਕਿੰਨੇ ਪਿਆਰੇ ਨੇ ਮੇਰੇ ਪਾਪਾ। ..ਆਪਣੀ ਜ਼ਰੂਰਤ ਅੱਗੇ ਉਨ੍ਹਾਂ ਨੂੰ ਮੇਰੀ ਖੁਸ਼ੀ ਜ਼ਿਆਦਾ ਵੱਡੀ ਲੱਗੀ।

ਮੇਰੇ ਵਿਆਹ ਤੋਂ ਪਹਿਲਾਂ ਈ ਪਾਪਾ ਜੀ ਰਿਟਾਇਰ ਹੋ ਗਏ... ਉਮਰ ਭਰ ਦੀ ਸਰਕਾਰੀ ਸੇਵਾ ਦੇ ਮਿਲੇ ਪੈਸੇ ਵੀ ਉਨ੍ਹਾਂ ਮੇਰੇ ਵਿਆਹ 'ਤੇ ਲਾ ਕੇ ਮੈਨੂੰ ਰਾਜਕੁਮਾਰੀਆਂ ਵਾਂਗ ਹਰੀਸ ਦੇ ਲੜ੍ਹ ਲਾ ਦਿੱਤਾ।

***

ਮੈਂ ਫ਼ੋਨ 'ਤੇ ਪਾਪਾ ਜੀ ਦਾ ਹਾਲ ਚਾਲ ਪੁਛਦੀ ਰਹਿੰਦੀ... ਮੰਮੀ ਦੀ ਮੌਤ ਬਾਅਦ ਉਹ ਇਕੱਲਾਪਣ ਮਹਿਸੂਸ ਕਰਦੇ ਸੀ। ਮੇਰਾ ਫੋਨ ਸੁਣ ਕੇ ਉਨ੍ਹਾਂ ਦੀ ਆਵਾਜ਼ ਵਿਚ ਇਕ ਜੋਸ਼ ਆ ਜਾਂਦਾ। ਮੈਂ ਠੀਕ ਠਾਕ ਪੁਛਦੀ ਤਾਂ ਅਕਸਰ ਇਹੀ ਕਹਿੰਦੇ, "ਜਿਸ ਬਾਪ ਦੀ ਧੀ ਸੌਖੀ ਐ... ਉਹਨੂੰ ਕੀ ਤਕਲੀਫ਼ ਹੋ ਸਕਦੀ ਐ... ਮੈਂ ਬਹੁਤ ਖੁਸ਼ ਹਾਂ... ਠੀਕ ਹਾਂ।"

ਮੈਂ ਕਦੇ ਵੀ ਆਪਣੇ ਤੇ ਹਰੀਸ਼ ਵਿਚਕਾਰ ਮਾੜੀ ਚੰਗੀ ਤਕਰਾਰ ਉਨ੍ਹਾਂ ਨੂੰ ਨਹੀਂ ਦੱਸੀ, ਕਿਉਂਕਿ ਪਾਪਾ ਜੀ ਨੇ ਮੈਨੂੰ ਸਹਿਣਸ਼ੀਲਤਾ ਦਾ ਪਾਠ ਵੀ ਪੜ੍ਹਾ ਕੇ ਤੋਰਿਆ ਸੀ।

ਪਾਪਾ ਜੀ ਨਾਲ ਟੈਲੀਫੋਨ 'ਤੇ ਗੱਲ ਕਰਦਿਆਂ ਸੁਣ ਕੇ ਹਰੀਸ਼ ਅਕਸਰ ਹੀ ਟੋਕ ਦਿੰਦੇ, "ਹਾਲੇ ਤਾਂ ਪਰਸੋਂ ਈ ਗੱਲ ਹੋਈ ਸੀ... ਏਨੀ ਲੰਮੀ ਗੱਲ... ਆਹ ਨਿੱਕੀਆਂ ਨਿੱਕੀਆਂ ਬਾਤਾਂ ਕੀ ਪਾਉਂਦੀ ਰਹਿੰਦੀ ਐ, ਟੈਲੀਫੋਨ 'ਤੇ?"

ਇਕ ਦਿਨ ਤਾਂ ਹੱਦ ਹੀ ਹੋ ਗਈ। ਮੈਨੂੰ ਪਾਪਾ ਜੀ ਨਾਲ ਟੈਲੀਫੋਨ 'ਤੇ ਗੱਲ ਕਰਦਿਆਂ ਖਿਝ ਗਏ। "ਟੈਲੀਫੋਨ ਸੋਚ ਸਮਝ ਕੇ ਕਰਿਆ ਕਰ... ਬਿਲ ਤੇਰੇ ਪਾਪਾ ਜੀ ਨੇ ਨਹੀਂ ਭਰਨਾ... ਜਦੋਂ ਵੇਖੋ ਟੈਲੀਫੋਨ ਨਾਲ ਚਿੰਬੜੀ ਰਹਿੰਦੀ ਐ।"

ਹਰੀਸ਼ ਦੀ ਗੱਲ ਮੇਰੇ ਕਲੇਜੇ ਦੇ ਆਰ-ਪਾਰ ਹੋ ਗਈ। ਉਸ ਦਿਨ ਮੈਂ ਪਹਿਲੀ ਵਾਰ ਹਰੀਸ਼ ਮੂਹਰੇ ਬੋਲ ਪਈ, "ਜੇ ਤੁਸੀਂ ਮੇਰੀ ਤਨਖਾਹ ਨਾ ਫੜ੍ਹੋ ਤਾਂ ਬਿਲ ਮੈਂ ਭਰ ਦਿਆਂ ਕਰਾਂ... ਏਨਾ ਤਾਂ ਮੇਰੇ ਪਾਪਾ ਜੀ ਨੇ ਮੈਨੂੰ ਸਟੈਂਡ ਕਰ ਕੇ ਵਿਆਹਿਆ ਐ।" ਹਰੀਸ਼ ਸੁਣ ਕੇ ਲੋਹਾ-ਲਾਖਾ ਹੋ ਕੇ ਬੋਲਿਆ, "ਤਨਖਾਹ ਫੇਰ ਆਪਣੇ ਪਾਪਾ ਨੂੰ ਮਨੀਆਰਡਰ ਕਰਾ ਦਿਆ ਕਰ... ਸਮਝ ਲਵਾਂਗਾ, ਤੂੰ ਆਪਣੇ ਪਾਪਾ ਦੀ 'ਮਨੀ ਬੈਕ ਪਾਲਿਸੀ' ਐ।

"ਉਹ ਮੇਰੇ ਪੈਸੇ ਕਿਉਂ ਰੱਖਣਗੇ... ਉਨ੍ਹਾਂ ਤਾਂ ਸਣੇ ਵਿਆਜ਼ ਤੁਹਾਨੂੰ ਮੂਲਧਨ ਵੀ ਦਿੱਤਾ ਐ।" ਮੈਂ ਕਹਿ ਕੇ ਉੱਚੀ ਉੱਚੀ ਰੋ ਪਈ। ਕਈ ਦਿਨ ਪਾਪਾ ਜੀ ਨੂੰ ਫੋਨ ਵੀ ਨਾ ਕੀਤਾ।

ਪਾਪਾ ਜੀ ਦਾ ਫੋਨ ਆ ਗਿਆ।

"ਮੇਰੇ ਛਿੰਦੇ ਪੁੱਤ ਦਾ ਕੀ ਹਾਲ ਐ... ਠੀਕ-ਠਾਕ ਐਂ... ਖੁਸ਼ ਐਂ ਨਾ?"

"ਹਾਂ ਜੀ ਪਾਪਾ... ਤੁਸੀਂ ਸੁਣਾਓ, ਸਭ ਠੀਕ ਐ?"

ਮੈਂ ਸੁਸਤ ਜਿਹਾ ਜਵਾਬ ਦਿੱਤਾ। ਪਰ ਮੇਰੀ ਆਵਾਜ਼ ਤੋਂ ਹੀ ਕੋਹਾਂ ਦੂਰ



ਬੈਠੇ ਪਾਪਾ ਜੀ ਨੂੰ ਮੇਰੇ ਦਿਲ ਦੀ ਉਦਾਸੀ ਦਾ ਪਤਾ ਲੱਗ ਗਈ।

"ਤੂੰ ਕਿਵੇਂ ਬੋਲਦਾਂ ਐਂ....? ਤਬੀਅਤ ਤਾਂ ਠੀਕ ਐ? ...ਹਰੀਸ਼ ਦਾ ਕੀ ਹਾਲ ਐ?"

"ਨਹੀਂ... ਨਹੀਂ, ਐਸੀ ਕੋਈ ਗੱਲ ਨਹੀਂ... ਬਸ ਹਰੀਸ਼ ਨਾਲ ਮਾੜੀ ਮੋਟੀ ਜਿਹੀ ਤਕਰਾਰ ਹੋ ਗਈ... ਪਤਾ ਨਹੀਂ ਉਸਨੂੰ ਐਨਾ ਗੁੱਸਾ ਕਿਉਂ ਆਉਂਦਾ ਹੈ?" ਮੈਂ ਨਾ ਚਾਹੁੰਦੀ ਹੋਈ ਵੀ ਏਨਾ ਕੁ ਦੱਸ ਬੈਠੀ।

"ਨਹੀਂ ਪੁੱਤ... ਇੰਝ ਉਦਾਸ ਨਹੀਂ ਹੋਈਦਾ ...ਮਾੜੀ ਮੋਟੀ ਗੱਲ ਤਾਂ ਘਰ 'ਚ ਹੁੰਦੀ ਰਹਿੰਦੀ ਐ। ਤੂੰ ਐਵੇਂ ਚਿੱਤ 'ਤੇ ਨਾ ਲਾਇਆ ਕਰ।" ਪਾਪਾ ਜੀ ਨੇ ਮਾੜੀ ਮੋਟੀ ਗੱਲ ਕਹਿ ਕੇ ਮੈਨੂੰ ਹੌਂਸਲਾ ਦਿੱਤਾ।

"ਪਾਪਾ ਜੀ ਤੁਸੀਂ ਕਦੇ ਗੱਲਾਂ-ਗੱਲਾਂ ਵਿਚ ਹੀ ਹਰੀਸ਼ ਨੂੰ ਸਮਝਾ ਦੇਣਾ... ਹਰਖ ਕੇ ਨਾ ਬੋਲਿਆ ਕਰੇ।"

ਮੈਂ ਪਾਪਾ ਜੀ ਨੂੰ ਸ਼ਿਕਾਇਤ ਲਾ ਕੇ ਹੌਲੀ ਹੋ ਗਈ। ਪਰ ਪਾਪਾ ਜੀ ਨੇ ਜੁਆਬ ਦਿੱਤਾ, "ਤੂੰ ਛਿੰਦਿਆਂ ਖੁਸ਼ ਰਿਹਾ ਕਰ, ਐਡਜਸਟ ਕਰਨਾ ਸਿੱਖੋ... ਪੁੱਤਰ, ਅਸੀਂ ਹਰੀਸ਼ ਨੂੰ ਕਿਵੇਂ ਕੁਝ ਕਹਿ ਸਕਦੇ ਆਂ... ਉਸਨੂੰ ਨਰਾਜ਼ ਤਾਂ ਨਹੀਂ ਕਰਨਾ... ਨਿੱਕੀ ਮੋਟੀ ਗੱਲ ਸਿਰ ਤੋਂ ਟਪਾ ਦਿਆ ਕਰ।"

ਉਸ ਦਿਨ ਮੈਨੂੰ ਆਪਣੇ ਪਾਪਾ ਜੀ 'ਤੇ ਵੀ ਬਹੁਤ ਗੁੱਸਾ ਆਇਆ। ਹਰੀਸ਼ ਭਾਵੇਂ ਮੈਨੂੰ ਕੁਝ ਮਰਜ਼ੀ ਕਹਿ ਦੇਵੇ... ਪਰ ਉਨ੍ਹਾਂ ਆਪਣਾ ਜਵਾਈ ਨਰਾਜ਼ ਨਹੀਂ ਕਰਨਾ... ਸ਼ਾਇਦ ਉਨ੍ਹਾਂ ਦੀ ਇਸ ਗੱਲ ਵਿਚ ਵੀ ਮੇਰੀ ਹੀ ਭਲਾਈ ਸੀ।

***

ਕਾਰ ਹਸਪਤਾਲ ਮੂਹਰੇ ਰੁਕ ਗਈ। ਅਨੂਪ ਬਾਹਰ ਹੀ ਖਲੋਤਾ ਸੀ। ਉਸਨੂੰ ਵੇਖਦਿਆਂ ਹੀ ਮੇਰੇ ਅੰਦਰਲਾ ਤੂਫ਼ਾਨ ਹਟਕੋਰੇ ਤੇ ਹੰਝੂਆਂ ਨਾਲ ਬਾਹਰ ਵਗ ਪਿਆ। ਅਨੂਪ ਵੀ ਨਿੱਕੇ ਬੱਚੇ ਵਾਂਗ ਮੈਨੂੰ ਜੱਫ਼ੀ ਪਾ ਕੇ ਰੋ ਪਿਆ।

ਮੈਂ ਪਾਪਾ ਜੀ ਦੇ ਕਮਰੇ ਅੰਦਰ ਪਹੁੰਚ ਗਈ। ਦੋਵੇਂ ਬਾਹਾਂ ਪਸਾਰ ਕੇ 'ਜੀ ਆਇਆਂ' ਕਹਿਣ ਵਾਲੇ ਪਾਪਾ ਜੀ ਅੱਜ ਚੁੱਪ ਸਨ... ਬੈੱਡ ਉੱਤੇ ਲੇਟੇ ਹੋਏ... ਨਾ ਕੋਈ ਅਹਿਸਾਸ... ਨਾ ਹਰਕਤ... ਨਾ ਹੀ ਛਿੰਦੇ ਪੁੱਤ ਦੇ ਆਉਣ ਦਾ ਪਤਾ।

ਮੈਂ ਲੰਮਾ ਸਾਰਾ ਹਓਕਾ ਭਰ ਕੇ ਉਨ੍ਹਾਂ ਦੇ ਨੇੜੇ ਹੋ ਗਈ। ਚਿਹਰਾ ਬਿਲਕੁਲ ਸਫ਼ੈਦ... ਬੰਦ ਅੱਖਾਂ... ਛਾਤੀ 'ਤੇ ਖਿੱਲਰੀ ਚਿੱਟੀ ਦਾੜ੍ਹੀ... ਸੂਈਆਂ ਨਾਲ ਵਿੰਨ੍ਹੀਆਂ ਬਾਹਵਾਂ।

ਮੈਂ ਵਾਰੀ-ਵਾਰੀ ਹੱਥ ਚੁੰਮਦੀ... ਮੂੰਹ 'ਤੇ ਹੱਥ ਫੇਰਦੀ... ਪਾਪਾ ਜੀ ਦਾ ਪੈਰ ਹਿਲਾ ਹਿਲਾ ਵੇਖਦੀ...। "ਪਾਪਾ ਉੱਠੋ... ਵੇਖੋ ਤੁਹਾਡਾ ਛਿੰਦਾ ਪੁੱਤ ਆ ਗਿਆ।" ਪਾਪਾ ਨਹੀਂ ਸੁਣ ਰਹੇ ਉਹ ਤਾਂ 'ਕੋਮਾ' ਵਿਚ ਸਨ।

ਮੇਰੇ ਹੰਝੂ ਉਨ੍ਹਾਂ ਦੇ ਮੂੰਹ 'ਤੇ ਡਿਗਦੇ ਰਹੇ... ਉਹ ਫੇਰ ਵੀ ਨਾ ਹਿਲੇ... ਉਹ ਮੈਨੂੰ ਰੋਂਦਾ ਵੇਖ ਹੀ ਨਹੀਂ ਸਕਦੇ... ਫੇਰ ਅੱਜ ਕਿਉਂ ਨ੍ਹੀਂ ਹੱਥ ਚੁੱਕ ਕੇ ਮੇਰੇ ਹੰਝੂ ਪੂੰਝਦੇ।

✲✲✲

ਸੀ. ਟੀ. ਸਕੈਨ ਹੋ ਗਿਆ। ਡਾਕਟਰ ਨੇ ਰਿਪੋਰਟ ਦੇ ਦਿੱਤੀ... ਇਨ੍ਹਾਂ ਦਾ ਬਰੈਨ ਡੈੱਡ ਹੋ ਗਿਆ... ਸੇਵਾ ਕਰ ਲਓ... ਐਸੇ ਮਰੀਜ਼ ਦਾ ਕੋਈ ਪਤਾ ਨਹੀਂ... ਕੋਮਾ ਵਿਚ ਮਰੀਜ਼ ਕੁਝ ਦਿਨ ਜਾਂ ਕਈ ਮਹੀਨੇ ਵੀ ਪਿਆ ਰਹਿੰਦਾ ਹੈ... ਮੈਡੀਕਲ ਸਾਇੰਸ ਦੇ ਅਨੁਸਾਰ ਤਾਂ ਇਹ ਡੈੱਡ ਹੀ ਨੇ... ਵਹੇਟ ਐਂਡ ਵਾਚ।

ਮੈਨੂੰ ਲੱਗਿਆ ਜਿਵੇਂ ਮੇਰੇ ਅੰਦਰੋਂ ਕੁਝ ਵਿਸਰਦਾ ਜਾ ਰਿਹਾ ਹੈ। ਮੈਂ ਰੋਂਦੀ ਰਹੀ। ਅਨੂ, ਮੇਰੀ ਭਾਬੀ ਨੇ ਮੈਨੂੰ ਚਾਹ ਫੜਾਈ... ਮੇਰੀਆਂ ਮਿੰਨਤਾਂ ਕੀਤੀਆਂ... ਸੌਂਹਾਂ ਪਾਈਆਂ... ਪਰ ਮੈਥੋਂ ਪੀਤੀ ਨਹੀਂ ਗਈ... ਮੈਂ ਕਿਵੇਂ ਪੀ ਲਵਾਂ। ਮੇਰੇ ਪਾਪਾ ਤਾਂ ਭੁੱਖੇ ਪਿਆਸੇ, ਪਤਾ ਨਹੀਂ ਕਿਹੜੀ ਦੁਨੀਆਂ ਵਿਚ ਗੁੰਮ ਹੁੰਦੇ ਜਾ ਰਹੇ ਸੀ। ਮੈਂ ਲਗਾਤਾਰ ਉਨ੍ਹਾਂ ਦਾ ਚਿਹਰਾ ਤਕਦੀ ਰਹੀ, ਸ਼ਾਇਦ ਅੱਖਾਂ ਹੀ ਝਮਕ ਲੈਣ... ਸ਼ਾਇਦ ਬੁੱਲ ਹੀ ਫ਼ਰਕ ਪੈਣ... ਹੋ ਸਕਦੈ ਅੱਖਾਂ ਖੋਲ੍ਹ ਕੇ ਆਖ ਦੇਣ... 'ਆ ਗਿਆ, ...ਮੇਰਾ 'ਛਿੰਦਾ ਪੁੱਤ'।

ਡਾਕਟਰ ਨੇ ਦਵਾਈਆਂ ਦੀ ਪਰਚੀ ਮੈਨੂੰ ਲਿਖ ਕੇ ਦਿੱਤੀ... ਮੈਂ ਦੁਕਾਨ ਤੋਂ ਦਵਾਈਆਂ ਲੈਣ ਵਾਸਤੇ ਤੁਰ ਪਈ... ਮੈਂ ਸੋਚਿਆ ਕਿ ਮੈਂ ਦਵਾਈ ਆਪ ਹੀ ਲੈ ਆਵਾਂਗੀ... ਇਸ ਬਹਾਨੇ ਅਨੂਪ ਦੀ ਵੀ ਮਦਦ ਹੋ ਜਾਊ। ਪਰ ਹਰੀਸ਼ ਨੇ ਪਰਚੀ ਫੜ ਕੇ ਅਨੂਪ ਨੂੰ ਦੇ ਦਿੱਤੀ। ਅਨੂਪ ਦਵਾਈ ਲੈਣ ਚਲਾ ਗਿਆ।

ਹਰੀਸ਼ ਤਾਂ ਕਦੇ ਵੀ ਨਹੀਂ ਚਾਹੇਗਾ ਕਿ ਮੈਂ ਆਪਣੇ ਮੌਤ ਨਾਲ ਲੜ ਰਹੇ ਪਾਪਾ 'ਤੇ ਚਾਰ ਪੈਸੇ ਵੀ ਲਾਵਾਂ... ਏਨੀ ਮੇਰੀ ਕਿਸਮਤ ਕਿੱਥੇ... ਇਹੀ ਤਾਂ ਫ਼ਰਕ ਸੀ ਮੇਰੇ ਤੇ ਅਨੂਪ ਵਿਚ... ਕਹਿਣ ਨੂੰ ਤਾਂ ਮੈਂ ਪਾਪਾ ਜੀ ਦਾ ਛਿੰਦਾ ਪੁੱਤ ਸੀ... ਪਰ ਡੋਰ ਕਿਸੇ ਬਿਗਾਨੇ ਹੱਥ।

ਰਾਤ ਹੋ ਗਈ... ਹਰੀਸ਼ ਤੇ ਅਨੂ ਘਰ ਜਾ ਰਹੇ ਸਨ... ਮੈਂ ਅਨੂਪ ਨਾਲ ਹਸਪਤਾਲ ਵਿਚ ਹੀ ਰਹਿਣਾ ਚਾਹੁੰਦੀ ਸੀ।

ਅਨੂਪ ਨਾਲ ਵਾਲੇ ਖਾਲੀ ਬੈੱਡ 'ਤੇ ਲੇਟ ਗਿਆ, ਪਰ ਮੈਂ ਪਾਪਾ ਜੀ ਕੋਲ ਬੈਠੀ ਰਹੀ... ਮੈਂ ਡਰ ਰਹੀ ਸੀ... ਕਿਤੇ ਮੇਰੇ ਪਾਪਾ ਨੇ ਆਖ਼ਰੀ ਸਫ਼ਰ ਦੀ ਤਿਆਰੀ ਤਾਂ ਨਹੀਂ ਕਰ ਲਈ... ਕਿਤੇ ਇਹੀ ਨਾ ਉਡੀਕਦੇ ਹੋਣ, ਕਦੋਂ ਉਨ੍ਹਾਂ ਦਾ ਛਿੰਦਾ ਪੁੱਤ ਅੱਖਾਂ ਬੰਦ ਕਰੇ ਤਾਂ ਜੋ ਉਹ ਚੁੱਪ-ਚਪੀਤੇ ਹੀ ਮੈਨੂੰ ਸਦਾ ਲਈ ਛੱਡ ਜਾਣ।

ਮੇਰੇ ਕੋਲੋਂ ਪਲ-ਪਲ ਕੁਝ ਖੁਸਦਾ ਜਾ ਰਿਹਾ ਸੀ... ਸਮਾਂ ਵੀ ਰੇਤ ਵਾਂਗ ਮੁੱਠੀ ਵਿਚੋਂ ਹੌਲੀ ਹੌਲੀ ਤਿਲਕ ਰਿਹਾ ਸੀ... ਮੈਂ ਇਸ ਰੂਹ ਨੂੰ ਰੱਜ ਕੇ ਤਕਣਾ ਚਾਹੁੰਦੀ ਸੀ... ਮਾਪੇ ਤਾਂ ਰੁੱਤ-ਰੁੱਤ ਦਾ ਮੇਵਾ ਨੇ... ਮੁੜ ਨਹੀਓਂ ਲੱਭਣੇ... ਫੇਰ ਤਾਂ ਮੈਂ ਰਾਜੇ ਬਾਬਲ ਦੇ ਦਰਸ਼ਨਾਂ ਨੂੰ ਸਾਰੀ ਉਮਰ ਤਰਸਦੀ ਮਰ ਜਾਵਾਂਗੀ।

ਮੇਰੇ ਅੰਦਰ ਵਿਰਲਾਪ ਦੀ ਹੂਕ ਨਿਕਲੀ ਪਰ ਮੈਂ ਮੂੰਹ ਵਿਚ ਹੀ ਦੱਬ ਕੇ ਕਮਰੇ ਵਿਚੋਂ ਬਾਹਰ ਭੱਜ ਗਈ।

ਹਸਪਤਾਲ ਦੇ ਬਾਹਰ ਬੈਂਚ 'ਤੇ ਬੈਠ ਉੱਚੀ ਉੱਚੀ ਰੱਜ ਕੇ ਰੋਈ।



ਕਾਲੀ ਰਾਤ... ਤੇਜ਼ ਸ਼ੂਕਦੀ ਹਵਾ... ਮੇਰੇ ਸਾਹਮਣੇ ਦਰਖ਼ਤ ਦੇ ਇਕ ਪੀਲੇ ਜ਼ਰਦ ਪੱਤੇ ਨੂੰ ਤੋੜ ਕੇ ਨਾਲ ਉਡਾਅ ਲੈ ਜਾਣ ਪੁਰਜ਼ੋਰ ਕੋਸ਼ਿਸ਼ ਕਰ ਰਹੀ ਸੀ, ਪਰ ਰੁੱਖ ਵੀ ਜਿਵੇਂ ਆਪਣੀ ਜਿੰਦ-ਜਾਨ ਲਾ ਕੇ ਜ਼ਰਦ ਪੱਤੇ ਨੂੰ ਆਪਣੇ ਤੋਂ ਜੁਦਾ ਨਹੀਂ ਹੋਣ ਦੇਣਾ ਚਾਹੁੰਦਾ ਸੀ... ਇਕ ਨਿੱਕੇ ਬੂਟੇ ਨੂੰ ਏਸ ਪੱਤੇ ਨੇ ਕਦੀ ਆਪਣੀ ਕਚੂਰ ਜਵਾਨੀ ਵਿਚ ਭੋਜਨ ਦੇ ਕੇ ਰੁੱਖ ਬਣਾਇਆ ਸੀ।

ਰੁੱਖ ਤੇ ਹਵਾ ਦੀ ਲੜਾਈ ਜਾਰੀ ਸੀ... ਪਰ ਮੈਂ ਪਾਪਾ ਜੀ ਕੋਲ ਜਾਣਾ ਸੀ... ਮੈਂ ਫਟਾ ਫਟ ਅੰਦਰ ਆ ਗਈ... ਪਾਪਾ ਖਾਮੋਸ਼, ਉਸੇ ਤਰ੍ਹਾਂ ਸ਼ਾਂਤ ਲੇਟੇ ਹੋਏ ਸਨ... ਮੈਨੂੰ ਲੱਗਿਆ ਜਿਵੇਂ ਸਾਨੂੰ ਛੱਡ ਗਏ... ਮੈਂ ਡਰ ਗਈ... ਆਪਣਾ ਸਿਰ ਉਨ੍ਹਾਂ ਦੀ ਛਾਤੀ 'ਤੇ ਰੱਖ ਦਿੱਤਾ... ਧੜਕਣ ਸੁਣ ਗਈ... ਮੈਨੂੰ ਸਾਹ ਪੈ ਗਿਆ... ਕਿੰਨੀ ਦੇਰ ਮੈਂ ਪਾਪਾ ਜੀ ਦੇ ਸੀਨੇ ਨਾਲ ਲੱਗੀ, ਜ਼ਿੰਦਗੀ ਤੇ ਮੌਤ ਵਿਚਕਾਰ ਲੜਾਈ ਸੁਣਦੀ ਰਹੀ।

✲✲✲

"ਦੀਦੀ... ਮੈਂ ਚਾਹ ਲੈ ਕੇ ਆਉਣਾ।" ਅਨੂਪ ਜਾਗ ਗਿਆ।

"ਅਨੂਪ.... ਮੇਰੀ ਗੱਲ ਸੁਣ... ਆਹ ਰੱਖ ਲੈ... ਪਲੀਜ਼ ਨਾਂਹ ਨਾ ਕਰੀਂ।"

ਮੈਂ ਆਪਣੇ ਪਰਸ ਵਿਚੋਂ ਕੁਝ ਪੈਸੇ ਕੱਢ ਕੇ ਅਨੂਪ ਨੂੰ ਫੜ੍ਹਾਉਣ ਦੀ ਕੋਸ਼ਿਸ਼ ਕੀਤੀ।

"ਦੀਦੀ, ਇਹ ਕੀ? ...ਮੈਂ ਨਹੀਂ ਲੈ ਸਕਦਾ ...ਮੇਰੇ ਕੋਲ ਹੈਗੇ ਨੇ ...ਤੁਸੀਂ ਕਿਉਂ ਫ਼ਿਕਰ ਕਰਦੇ ਓ।"

"ਅਨੂਪ, ...ਮੇਰੇ ਵੀਰ ...ਰੱਬ ਕਰੇ ਤੇਰੇ ਕੋਲ ਬਹੁਤੇ ਸਾਰੇ ਹੋਣ ...ਪਰ ਮੇਰਾ ਜੀਅ ਕਰਦੈ ...ਮੈਂ ਵੀ ਪਾਪਾ ਜੀ ਦੀ ਸੇਵਾ ਦਾ ਹੱਕ ਰੱਖਦੀ ਹਾਂ ...ਮੈਨੂੰ ਵੀ ਤੇਰੇ ਵਾਂਗ ਹੀ ਪਾਲਿਆ ਐ ...ਮੈਂ ਤਾਂ ਉਨ੍ਹਾਂ ਦਾ ਛਿੰਦਾ ਪੁੱਤ ...ਜੇ ਮੈਂ...।"

ਮੈਂ ਅਗਾਂਹ ਨਹੀਂ ਬੋਲ ਸਕੀ। ਮੇਰਾ ਗੱਚ ਭਰ ਆਇਆ ਸੀ।

"ਦੀਦੀ ਨਹੀਂ, ...ਪਾਪਾ ਜੀ ਕੀ ਕਹਿਣਗੇ ...ਕੁੜੀ ਦੇ ਘਰ ਦੇ ਪੈਸੇ ...ਮੈਂ ਇਹ ਪਾਪ ਨਹੀਂ ਕਰ ਸਕਦਾ।"

ਅਨੂਪ ਨੇ ਪੈਸੇ ਮੁੜ ਮੇਰੇ ਪਰਸ ਵਿਚ ਪਾ ਦਿੱਤੇ।

ਦੁਪਹਿਰ ਹੋ ਗਈ। ਇਹ ਵਕਤ ਕਿਉਂ ਮੈਨੂੰ ਕਾਲਾ ਬੋਲਾ ਵਕਤ ਲੱਗ ਰਿਹਾ ਐ? ...ਬਾਹਰ ਸ਼ੂਕਦੀ ਹਵਾ ਅਤੇ ਰੁੱਖ ਦੀ ਲੜਾਈ ਜਾਰੀ ਸੀ... ਤੇ ਅੰਦਰ ਪਾਪਾ ਜੀ ਦੀ ਕਦੇ ਨਾ ਟੁੱਟਣ ਵਾਲੀ ਗਹਿਰੀ ਬੇਹੋਸ਼ੀ ...ਮੈਂ ਪਾਪਾ ਜੀ ਦੇ ਨਾਲ ਪਲ਼-ਪਲ਼ ਜਿਉਂ, ਮਰ ਰਹੀ ਸੀ।

"ਅਨੂਪ ਫੇਰ ਅਸੀਂ ਹੁਣ ਚਲੇ ਜਾਈਏ, ...ਕੋਈ ਐਮਰਜੈਂਸੀ ਹੋਈ ਤਾਂ ਫੋਨ ਕਰ ਦੇਈਂ... ਮੇਰੇ ਬੈਂਕ ਦਾ ਕੰਮ ਬਹੁਤ ਪੈਂਡਿੰਗ ਪਿਆ ਹੈ... ਇਕੱਤੀ ਮਾਰਚ ਵੀ ਨੇੜੇ ਐ... ਤੇਰੀ ਦੀਦੀ ਨੂੰ ਐਡਹਾਕ 'ਤੇ ਹੋਣ ਕਰਕੇ ਬਹੁਤੀ ਛੁੱਟੀ ਨਹੀਂ ਮਿਲ ਸਕਦੀ...। ਹਰੀਸ਼ ਨੇ ਵਜ੍ਹਾ ਦੱਸ ਕੇ ਜਾਣ ਦਾ ਹੁਕਮ ਸੁਣਾ ਦਿੱਤਾ।

"ਠੀਕ ਹੈ... ਤੁਸੀਂ ਚਲੇ ਜਾਓ... ਕੋਈ ਲੋੜ ਪਈ ਤਾਂ ਫੋਨ ਕਰ ਦਿਆਂਗਾ।" ਅਨੂਪ ਨੇ ਇਹ ਕਹਿ ਕੇ ਹਰੀਸ਼ ਦੇ ਹੁਕਮ ਦੀ ਤਾਮੀਲ ਕਰ ਲਈ ਸੀ।

"ਨਹੀਂ ਜੇ ਤੂੰ ਕਹਿੰਦਾ ਐ ਤਾਂ ਰੁਕ ਜਾਂਦੇ ਆਂ... ਪਰ ਇਸ ਕੰਡੀਸ਼ਨ ਵਿਚ ਪਾਪਾ ਜੀ ਦਾ ਕੀ ਪਤਾ ਐ... ਕਿੰਨੀ ਦੇਰ...।" ਹਰੀਸ਼ ਦੋਗਲੀ ਜਿਹੀ ਗੱਲ ਕਰਕੇ ਪਾਸੇ ਹੋ ਗਿਆ। ਮੇਰੀਆਂ ਆਂਦਰਾਂ ਜਿਵੇਂ ਕਿਸੇ ਨੇ ਖਿੱਚ ਕੇ ਜਿਸਮ ਵਿਚੋਂ ਬਾਹਰ ਧਰੂਹ ਲਈਆਂ ਹੋਣ।

ਜੇ ਮੈਂ ਚਲੀ ਗਈ... ਜੇ ਮੇਰੇ ਪਾਪਾ ਜੀ ਨੂੰ ਕੁਝ ਹੋ ਗਿਆ ...ਕਿਤੇ ਮੈਥੋਂ ਚੋਰੀਓਂ ਈ ਨਾ ਚਲੇ ਜਾਣ... ਰੱਬਾ ਇੰਝ ਨਾ ਕਰੀਂ।

ਮੈਂ ਤਾਂ ਹਰ ਪਲ ਆਪਣੇ ਪਾਪਾ ਜੀ ਕੋਲ ਰਹਿਣਾ ਚਾਹੁੰਦੀ ਆਂ... ਕਦੇ ਤਾਂ ਅੱਖਾਂ ਖੋਲ੍ਹਣਗੇ ...ਜੇ ਮੈਂ ਸਾਹਮਣੇ ਨਾ ਹੋਈ... ਜੇ ਮੈਂ ਨਾ ਅੱਪੜ ਸਕੀ...।

"ਦੀਦੀ... ਤੁਸੀਂ ਟਾਈਮ 'ਤੇ ਹੀ ਚਲੇ ਜਾਓ... ਤੁਹਾਡਾ ਸਫ਼ਰ ਵੀ ਲੰਮਾ ਐ।" ਅਨੂ ਨੇ ਮੈਨੂੰ ਪਾਪਾ ਜੀ ਤੋਂ ਵੱਖ ਕਰਕੇ ਮੇਰੀਆਂ ਅੱਖਾਂ ਪੂੰਝਦਿਆਂ ਕਿਹਾ।

ਪਾਪਾ ਜੀ... ਰੱਬ ਦਾ ਵਾਸਤਾ... ਇਕ ਵਾਰੀ ਆਖੋ... ਛਿੰਦੇ ਪੁੱਤ ਨਾ ਜਾਹ

ਪਰ ਪਾਪਾ ਇਹ ਨਹੀਂ ਕਹਿਣਗੇ... ਉਹ ਕਦੇ ਵੀ ਹਰੀਸ਼ ਦੇ ਹੁਕਮ ਨੂੰ ਟਾਲ ਕੇ ਉਸਨੂੰ ਨਾਰਾਜ਼ ਨਹੀਂ ਕਰਨਗੇ... ਆਪ ਭਾਵੇਂ ਕਿੰਨੀ ਵੀ ਤਕਲੀਫ਼ ਸਹਿ ਲੈਣ।

ਮੈਂ ਫੇਰ ਪਾਪਾ ਜੀ ਦੇ ਪੈਰਾਂ ਨਾਲ਼ ਚੁੰਬੜ ਗਈ... ਜਿਵੇਂ ਮੈਂ ਬਚਪਨ ਵਿਚ ਉਨ੍ਹਾਂ ਨਾਲ ਬਾਹਰ ਜਾਣ ਦੀ ਜਿੱਦ ਕਰਦੀ... ਤੇ ਉਨ੍ਹਾਂ ਦੀਆਂ ਲੱਤਾਂ ਨਾਲ ਚੁੰਬੜ ਜਾਂਦੀ।

"ਦੀਦੀ ਤੁਸੀਂ ਦਿਲ ਧਰੋ... ਬੇਫ਼ਿਕਰ ਹੋ ਕੇ ਆਪਣੇ ਘਰ ਜਾਓ.... ਅਸੀਂ ਹੈਗੇ ਆਂ... ਪਾਪਾ ਜੀ ਦਾ ਪੂਰਾ ਖਿਆਲ ਰੱਖਾਂਗੇ...।" ਅਨੂ ਨੇ ਮੈਨੂੰ ਫੇਰ ਆਖਿਆ।

ਮੈਂ ਉੱਠ ਕੇ ਕਦਮ ਬਾਹਰ ਵੱਲ ਪੁੱਟ ਲਏ... ਫੇਰ ਭੌਂਅ ਕੇ ਇਕ ਵਾਰ ਪਾਪਾ ਜੀ ਦਾ ਚਿਹਰਾ ਤੱਕਿਆ... ਅੰਦਰੋਂ ਇਕ ਨਿਖੜਣ ਦਾ ਦਰਦ ਕੁਰਲਾ ਪਿਆ... ਰੋਂਦੀ ਰੋਂਦੀ ਮੈਂ ਕਾਰ ਵਿਚ ਬੈਠ ਗਈ.

ਹਰੀਸ਼ ਨੇ ਮੇਰੇ ਵਾਲੀ ਬਾਰੀ ਬੰਦ ਕਰ ਦਿੱਤੀ। ਜਿਵੇਂ ਇਕ ਜਲਾਵਤਨ ਸ਼ਹਿਜ਼ਾਦੀ ਨੂੰ ਕੋਈ ਕੈਦ ਕਰ ਕੇ ਲਿਜਾ ਰਿਹਾ ਹੋਵੇ।

ਬਾਹਰ ਹਾਲੇ ਵੀ ਤੇਜ਼ ਹਵਾ, ਜ਼ਰਦ ਪੀਲੇ ਪੱਤੇ ਨੂੰ ਨਾਲ ਉਡਾ ਕੇ ਲੈ ਜਾਣ ਵਾਸਤੇ ਦਰੱਖ਼ਤ ਨਾਲ ਖਹਿ ਰਹੀ ਸੀ।

ਕਾਰ ਮੁੜ ਉਸੇ ਸੜਕ 'ਤੇ ਦੌੜ ਪਈ... ਮੈਂ ਆਪਣੇ ਪਾਪਾ ਜੀ ਤੋਂ ਦੂਰ ਹੋਰ ਦੂਰ ਹੁੰਦੀ ਜਾ ਰਹੀ ਸੀ... ਆਪਣੇ ਘਰ ਦੇ ਹੋਰ ਨੇੜੇ... ਹੋਰ ਨੇੜੇ ਪਹੁੰਚ ਰਹੀ ਸੀ।



## ਸ਼ੱਕਰਪਾਰੇ

ਵੱਡੀ ਸਰਦਾਰਨੀ ਦੀ ਮਰਗ ਦੇ ਭੋਗ ਵਾਲੇ ਦਿਨ, ਜਿਵੇਂ ਹਵੇਲੀ ਮੂਹਰੇ ਕਾਰਾਂ, ਜੀਪਾਂ ਦਾ ਹੜ੍ਹ ਆ ਗਿਆ ਸੀ। ਦੂਰੋਂ ਨੇੜਿਓਂ, ਅਨੇਕਾਂ ਕਹਿੰਦੇ ਕਹਾਉਂਦੇ ਤਕੜੇ ਸਰਦਾਰ, ਉੱਚੇ ਅਹੁਦਿਆਂ ਦੇ ਮਾਲਕ ਅਤੇ ਪਿੰਡ ਦੇ ਲੋਕਾਂ ਦਾ ਵੱਡਾ ਇਕੱਠ ਸੀ। ਹਰ ਕੋਈ ਆਪੋ ਆਪਣੀਆਂ ਗੱਲ੍ਹਾਂ 'ਚ ਮਸ਼ਰੂਫ਼। ਕੋਈ ਰਾਜਨੀਤੀ ਦੀ ਗੱਲ ਕਰਦਾ। ਕੋਈ ਜਮੀਨਾਂ ਤੇ ਫ਼ਸਲਾਂ ਦੀ। ਕੋਈ ਬਾਹਰਲੇ ਮੁਲਕਾਂ ਦੀ। ਹੋਰ ਤਾਂ ਹੋਰ ਸਰਦਾਰਨੀ ਦੀ ਇਕੋਂ ਇਕ ਨੂੰਹ 'ਚੰਨ ਬੀਬੀ' ਵੀ ਤੀਵੀਆਂ ਦੇ ਵਿਚਾਲੇ ਬੈਠੀ ਟੁਣਕਾਂ-ਟੁਣਕਾਂ ਗੱਲਾਂ ਕਰ ਰਹੀ ਸੀ। ਵੱਡੀ ਸਰਦਾਰਨੀ ਦਾ ਮਰਨਾ ਤਾਂ ਕਿਸੇ ਨੂੰ ਚੇਤੇ ਈ ਨਹੀਂ। ਦਿਲੋਂ ਸਰਦਾਰਨੀ ਦੀ ਵਿਛੜੀ ਰੂਹ ਨੂੰ ਜੇ ਕੋਈ ਵਿਲਕਦਾ ਸੀ, ਤਾਂ ਉਹ ਸੀ ਮਾੜੂ। ਏਸ ਹਵੇਲੀ ਦਾ ਗੂੰਗਾ ਨੌਕਰ। ਮਾੜੂ ਨੇ ਆਪਣੀ ਸੁਰਤ ਏਸੇ ਹਵੇਲੀ ਵਿਚ ਸੰਭਾਲੀ ਸੀ। ਤਿੰਨਾਂ ਸਾਲ ਦੇ ਨੂੰ ਛੱਡ ਕੇ ਮਾਂ ਮਰ ਗਈ, ਤੇ ਜਦੋਂ ਪੰਜਾਂ ਸਾਲਾਂ ਦਾ ਹੋਇਆ ਤਾਂ ਪਿਓ ਮਰ ਗਿਆ। ਮਾੜੂ ਦੇ ਪਿਓ ਨਾਥੀ ਨੇ ਸਾਰੀ ਉਮਰ ਏਸ ਹਵੇਲੀ ਦੀ ਜੀ-ਜਾਨ ਨਾਲ ਸੇਵਾ ਕੀਤੀ। ਸਰਦਾਰਾਂ ਦੇ ਹੁਕਮ ਨੂੰ ਸਿਰ ਮੱਥੇ ਰੱਖਿਆ। ਤਪਦਿਕ ਨਾਲ ਮਰਨ ਤੋਂ ਪਹਿਲਾਂ ਨਾਥੀ ਨੇ ਸਰਦਾਰਨੀ ਨੂੰ ਮਾੜੂ ਦੀ ਬਾਂਹ ਫੜ ਕੇ ਕਿਹਾ ਸੀ, "ਬੀਬੀ ਜੀ, ਤੁਸੀਓ ਏਹਦੇ ਮਾਈ ਬਾਪ ਓ, ਤੁਹਾਡੀ ਉਮਰ ਭਰ ਸੇਵਾ ਕਰੂੰਗਾ... ਇਹ ਤਾਂ ਬੋਲ ਕੇ ਦੱਸਣ ਜੋਗਾ ਵੀ ਨਹੀਂ... ਪਰ ਤੁਸੀਂ ਆਪਣਾ ਹੱਥ ਇਹਦੇ ਸਿਰ ਤੇ ਰੱਖੀਓ।" ਓਸ ਦਿਨ ਤੋਂ ਲੈ ਕੇ ਮਰਨ ਤਕ ਵੱਡੀ ਸਰਦਾਰਨੀ ਨੇ ਮਾੜੂ ਦੇ ਸਿਰ ਤੇ ਮਾਂ ਵਰਗੀ ਛਾਂ ਕੀਤੀ। ਦੁੱਧ, ਮੱਖਣ, ਲੱਸੀ ਜੋ ਘਰ ਵਿਚ ਬਣਦਾ, ਸਭ ਤੋਂ ਪਹਿਲਾਂ ਓਹ ਮਾੜੂ ਨੂੰ ਵਾਜ ਮਾਰ ਕੇ ਦਿੰਦੀ, ਨਾਲੇ ਡਾਹਢਾ ਤਰਸ ਕਰਦੀ, "ਏਸ ਵਚਾਰੇ ਨੇ ਕਿਹੜਾ ਮੂੰਹੋਂ ਬੋਲ ਕੇ ਮੰਗਣੈ।"

ਵੱਡੀ ਸਰਦਾਰਨੀ ਦਾ ਇਕੋ ਪੁੱਤ ਕਾਕਾ ਅਜੈ ਪਾਲ, ਸਰਦਾਰ ਦੇ ਮਰਨ ਤੋਂ ਬਾਅਦ ਬਹੁਤ ਆਪ ਹੁਦਰਾ ਤੇ ਵੱਡੀ ਸਰਦਾਰਨੀ ਦੇ ਆਖੇ ਤੋਂ ਬਾਹਰ ਸੀ। ਅੰਦਰਲੇ ਬਾਹਰਲੇ ਕੰਮ ਮਾੜੂ ਹੀ ਕਰਦਾ ਭਾਵੇਂ ਹਾਲੇ ਨਿਆਣਾ ਸੀ, ਅੰਦਰਲੇ ਕਮਰਿਆਂ ਦੀਆਂ ਅਲਮਾਰੀਆਂ ਤੋਂ ਲੈ ਕੇ ਘਰ ਦੀ ਕੁੰਜੀਆਂ ਤਕ ਮਾੜੂ ਹੀ ਸਾਂਭਦਾ, ਰੱਖਦਾ। ਜੇ ਹਵੇਲੀ ਵਿਚ ਮਾੜੂ ਨਾ ਦਿੱਸੇ ਤਾਂ ਭੂਚਾਲ ਆ ਜਾਂਦਾ। ਕਿਸੇ ਨੂੰ ਕੋਈ ਚੀਜ਼ ਵੀ ਨਾ ਲੱਭਦੀ। ਵੱਡੀ ਸਰਦਾਰਨੀ ਜਿਸ ਦਿਨ ਪੂਰੀ ਹੋਈ, ਮਾੜੂ ਤਾਰੋ ਦੇ ਗਲ ਲੱਗ ਕੇ ਬਹੁਤ ਰੋਇਆ। ਬੁੜੀ ਤਾਰੋ ਤੇ ਉਹਦੀ ਨੂੰਹ ਮੱਘੋ ਹਵੇਲੀ ਦੀ

ਰਸੋਈ ਸਾਂਭਦੀਆਂ ਸਨ। ਉਹ ਚੰਗੀ ਤਰ੍ਹਾਂ ਮਾੜੂ ਦੇ ਦੁੱਖ ਨੂੰ ਸਮਝਦੀ ਸੀ। ਤਾਰੋ ਨੇ ਕਿਹਾ ਸੀ, "ਜੇ ਘਾਟਾ ਪਿਆ ਐ ਤਾਂ ਕਾਕਾ ਤੈਨੂੰ... ਘਰ ਦੇ ਜੀਆਂ ਨੂੰ ਤਾਂ ਬੁੜੀ ਮਰੀ ਦਾ ਦੁੱਖ ਈ ਨਹੀਂ... ਪਰ ਤੂੰ ਤਾਂ ਜਿਵੇਂ ਮਾਂ ਵਾਹਰਾ ਹੋ ਗਿਆ।" ਤਾਰੋ ਜਾਣਦੀ ਸੀ, ਹੁਣ ਚੰਨ ਬੀਬੀ ਮਾੜੂ ਨਾਲ ਭਲੀ ਨੀ ਗੁਜਾਰਦੀ। ਪਿਛਲੇ ਵਰ੍ਹੇ ਜਦੋਂ ਕਾਕਾ ਅਜੈ ਪਾਲ ਚੰਨ ਬੀਬੀ ਨੂੰ ਵਿਆਹ ਕੇ ਲਿਆਇਆ ਸੀ, ਉਸ ਦਿਨ ਤੋਂ ਮਾੜੂ ਦੇ ਅੰਦਰਲੇ ਕਮਰਿਆਂ ਵਿਚ ਜਾਣ ਤੇ ਪਾਬੰਦੀ ਲੱਗ ਗਈ। ਬਹੁਤਾ ਤਾਂ ਓਹ ਬਾਹਰਲੇ ਕੰਮ ਈ ਸਾਂਭਦਾ। ਵੱਡੀ ਸਰਦਾਰਨੀ ਸਭ ਕੁਝ ਸਮਝਦੀ ਸੀ। ਓਹ ਤਾਂ ਮਾੜੂ ਦੀਆਂ ਅੱਖਾਂ ਵੇਖ ਕੇ ਸਭ ਕੁਝ ਬੁਝ ਲੈਂਦੀ। ਮਾੜੂ ਨੂੰ ਪਿਛਲੇ ਵਰ੍ਹੇ ਕਾਕਾ ਅਜੈ ਪਾਲ ਦੇ ਵਿਆਹ ਵਾਲੀ ਗੱਲ ਚੇਤੇ ਆ ਗਈ। ਜਦੋਂ ਚੰਨ ਬੀਬੀ ਦੀ ਡੋਲੀ ਹਵੇਲੀ ਆਈ ਤਾਂ ਉਹ ਅੱਡੀਆਂ ਉਤਾਂਹ ਚੁੱਕ ਚੁੱਕ ਛੋਟੀ ਸਰਦਾਰਨੀ ਨੂੰ ਵੇਖਣਾ ਚਾਹੁੰਦਾ ਸੀ। ਪਰ ਜਦੋਂ ਉਸਨੇ ਛੋਟੀ ਸਰਦਾਰਨੀ ਨੂੰ ਤੱਕਿਆ ਤਾਂ ਅਹਿੱਲ ਰਹਿ ਗਿਆ। ਐਨੀ ਸੋਹਣੀ ਐ ਸਾਡੀ ਛੋਟੀ ਸਰਦਾਰਨੀ, ਨਿਰੀ ਸੰਗਮਰਮਰ ਦੀ ਮੂਰਤ, ਦਰਮਿਆਨਾ ਕੱਦ ਤੇ ਗੁੰਦਮੇ ਸਰੀਰ ਵਾਲੀ। ਮੱਖਣ ਦੇ ਪੇੜੇ ਵਰਗੀ ਚਿੱਟੀ। ਵਾਲ ਲੰਮੇ ਤੇ ਭੂਰੇ, ਜਿਵੇਂ ਸੂਰਜ ਦੀਆਂ ਰਿਸ਼ਮਾਂ ਹੋਣ। ਫੀਨ੍ਹੇ ਜਿਹੇ ਨੱਕ ਵਿਚ ਪਾਈ ਹੀਰੇ ਦੀ ਤੀਲੀ ਦੀ ਲਿਸ਼ਕੌਰ ਮਾੜੂ ਨੂੰ ਹਾਲੇ ਵੀ ਯਾਦ ਸੀ। ਅਜੈ ਪਾਲ ਨੇ ਚੰਨ ਬੀਬੀ ਨੂੰ ਦੱਸਿਆ ਸੀ, "ਇਹ ਸਾਡਾ ਮਾੜੂ ਐ, ਘਰ ਦਾ ਮੈਂਬਰ ਈ ਐ, ਗੂੰਗਾ ਐ ਵਿਚਾਰਾ... ਪਰ ਹੈ ਗੁਣਾਂ ਦੀ ਗੁਥਲੀ।" ਆਪਣੀ ਤਾਰੀਫ਼ ਸੁਣ ਕੇ ਮਾੜੂ ਖੁਸ਼ ਹੋ ਕੇ ਚੰਨ ਬੀਬੀ ਮੂਹਰੇ ਹੋ ਗਿਆ। ਆਪਣੀ ਛੋਟੀ ਸਰਦਾਰਨੀ ਨੂੰ ਹੱਥ ਜੋੜ ਕੇ ਬੋਲਿਆ, "ਆ... ਆ... ਬਾ...!" ਅਜੈ ਪਾਲ ਨੇ ਕਿਹਾ, "ਸਰਦਾਰਨੀ ਜੀ, ਤੁਹਾਨੂੰ ਸਤਿ ਸ਼੍ਰੀ ਅਕਾਲ ਬੁਲਾਉਂਦੈ।" ਚੰਨ ਬੀਬੀ ਨੇ ਮੋਟੀਆਂ ਮੋਟੀਆਂ ਬਿਲੌਰੀ ਅੱਖਾਂ ਉਤਾਂਹ ਚੁੱਕ ਕੇ ਮਾੜੂ ਨੂੰ ਜਦੋਂ ਤੱਕਿਆ ਤਾਂ ਉਹ ਭੈ ਜਿਹਾ ਖਾ ਗਿਆ। ਰਾਤ ਤਕ ਸੋਚਦਾ ਰਿਹਾ, ਅਜਿਹਾ ਕੀ ਸੀ ਚੰਨ ਬੀਬੀ ਦੀ ਨਜ਼ਰ ਵਿਚ। ਸ਼ਾਇਦ ਵੱਡੀ ਸਰਦਾਰਨੀ ਵਰਗੀ ਮਮਤਾ ਤੇ ਸਿਦਕ ਦੀ ਘਾਟ ਸੀ।

ਜਦੋਂ ਮਾੜੂ ਅਗਲੇ ਦਿਨ ਅਗਵਾੜ ਵਿਚ ਭਾਜੀ ਵੰਡਣ ਗਿਆ, ਤਾਂ ਖੂਹ ਤੇ ਬੈਠੀ ਮੁੰਡਿਆਂ ਦੀ ਟੋਲੀ ਵਿਚੋਂ ਜੈਲੇ ਨੇ ਹਾਕ ਮਾਰ ਲਈ, "ਓਏ... ਐਧਰ ਵੀ ਦੇ ਜਾ ਚਾਰ ਕੁ ਲੱਡੂ... ਜਲੇਬੀਆਂ।"

ਤਾਰੋ ਨੇ ਪਰਾਂਤ ਸਿਰੋਂ ਲਾਹ ਕੇ ਭਾਜੀ ਦਾ ਬਾਟਾ ਭਰ ਕੇ ਫੜ੍ਹਾ ਦਿੱਤਾ, "ਜਾਹ, ਦੇ ਆ, ਮੁੰਡੇ-ਖੁੰਡੇ ਖਾ ਲੈਣਗੇ।"

ਜੈਲੇ ਨੇ ਕੁੜਤੇ ਦੀ ਝੋਲੀ ਅੱਡਦਿਆਂ ਮਾੜੂ ਨੂੰ ਆਖਿਆ, "ਕਿਵੇ ਐਂ ਬਾਈ... ਆਂਹਦੇ ਨੇ ਤੇਰੀ ਛੋਟੀ ਸਰਦਾਰਨੀ ਬਲਾਂ ਸੋਹਣੀ ਐ।"

"ਆ... ਆ... ਬਾ... ਆ!" ਮਾੜੂ ਨੇ ਖੁਸ਼ ਹੋ ਕੇ 'ਹਾਂ' ਵਿਚ ਸਿਰ ਹਿਲਾ ਦਿੱਤਾ।

"ਔਏ, ...ਕੇਹੇ ਜੀ ਐ...? ...ਪਰ ਪਤੰਦਰਾ, ਤੈਂ ਕਿਹੜਾ ਬੋਲ ਕੇ ਦੱਸਣੈ।"



ਬਿੰਦਰ ਨੇ ਕਿਹਾ। ਮਾੜੂ ਸੋਚੀਂ ਪੈ ਗਿਆ। ਉਹਨੇ ਜੈਲੇ ਦੀ ਝੋਲੀ ਪਈ ਭਾਜੀ ਵਿਚੋਂ ਮੋਟਾ ਸਾਰਾ ਖੰਡ ਦਾ ਸ਼ਕਰਪਾਰਾ ਚੁੱਕ ਲਿਆ, ਤਲੀ ਦੇ ਧਰ ਕੇ ਸੈਨਤ ਮਾਰੀ, "ਆ... ਆ... ਆ...!"

"ਅੱਛਾ, ਸ਼ਕਰਪਾਰੇ ਵਰਗੀ ਐ... ਅਸ਼ਕੇ ਬਈ ਤੇਰੇ... ਸੈਨਤ ਨਾਲ ਈ ਸਾਰਾ ਨਕਸ਼ਾ ਸਮਝਾ ਦਿੱਤਾ।" ਜੈਲੇ ਦੀ ਝੇੜ ਤੇ ਸਾਰੇ ਮੁੰਡੇ ਹੱਸ ਪਏ।

ਵਿਆਹ ਤੋਂ ਚਾਰ ਕੁ ਦਿਨ ਪਿੱਛੋਂ ਮਾੜੂ ਕਪੜਿਆਂ ਦੀਆਂ ਤੈਹਾਂ ਮਾਰ ਕੇ ਚੰਨ ਬੀਬੀ ਦੇ ਕਮਰੇ ਵਿਚ ਗਿਆ ਤਾਂ ਉਹ ਸ਼ੀਸ਼ੇ ਮੂਹਰੇ ਸੁਨਹਿਰੀ ਵਾਲ ਖਿਲਾਰੀ ਬੈਠੀ ਸੀ। ਉਸਨੇ ਬਿਲੌਰੀ ਅੱਖਾਂ ਨਾਲ ਮਾੜੂ ਨੂੰ ਸ਼ੀਸੇ ਵਿਚ ਦੀ ਤੱਕਿਆ। ਮਾੜੂ ਡਰ ਗਿਆ ਫਟਾਫਟ ਬਾਹਰ ਆ ਗਿਆ। ਆਥਣੇ ਤਾਂ ਉਸਨੇ ਆਪਣੇ ਕੰਨੀ ਚੰਨ ਬੀਬੀ ਦੀ ਗੱਲ ਸੁਣ ਲਈ। ਉਹ ਅਜੈਪਾਲ ਨੂੰ ਕਹਿ ਰਹੀ ਸੀ, "ਆਹ ਬੀਂਬੜ ਜਿਹਾ ਗੂੰਗਾ, ਕਿੱਥੋਂ ਲਿਆਂਦਾ ਐ... ਕਿੱਡਾ ਕਸੋਵਲਾ ਐ... ਇਹਨੂੰ ਮੇਰੇ ਮੱਥੇ ਨਾ ਲਾਇਆ ਕਰੋ...। ਤਾਰੋ ਨੂੰ ਆਖੋ, ਜੋ ਚੀਜ਼, ਵਸਤ ਫੜਾਉਣੀ ਐ ਤਾਂ ਮੱਘੋਂ ਨੂੰ ਘੱਲਿਆ ਕਰੇ।" ਚੰਨ ਬੀਬੀ ਦੀ ਏਸ ਗੱਲ ਨੇ ਮਾੜੂ ਦੇ ਕੋਮਲ ਮਨ ਤੇ ਜਿਵੇਂ ਝਰੀਟਾਂ ਮਾਰ ਦਿੱਤੀਆਂ ਹੋਣ। ਓਹ ਆਪਣੇ ਚੁਬਾਰੇ ਵਿਚ ਪਿਆ ਸਾਰੀ ਰਾਤ ਰੋਂਦਾ ਰਿਹਾ। ਆਪਣੀ ਸ਼ਕਲ ਨੂੰ ਸ਼ੀਸ਼ੇ ਵਿਚ ਵੇਂਹਦਾ ਰਿਹਾ। ਬਹੁਤਾ ਪੱਕਾ ਰੰਗ, ਦੰਦ ਵੀ ਬੁੱਟਾਂ ਤੋਂ ਉਤਾਂਹ... ਚੰਨ ਬੀਬੀ ਸੱਚੀਓਂ ਆਂਹਦੀ ਐ... ਕਿੱਡਾ ਕਸੋਵਲਾ ਐਂ। ਹੁਣ ਤਾਂ ਓਹ ਚੰਨ ਬੀਬੀ ਮੂਹਰੇ ਵੀ ਨਾ ਜਾਂਦਾ। ਦੂਰੋਂ ਲੰਘਦੀ-ਟੱਪਦੀ ਨੂੰ ਓਹਲੇ ਹੋ ਕੇ ਵੇਂਹਦਾ। ਓਹਦੇ ਵੰਨ ਸੁਵੰਨੇ ਕੱਪੜੇ, ਉੱਚੀਆਂ ਰੇਸ਼ਮੀ ਕਮੀਜ਼ਾਂ, ਭਾਰੀਆਂ ਸਲਵਾਰਾਂ ਤੇ ਗੋਟੇ ਕਿਨਾਰੀਆਂ ਵਾਲੀਆਂ ਰੇਸ਼ਮੀ ਚੁੰਨੀਆਂ। ਪੈਰੀਂ ਜ਼ਰੀਦਾਰ ਜੁੱਤੀ ਪਾ ਕੇ ਓਹ ਸੁਬਕ-ਸੁਬਕ ਪੈਰ ਧਰਦੀ ਤਾਂ ਮਾੜੂ ਨੂੰ ਜੈਲੇ ਦੀ ਸ਼ਕਰਪਾਰੇ ਵਾਲੀ ਗੱਲ ਚੇਤੇ ਆ ਜਾਂਦੀ, ਓਹ ਆਪ ਮੁਹਾਰਾ ਹੱਸ ਪੈਂਦਾ।

ਸਰਦਾਰਨੀ ਦੇ ਸੁਵਰਗਵਾਸ ਹੋਣ ਮਗਰੋਂ ਅਜੈ ਪਾਲ ਦੇ ਲੱਛਣ ਹੋਰ ਵੀ ਮਾੜੇ ਹੋ ਗਏ। ਦਿਨ ਰਾਤ ਸ਼ਰਾਬ ਪੀਂਦਾ। ਸਰਦਾਰਾਂ ਦੇ ਕਾਕਿਆਂ ਨਾਲ ਬੰਦੂਕ ਲੈ ਕੇ ਸ਼ਿਕਾਰ ਖੇਡਣ ਜਾਂਦਾ। ਅੱਧੀ ਰਾਤ ਨੂੰ ਘਰੇ ਵੜਦਾ। ਕਦੇ ਕਦੇ ਕਈ ਦਿਨਾਂ ਮਗਰੋਂ ਆਉਂਦਾ। ਚੰਨ ਬੀਬੀ ਬਹੁਤਾ ਸਮਾਂ ਆਪਣੀਆਂ ਸਹੇਲੀਆਂ ਸਾਥਣਾਂ ਨਾਲ ਕਾਰਾਂ ਤੇ ਚੜ੍ਹੀ ਸੈਰ ਸਪਾਟੇ ਤੇ ਰਹਿੰਦੀ।

ਤਾਰੋਂ ਦੱਸਦੀ ਸੀ, "ਚੰਨ ਬੀਬੀ ਨੂੰ ਤਾਂ ਵਰਜਣ ਵਾਲਾ ਕੋਈ ਨੀ। ਮਾਂ-ਪਿਓ ਹੈ ਨੀ। ਇਕੋ ਭਰਾ ਐ ਉਹ ਵੀ ਅਮਰੀਕਾ ਰਹਿੰਦਾ ਐ... ਕੋਈ ਸਿਆਣਾ ਹੋਵੇ ਤਾਂ ਸੌ ਮੱਤ ਦੇਵੇ।"

ਮਾੜੂ ਨੇ ਸੈਨਤ ਨਾਲ ਤਾਰੋ ਨੂੰ ਪੁੱਛਿਆ ਸੀ। "ਚੰਨ ਬੀਬੀ ਹੁਣ ਐਡਾ ਵੱਡਾ ਘੁੰਡ ਜਿਹਾ ਕੱਢ ਕੇ ਕਿਉਂ ਕਮਰਿਓਂ ਬਾਹਰ ਆਉਂਦੀ ਐ?"

"ਜਵਾਕ ਹੋਣ ਵਾਲਾ ਐ, ਵਹਿਮਣ ਬਾਹਲੀ ਐ, ਕੋਈ ਤੇਰੇ ਮੇਰੇ ਵਰਗਾ ਮੱਥੇ ਨਾ ਲੱਗ ਜਾਵੇ। ਜਿਵੇਂ ਕੁੱਖ ਦਾ ਜਵਾਕ ਗ੍ਰਹਿਣਿਆ ਜਾਊਗਾ।" ਤਾਰੋ ਨੇ

ਦੱਸਿਆ।

ਚੰਨ ਬੀਬੀ ਦੀ ਕੁੱਖੋਂ ਬੀਬੀ ਅਰਸ਼ਦੀਪ ਪੈਦਾ ਹੋਈ। ਬਹੁਤ ਪਿਆਰੀ, ਚਿੱਟੀ ਚਿੱਟੀ ਪਰੀਆਂ ਵਰਗੀ। ਉਹਦੀ ਦੇਖ ਰੇਖ ਦਾ ਜ਼ੁੰਮਾ ਮੱਘੋ ਦਾ ਸੀ। ਆਪ ਤਾਂ ਚੰਨ ਬੀਬੀ ਬਹੁਤਾ ਬਾਹਰ ਈ ਤੁਰੀ ਰਹਿੰਦੀ। ਮਾਡੂ, ਆ... ਆ... ਆ... ਬਾ... ਦੀਆਂ ਸੈਨਤਾਂ ਨਾਲ ਉਸਨੂੰ ਹਸਾਉਂਦਾ। ਕਦੇ ਤੁਰਨਾ ਸਿਖਾਉਂਦਾ ਤੇ ਕਦੇ ਨਿੱਕੀ-ਨਿੱਕੀ ਬੁਰਕੀ ਉਹਦੇ ਮੂੰਹ 'ਚ ਪਾਉਂਦਾ। ਪਰ ਚੰਨ ਬੀਬੀ ਨੇ ਪੰਜਾਂ ਸਾਲਾਂ ਦੀ ਅਰਸ਼ਦੀਪ ਨੂੰ ਹੋਸਟਲ ਪੜ੍ਹਣ ਪਾ ਦਿੱਤਾ। ਹੁਣ ਤਾਂ ਉਹ ਸਾਲ ਵਿਚ ਇਕ ਦੋ ਵੇਰਾਂ ਆਉਂਦੀ। ਜਿਉਂ ਜਿਉਂ ਉਹ ਵੱਡੀ ਹੁੰਦੀ ਗਈ ਤਾਂ ਸਮਝ ਗਈ ਕਿ ਮੰਮੀ ਨੂੰ ਮਾਡੂ ਤੋਂ ਨਫ਼ਰਤ ਹੈ, ਪਰ ਅਰਸ਼ਦੀਪ ਨੂੰ ਓਹ ਸਭ ਤੋਂ ਚੰਗਾ ਲੱਗਦਾ। ਇਕ ਵਾਰੀ ਰੱਖੜੀ ਤੇ ਆਈ ਸੀ, ਤਾਂ ਉਸ ਨੇ ਚੋਰੀਓਂ ਮਾਡੂ ਤੇ ਗੁੱਟ ਤੇ ਰੱਖੜੀ ਬੰਨ੍ਹ ਦਿੱਤੀ, ਨਾਲੇ ਅੱਖਾਂ ਭਰ ਆਈ। ਮਾਡੂ ਦੀਆਂ ਅੱਖਾਂ ਵਿਚੋਂ ਵੀ ਮੋਹ ਭਰੇ ਅੱਥਰੂ ਡਿੱਗ ਪਏ। ਉਸ ਨੇ ਅਰਸ਼ਦੀਪ ਦੇ ਸਿਰ ਤੇ ਹੱਥ ਰੱਖ ਦਿੱਤਾ। ਉਸ ਦੀ ਰੱਖੜੀ ਨੂੰ ਡੱਬੀ ਵਿਚ ਸਾਂਭ ਕੇ ਰੱਖਿਆ ਸੀ।

ਵੱਡੀ ਸਰਦਾਰਨੀ ਦੇ ਮਗਰੋਂ ਮੋਹ ਦੇ ਰਿਸ਼ਤੇ ਦੀ ਜਿਹੜੀ ਤੰਦ ਟੁਟ ਗਈ ਸੀ, ਅਰਸ਼ਦੀਪ ਦੀ ਰੱਖੜੀ ਸਦਕਾ ਫੇਰ ਜੁੜ ਗਈ। ਹੁਣ ਮਾਡੂ ਨੂੰ ਫੇਰ ਆਪਣੀ ਹੋਂਦ ਦਾ ਅਹਿਸਾਸ ਹੁੰਦਾ। ਇਸ ਹਵੇਲੀ ਦੇ ਨਾਲ ਕਿਸੇ ਨਿੱਘੇ ਰਿਸ਼ਤੇ ਦਾ ਅਹਿਸਾਸ ਫੇਰ ਜਾਗ ਪਿਆ।

ਇਕ ਦਿਨ ਅਜੈ ਪਾਲ ਅੱਧੀ ਰਾਤ ਨੂੰ ਮਿੱਤਰਾਂ ਨਾਲ ਹਵੇਲੀ ਆਇਆ ਤੇ ਬਾਹਰਲੀ ਬੈਠਕ ਵਿਚ ਬੈਠ ਕੇ ਬੋਤਲਾਂ ਖੋਲ੍ਹ ਲਈਆਂ। ਮਾਡੂ ਜਾਣਦਾ ਸੀ, ਕਾਕਾ ਜੀ ਹੁਣ ਬਰਫ਼ ਤੇ ਸੋਡਾ ਮੰਗਣਗੇ, ਮੁਰਗੇ ਛਕਣਗੇ। ਓਹ ਪਹਿਲਾਂ ਹੀ ਸਮਾਨ ਮੇਜ ਤੇ ਰੱਖਣ ਪਹੁੰਚ ਗਿਆ। ਅਜੈ ਪਾਲ ਦੀਆਂ ਅੱਖਾਂ ਦਾਰੂ ਨਾਲ ਪਹਿਲਾਂ ਈ ਸੁਰਖ ਸਨ। ਉਸਦੇ ਹੱਥ ਵਿਚ ਪਸਤੌਲ ਸੀ। ਉਨ੍ਹਾਂ ਵਿਚੋਂ ਇਕ ਭਾਰੇ ਜਿਹੇ ਸਰਦਾਰ ਨੇ ਆਖਿਆ।

"ਬਾਈ ਕਿਉਂ ਇਹਨੂੰ ਪੁੱਠਾ ਸਿੱਧਾ ਕਰੀ ਜਾਣੈ... ਭਰੀ ਪਸਤੌਲ ਐ... ਇਹ ਕੋਈ ਖੇਡ ਨੀ, ਏਸ ਨੂੰ ਪਾਸੇ ਧਰਦੇ।"

ਅਜੈ ਪਾਲ ਨੇ ਮੁੱਛਾਂ ਨੂੰ ਮਰੋੜਾਂ ਦੇ ਕੇ ਆਖਿਆ, "ਬਈ, ..ਇਹ ਤਾਂ ਸਰਦਾਰਾਂ ਦੇ ਕਾਕਿਆਂ ਦਾ ਖਿਡੌਣਾ ਐ... ਪਸਤੌਲ ਹੋਊ ਲੋਕਾਂ ਵਾਸਤੇ।"

ਮਾਡੂ ਨੂੰ ਇਨ੍ਹਾਂ ਚੀਜ਼ਾਂ ਤੋਂ ਬੜਾ ਡਰ ਲਗਦਾ ਸੀ। ਉਹ ਸਮਾਨ ਰੱਖ ਕੇ ਫਟਾਫ਼ਟ ਰਸੋਈ ਵਿਚ ਆ ਗਿਆ। ਏਨੇ ਨੂੰ ਠਾਹ-ਠਾਹ ਦੀਆਂ ਕਈ ਅਵਾਜ਼ਾਂ ਨੇ ਹਵੇਲੀ ਦੀਆਂ ਕੰਧਾਂ ਨੂੰ ਹਿਲਾ ਦਿੱਤਾ। ਚੰਨ ਬੀਬੀ, ਤਾਰੋ ਤੇ ਮੱਘੋ ਚੀਕਾਂ ਮਾਰਦੀਆਂ ਬੈਠਕ ਵੱਲ ਨੂੰ ਭੱਜੀਆਂ, ਮਾਡੂ ਨੇ ਆਪਣੇ ਅੱਖੀ ਅਜੈ ਪਾਲ ਦੇ ਸਰੀਰ ਵਿਚੋਂ ਖ਼ੂਨ ਦੀਆਂ ਤਤੀਰੀਆਂ ਨੂੰ ਵਗਦੀਆਂ ਵੇਖੀਆਂ, ਉਹ ਪੱਥਰ ਬਣ ਗਿਆ। ਅਜੈ ਪਾਲ ਹੱਥੋਂ ਪਿਸਤੌਲ ਆਪਣੇ ਤੇ ਹੀ ਚੱਲ ਗਈ। ਮਿੰਟੋ ਮਿੰਟੀ ਘਰ ਦਾ ਇਕ ਹੋਰ ਜੀ



ਚਲਾਣਾ ਕਰ ਗਿਆ।

ਅਰਸ਼ਦੀਪ ਨੂੰ ਲੈਣ ਲਈ ਕਾਰ ਭੇਜ ਦਿੱਤੀ। ਹਵੇਲੀ ਪਹੁੰਚਣ ਤੇ ਉਹ ਸਭ ਤੋਂ ਪਹਿਲਾਂ ਮਾਡੂ ਦੇ ਗਲ ਲੱਗ ਕੇ ਰੋਈ। ਡਾਹਢਾ ਵਿਰਲਾਪ ਕੀਤਾ... ਮਾਡੂ ਉਸਦੇ ਸਿਰ ਤੇ ਹੱਥ ਰੱਖੀਂ ਚੁੱਪ ਕਰਾਉਂਦਾ ਰਿਹਾ। ਹੁਣ ਹਵੇਲੀ ਦੇ ਸਭ ਰੰਗ ਫਿੱਕੇ ਪੈ ਗਏ ਸਨ।

ਵਰ੍ਹੇ ਲੰਘਦੇ ਗਏ। ਮਾਡੂ ਉਸੇ ਤਰ੍ਹਾਂ ਸਵੇਰ ਤੋਂ ਸ਼ਾਮ ਤਕ ਹਵੇਲੀ ਦੇ ਕੰਮ ਕਾਰ ਕਰਦਾ... ਜਿਵੇਂ ਚਾਬੀ ਭਰ ਕੇ ਛੱਡਿਆ ਹੋਵੇ। ਕਈ ਵਾਰ ਪਿੰਡ ਦੇ ਖ਼ੂਹ ਕੋਲ ਦੀ ਲੰਘਦਾ ਤਾਂ ਹੁਣ ਵੀ ਉਸ ਨੂੰ ਓਹੀ ਸ਼ਕਰਪਾਰੇ ਵਾਲੀ ਗੱਲ ਯਾਦ ਆ ਜਾਂਦੀ... ਤੇ ਉਹ ਫਿੱਕਾ ਜਿਹਾ ਮੁਸਕਰਾ ਪੈਂਦਾ...। ਫੇਰ ਸੋਚਦਾ... ਮਾਡੂਆਂ ਹੁਣ ਤਾਂ ਤੇਰੇ ਵਾਲਾਂ ਨੇ ਵੀ ਚਿੱਟੀ ਰੰਗਤ ਫੜ ਲਈ... ਪਰ ਚੰਨ ਬੀਬੀ ਤਾਂ ਹੁਣ ਵੀ ਸ਼ਕਰਪਾਰੇ ਵਰਗੀ ਐ। ਓਹੀ ਮੜਕ... ਓਹੀ ਬਿਲੌਰੀ ਅੱਖਾਂ ਦਾ ਰੋਹ। ਹਾਲੇ ਵੀ ਰੱਤਾ ਨਹੀਂ ਬਦਲੀ।

ਅਰਸ਼ਦੀਪ ਦਾ ਮਾਮਾ ਅਮਰੀਕਾ ਤੋਂ ਰਿਸ਼ਤਾ ਲੈ ਕੇ ਆਇਆ ਸੀ। ਸੱਤਾਂ ਦਿਨਾਂ ਦੇ ਅੰਦਰ ਅੰਦਰ ਅਰਸ਼ਦੀਪ ਵਿਆਹ ਕਰਵਾ ਕੇ ਹਵੇਲੀ ਵਿਚੋਂ ਵਿਦਾ ਹੋ ਗਈ। ਓਹਦੇ ਜਾਣ ਮਗਰੋਂ ਮਾਡੂ ਕਈ ਵਾਰ ਰੱਖੜੀ ਵਾਲੀ ਡੱਬੀ ਖੋਲ੍ਹ ਲੈਂਦਾ। ...ਰੱਖੜੀ ਦੀਆਂ ਸੁਨਹਿਰੀ ਰੇਸ਼ਮੀ ਕਿਰਨਾਂ ਨੂੰ ਪੋਟਿਆਂ ਨਾਲ ਛੋਂਹਦਾ, ਫੇਰ ਅੱਖਾਂ ਵਿਚੋਂ ਦੋ ਅੱਥਰੂ ਡਿੱਗ ਪੈਂਦੇ! ਹੁਣ ਤਾਂ ਚੰਨ ਬੀਬੀ ਵੀ ਬਾਹਰ ਨਹੀਂ ਜਾਂਦੀ ਸੀ। ...ਬਹੁਤਾ ਚੁੱਪ ਹੀ ਰਹਿੰਦੀ। ...ਕੋਈ ਸਹੇਲੀ ਸਾਥਣ ਵੀ ਕਦੇ ਨੀ ਆਈ... ਨਾ ਰਿਸ਼ਤੇਦਾਰ ਤੇ ਨਾ ਕੋਈ ਮਿੱਤਰ ਘਰੇ ਵੜਦਾ। ਮੱਘੋ ਕਹਿੰਦੀ ਸੀ, "ਇਹ ਤਾਂ ਹੱਸਦੀਆਂ ਖੇਡਦੀਆਂ ਦੇ ਮੇਲੇ ਸੀ... ਜਿਹੜੇ ਵਿੱਛੜ ਗਏ... ਹੁਣ ਤਾਂ ਕਾਂ ਬੋਲਦੇ ਨੇ ਏਥੇ।" ਮਾਡੂ ਤੇ ਮੱਘੋ ਈ ਰਹਿ ਗਏ ਹਵੇਲੀ ਵਿਚ... ਤਾਰੋ ਵੀ ਰੱਬ ਘਰ ਚਲੀ ਗਈ। ਚੰਨ ਬੀਬੀ ਬਹੁਤਾ ਕਮਰੇ ਅੰਦਰ ਵੜੀ ਰਹਿੰਦੀ। ਕੰਮ ਪੈਣ ਤੇ ਮੱਘੋ ਨੂੰ ਹੀ ਵਾਜ ਮਾਰਦੀ। ਹਾਲੇ ਤਕ ਵੀ ਉਸ ਨੇ ਕਦੇ ਮਾਡੂ ਦਾ ਨਾਂਅ ਮੂੰਹੋ ਨਹੀ ਲਿਆ। ਇਕ ਦਿਨ ਪਿੰਡ ਵਿਚ ਦੀ ਲੰਘਦਿਆਂ ਜੈਲਾ ਟੱਕਰ ਗਿਆ। ਮਾਡੂ ਨੂੰ ਸਾਹਮਣੇ ਆਉਂਦਿਆਂ ਵੇਖ ਕੇ, ਖਿੱਚੜੀ ਜਿਹੀ ਦਾੜ੍ਹੀ ਵਿਚੋਂ ਮੁਸਕੜੀਆਂ ਵਿਚ ਹੱਸ ਪਿਆ। "ਕਿਮੇਂ ਐ ਮਾਡੂਆ... ਸ਼ਕਰਪਾਰੇ ਦੀ ਸੁਣਾ ਕੋਈ ਗੱਲ... ਸਾਵਾਂ ਈ ਐ ਹਾਲੇ, ਕੇ ਭੁਰ ਗਿਆ?"

ਮਾਡੂ ਦੀਆਂ ਅੱਖਾਂ ਕਰੋਧ ਨਾਲ ਲਾਲ ਹੋ ਗਈਆਂ, ਉਹ ਘੂਰ ਕੇ ਜੈਲੇ ਵੱਲ ਨੂੰ ਔਹੜ੍ਹਿਆ, "ਆ... ਆ... ਬਾ... ਆ...।" ਜਿਵੇਂ ਜੈਲੇ ਨੂੰ ਗਾਲ੍ਹ ਕੱਢ ਰਿਹਾ ਹੋਵੇ। ਜੈਲੇ ਨੇ ਬਾਹਾਂ ਉਤਾਂਹ ਚੜ੍ਹਾ ਕੇ ਆਖਿਆ, "ਏਧਰ ਹੋ, ਸੋਹਰੀ ਦਾ ਗੂੰਗਾ... ਅੱਖਾਂ ਟੱਡਦੈ... ਡੇਲੇ ਕੱਢ ਕੇ ਤਲੀ ਤੇ ਧਰਦੂੰ।" ਦੁਆਲੇ ਬੈਠੇ ਬੰਦਿਆਂ ਨੇ ਦੋਹਾਂ ਨੂੰ ਫੜ੍ਹ ਕੇ ਪਾਸੇ ਕੀਤਾ। ਮਾਡੂ ਹਾਲੇ ਵੀ ਹਰਖਿਆ ਹੋਇਆ ਜੋਰ ਜੋਰ ਦੀ ਸਾਹ ਲੈ ਰਿਹਾ ਸੀ। ਉੱਚੀ ਉੱਚੀ ਬੋਲਦਾ ਰਿਹਾ, "ਆ... ਆ... ਬਾ... ਆ...

ਆ...” ਮੂੰਹ ਵਿਚੋਂ ਥੁੱਕ ਦੀਆਂ ਲਾਰਾਂ ਡਿੱਗਣ ਲੱਗ ਪਈਆਂ। ਫੇਰ ਹੇਠਾਂ ਬਹਿ ਕੇ ਉਸ ਨੇ ਗੋਡਿਆਂ ਵਿਚ ਸਿਰ ਦੇ ਲਿਆ ਤੇ ਰੋਣ ਲੱਗ ਪਿਆ।

ਪਿੰਡ ਦੀਆਂ ਬੁੜੀਆਂ ਨੇ ਮਾੜੂ ਨੂੰ ਚੁੱਪ ਕਰਾਉਂਦਿਆਂ ਜੈਲੇ ਨੂੰ ਆਖ਼ਿਆ, “ਕਾਹਨੂੰ ਦਰਵੇਸ਼ ਨੂੰ ਤੰਗ ਕਰਦੇ ਓਂ... ਓਹ ਤਾਂ ਪਹਿਲਾਂ ਹੀ ਰੱਬ ਦਾ ਮਾਰਿਐ।” ਮਾੜੂ ਕੁੜਤੇ ਨਾਲ ਅੱਖਾਂ, ਨੱਕ ਪੂੰਝਦਾ ਹੋਇਆ ਹਵੇਲੀ ਪਰਤ ਆਇਆ। ਮੱਘੋ ਭੱਜ ਕੇ ਆ ਗਈ। ਉਸ ਨੇ ਦੱਸਿਆ ਕਿ ਚੰਨ ਬੀਬੀ ਨੂੰ ਅਧਰੰਗ ਦਾ ਦੌਰਾ ਪੈ ਗਿਆ... ਡਾਕਟਰ ਅੰਦਰ ਈ ਬੈਠਾ ਐ... ਕਹਿੰਦਾ ਐ ਦੋਹੇਂ ਲੱਤਾ ਨਕਾਰਾ ਹੋ ਗਈਆਂ। ਮਾੜੂ ਭੱਜ ਕੇ, ਅੱਜ ਬਿਨਾਂ ਡਰੇ ਹੀ ਬੀਬੀ ਦੇ ਕਮਰੇ ਅੰਦਰ ਵੜ ਗਿਆ “ਆ... ਆ... ਬਾ... ਆ... ਆ...” ਹੱਥ ਦੀ ਸੈਨਤ ਨਾਲ ਜਿਵੇਂ ਪੁੱਛਦਾ ਹੋਵੇ, “ਛੋਟੀ ਸਰਦਾਰਨੀ... ਇਹ ਕੀ ਭਾਣਾ ਵਰਤ ਗਿਆ?” ਫੇਰ ਬਾਬੇ ਦੀ ਫੋਟੋ ਅੱਗੇ ਹੱਥ ਜੋੜ ਕੇ ਰੋਣ ਲੱਗ ਪਿਆ ਤੇ ਚੰਨ ਬੀਬੀ ਵੱਲ ਮੂੰਹ ਕਰਕੇ ਕਹਿੰਦਾ, “ਆ... ਆ... ਬਾ... ਬਾ... ਆ...!” ਮੱਘੋ ਸਮਝ ਗਈ ਸੀ ਕਿ ਉਹ ਕਹਿਣਾ ਚਾਹੁੰਦੈ, ਬਾਬਾ ਜੀ, ਸਭ ਠੀਕ ਕਰ ਦੇਣਗੇ। ਚੰਨ ਬੀਬੀ ਮਾੜੂ ਵੱਲ ਬਿਲੌਰੀ ਅੱਖਾਂ ਨਾਲ ਇਕ ਟੱਕ ਵੇਖ ਰਹੀ ਸੀ। ਉਸਦੀਆਂ ਅੱਖਾਂ ਵਿਚੋਂ ਅੱਥਰੂ ਡਿੱਗਦੇ ਰਹੇ ਤੇ ਉਹ ਰੋਂਦੀ ਰਹੀ... ਹਵੇਲੀ ਵੀ ਰੋਂਦੀ ਜਾਪਦੀ... ਜਿਵੇਂ ਸਰਾਪੀ ਗਈ ਹੋਵੇ। ਪਿੰਡ ਵਿਚ ਆਮ ਹੀ ਇਹ ਗੱਲ ਹੁੰਦੀ, ਜਦੋਂ ਦੀ ਇਹ ਚੰਨ ਬੀਬੀ ਆਈ ਐ ਸਰਦਾਰਾਂ ਦਾ ਘਰ ਈ ਮੂਧਾ ਹੋ ਗਿਆ। ...ਵੱਡੀ ਸਰਦਾਰਨੀ ਕਰਮਾਂ ਵਾਲੀ ਸੀ... ਜਦੋਂ ਤਕ ਰਹੀ, ਰਿਜਕ ਰਿਹਾ। ਕੋਈ ਕਹਿੰਦਾ... ਜੋ ਮਾੜੀਆਂ ਛੋਟੀ ਸਰਦਾਰਨੀ ਨੇ ਗੂੰਗੇ ਨਾਲ ਕੀਤੀਆਂ ਸਭ ਓਸ ਦਾ ਸਰਾਪ ਐ।

ਮੱਘੋ ਚੰਨ ਬੀਬੀ ਦੀ ਦੇਖਭਾਲ ਕਰਦੀ। ਮਾੜੂ ਉਸ ਦਾ ਮੰਜਾ ਬਿਸਤਰਾ ਵਿਛਾਉਂਦਾ, ਧੁੱਪੇ-ਛਾਂਵੇ ਕਰਦਾ, ਹਾਲੇ ਵੀ ਆਪਣੇ ਹੱਥੋਂ ਦਵਾ, ਦਾਰੂ ਫੜਾਉਣ ਦਾ ਉਹਦਾ ਹੀਆ ਨਾ ਪੈਂਦਾ। ਚੰਨ ਬੀਬੀ ਤੁਰੇ ਫਿਰਦੇ ਮਾੜੂ ਨੂੰ ਤਕ ਲੈਂਦੀ ਪਰ ਕੰਮ ਕਾਰ ਨੂੰ ਮੱਘੋ ਨੂੰ ਈ ਵਾਜ ਮਾਰਦੀ। ਇਹ ਗੱਲ ਮਾੜੂ ਨੂੰ ਕਈ ਵਾਰੀ ਦੁਖੀ ਕਰ ਜਾਂਦੀ।

ਬੈਠਕ ਵਿਚ ਚੰਨ ਬੀਬੀ ਦਾ ਮੰਜਾ ਸੀ। ਕੋਲ ਵਕੀਲ ਤੇ ਮੁਨੀਮ ਅਤੇ ਹੋਰ ਵੀ ਦੋ ਤਿੰਨ ਬੰਦੇ ਬੈਠੇ ਸਨ। ਮੱਘੋਂ ਨੇ ਪਹਿਲਾਂ ਨਹੀਂ ਵੇਖੇ। ਅਰਸ਼ਦੀਪ ਵੀ ਅਮਰੀਕਾ ਤੋਂ ਆਈ ਹੋਈ ਸੀ। ਉਹ ਕਈ ਦਿਨਾਂ ਤੋਂ ਚੰਨ ਬੀਬੀ ਨੂੰ ਨਾਲ ਲੈ ਕੇ ਜਾਣ ਵਾਸਤੇ ਹਾੜੇ ਕੱਢਦੀ ਰਹੀ ਪਰ ਓਹ ਨਹੀਂ ਮੰਨੀ। ਹੋ ਸਕਦੈ ਸਾਰੇ ਚੰਨ ਬੀਬੀ ਨੂੰ ਅਮਰੀਕਾ ਜਾਣ ਵਾਸਤੇ ਮਨਾਉਂਦੇ ਹੋਣ। ਮੱਘੋ ਚਾਹ ਪਾਣੀ ਧਰਦੀ ਫਿਰਦੀ ਇਹੀ ਸੋਚਦੀ ਰਹੀ।

ਅਰਸ਼ਦੀਪ ਨੇ ਅਮਰੀਕਾ ਜਾਣ ਤੋਂ ਪਹਿਲਾਂ ਮਾੜੂ ਨੂੰ ਚੰਨ ਬੀਬੀ ਦੀ ਸੇਵਾ ਕਰਨ ਲਈ ਹੱਥ ਜੋੜ ਕੇ ਕਿਹਾ ਸੀ, “ਤੇਰੇ ਸਿਰ ਤੇ ਈ ਜੁੰਮਾ ਦੇ ਕੇ ਚਲੀ ਆਂ... ਤੂੰ ਈਂ ਪਹਿਰੇਦਾਰ ਐ ਏਸ ਹਵੇਲੀ ਦਾ... ਮੰਮੀ ਦਾ ਖਿਆਲ ਰੱਖੀਂ... ਮੈਨੂੰ



ਪਤਾ ਐ ਭਾਂਵੇ ਤੇਰੇ ਲਈ ਓਹ ਚੰਗੀ ਨਹੀਂ... ਪਰ ਹੁਣ ਆਪਣੀ ਭੈਣ ਦੇ ਆਖੇ... ਪਿੱਠ ਨਾ ਵਿਖਾਂਈ...।” ਅਰਸ਼ਦੀਪ ਰੋ ਪਈ ਸੀ।

‘ਆ... ਬਾ... ਆ...।” ਮਾੜੂ ਅਰਸ਼ਦੀਪ ਦਾ ਹੱਥ ਫੜ ਕੇ ਸੈਂਨਤ ਨਾਲ ਕਹਿ ਰਿਹਾ ਸੀ, “ਇੰਜ ਨਾ ਕਹਿ, ਇਹ ਤਾਂ ਮੇਰਾ ਫਰਜ਼ ਐ।” ਨਾਲੇ ਅੱਖਾਂ ਪੂੰਝਦਾ ਰਿਹਾ।

ਗਰਮੀਆਂ ਦੀ ਰੁੱਤ ਤੇ ਬੱਦਲਾਂ ਦਾ ਸੇਕ, ਮਾੜੂ ਨੂੰ ਨੀਂਦ ਨੀਂ ਆ ਰਹੀ ਸੀ। ਵਾੜੇ ਵਿਚ ਬੰਨੇ ਕੁੱਤੇ ਉੱਚੀ ਉੱਚੀ ਭੌਂਕਦੇ ਤਾਂ ਮਾੜੂ ਨੂੰ ਹੌਲ ਜਿਹਾ ਪਿਆ। ਕੁੱਤੇ ਕਈ ਚਿਰ ਦੇ ਲਗਾਤਾਰ ਭੌਂਕੀ ਜਾਂਦੇ ਸੀ। ਕੋਈ ਓਪਰਾ ਪਸ਼ੂ ਤਾਂ ਨੀ ਵਾੜੇ ’ਚ ਆ ਗਿਆ। ਇਹ ਸੋਚ ਕੇ ਮਾੜੂ ਚੁਬਾਰੇ ਦੀਆਂ ਪੌੜੀਆਂ ਉੱਤਰ ਆਇਆ। ਕੰਨੀਂ ਆਵਾਜ਼ ਪਈ... ਕੋਈ ਉਹਦਾ ਨਾ ਪੁਕਾਰ ਰਿਹਾ ਸੀ। ਵਿਹੜੇ ਵੱਲ ਨਿਗਾਹ ਮਾਰੀ ਤਾਂ ਚੰਨ ਬੀਬੀ ਮੰਜੇ ਤੇ ਬੈਠੀ ਸੀ। ਕਮਜ਼ੋਰ ਜਿਹੀ ਆਵਾਜ਼ ਨਾਲ ਉਸਨੇ ‘ਮਾੜੂ’ ਆਖਿਆ ਸੀ। ਪਹਿਲੀ ਵਾਰ ਉਸ ਨੇ ਆਪਣਾ ਨਾਂ ਚੰਨ ਬੀਬੀ ਦੇ ਮੂੰਹੋ ਸੁਣਿਆ। ਉਹ ਭੱਜ ਕੇ ਮੰਜੇ ਦੇ ਨੇੜੇ ਆ ਗਿਆ, “ਆ... ਆ... ਬਾ... ਬਾ... ਆ...? ਹੱਥ ਦੀ ਸੈਨਤ ਨਾਲ ਪੁੱਛਿਆ ਸੀ, “ਛੋਟੀ ਸਰਦਾਰਨੀ... ਕੀ ਤਕਲੀਫ਼ ਐ?”

“ਪਾ... ਣੀ... ਦੇ ਦੇ...” ਚੰਨ ਬੀਬੀ ਨੇ ਸੁੱਕੇ ਸੰਘ ਤੇ ਜ਼ੋਰ ਪਾ ਕੇ ਕਿਹਾ। ਮਾੜੂ ਪਾਣੀ ਦਾ ਗਿਲਾਸ ਲੈ ਆਇਆ। ...ਡਰਦਾ ਨੇੜੇ ਹੋ ਕੇ ਕਿਵੇਂ ਫੜਾਵੇ... ਮੱਘੋ ਤਾਂ ਘੂਕ ਸੁੱਤੀ ਪਈ ਸੀ। ਚੰਨ ਬੀਬੀ ਨੇ ਹੱਥ ਨਾਲ ਇਸ਼ਾਰਾ ਕਰਕੇ ਪਾਣੀ ਪਿਲਾਉਣ ਲਈ ਕਿਹਾ। ਮਾੜੂ ਨੇ ਗਿਲਾਸ ਮੂੰਹ ਨੂੰ ਲਾ ਦਿੱਤਾ। ਉਹ ਘੁੱਟਾਂ ਭਰਦੀ ਭਰਦੀ ਮਾੜੂ ਦੇ ਮੂੰਹ ਵੱਲ ਵੇਖਦੀ ਰਹੀ ਨਾਲੇ ਉਸਦੀਆਂ ਅੱਖਾਂ ਦਾ ਪਾਣੀ ਡੁੱਲਣ ਲੱਗਾ।

ਜਿਵੇਂ ਮਾੜੂ ਤੋਂ ਕਿਸੇ ਗੁਨਾਹ ਦੀ ਮਾਫ਼ੀ ਮੰਗਦੀ ਹੋਵੇ। ਫੇਰ ਓਹ ਗਟ ਗਟ ਕਰਕੇ ਸਾਰਾ ਪਾਣੀ ਪੀ ਗਈ। ਜਿਵੇਂ ਵਰ੍ਹਿਆਂ ਦੀ ਪਿਆਸੀ ਸੀ। ਮਾੜੂ ਨੇ ਉਸਦੀ ਪਿੱਠ ਨੂੰ ਸਹਾਰਾ ਦੇ ਕੇ ਲਿਟਾਉਣ ਦੀ ਕੋਸ਼ਿਸ਼ ਕੀਤੀ। ਪਰ ਮਾੜੂ ਦੀਆਂ ਬਾਹਾਂ ਵਿਚ ਹੀ ਉਸਦੀ ਗਰਦਨ ਟੇਢੀ ਹੋ ਗਈ। “ਆ... ਬਾ... ਆ... ਆ...।” ਮਾੜੂ ਨੇ ਉੱਚੀ ਆਵਾਜ਼ ਮਾਰ ਕੇ ਮੱਘੋਂ ਨੂੰ ਜਗਾਇਆ। ਪਰ ਚੰਨ ਬੀਬੀ ਨੇ ਤਾਂ ਮਾੜੂ ਦੀ ਗੋਦੀ ਵਿਚ ਹੀ ਪ੍ਰਾਣ ਦੇ ਦਿੱਤੇ।

ਮਾੜੂ ਦੀਆਂ ਚੀਕਾਂ ਪਿੰਡ ਦੀਆਂ ਗਲੀਆਂ ਤਾਂਈ ਗੂੰਜ ਗਈਆਂ। ਓਹ ਪਾਗਲਾਂ ਵਾਂਗ ਧਰਤੀ ਤੇ ਲਿਟਦਾ ਰਿਹਾ।

ਦਿਨ ਚੜ੍ਹ ਗਿਆ... ਅਰਸ਼ਦੀਪ ਨੂੰ ਫੋਨ ਕਰ ਦਿੱਤਾ। ਓਹ ਨਹੀਂ ਪਹੁੰਚ ਸਕਦੀ ਸੀ। ਉਸਦੇ ਘਰ ਬੱਚਾ ਹੋਣ ਵਾਲਾ ਸੀ। ਏਸ ਮੌਕੇ ਓਹ ਹਸਪਤਾਲ ਦਾਖਲ ਸੀ। ਮੋਈ ਚੰਨ ਬੀਬੀ ਹਵੇਲੀ ਦੇ ਵਿਹੜੇ ’ਚ ਪਾ ਦਿੱਤੀ। ਮਾੜੂ ਪੈਰਾਂ ਵੱਲ ਬੈਠਾ ਬੀਬੀ ਨੂੰ ਤਕਦਾ ਰਿਹਾ। ਕਿੰਨੀ ਕਮਜ਼ੋਰ ਤੇ ਪੀਲੀ... ਬਿਲੌਰੀ ਅੱਖਾਂ ਬੰਦ, ਗੁੰਦਮੀ

ਦੇਹ ਨੂੰ ਜਿਵੇਂ ਘੁਣ ਖਾ ਗਿਆ ਹੋਵੇ। ਮਾੜੂ ਨੂੰ ਜੈਲੇ ਦੀ ਗੱਲ ਫੇਰ ਯਾਦ ਆ ਗਈ। ...ਸ਼ਕਰਪਾਰਾ ਸਾਂਵਾ ਈ ਐ... ਕੇ ਭੁਰ ਗਿਆ...?

ਚੰਨ ਬੀਬੀ ਦੇ ਸਸਕਾਰ ਦਾ ਵੇਲਾ ਹੋ ਗਿਆ। ਵਕੀਲ ਸਾਹਿਬ ਨੇ ਪਹੁੰਚ ਕੇ ਵਸੀਅਤ ਪੜ੍ਹ ਦਿੱਤੀ। ਚੰਨ ਬੀਬੀ ਨੇ ਆਪਣੀ ਸਾਰੀ ਜਾਇਦਾਦ ਮਾੜੂ ਤੇ ਅਰਸ਼ਦੀਪ ਦੇ ਨਾਂਅ ਕਰ ਦਿੱਤੀ ਸੀ। ਉਸਨੇ ਆਪਣੀ ਚਿਖਾ ਨੂੰ ਅੱਗ ਦੇਣ ਦਾ ਹੱਕ ਵੀ ਮਾੜੂ ਦੇ ਨਾਂ ਲਿਖਾ ਦਿੱਤਾ ਸੀ। ਮਾੜੂ ਸੁਣ ਕੇ ਪੰਚਾਇਤ ਅੱਗੇ ਹੱਥ ਜੋੜ ਕੇ ਖੜੋ ਗਿਆ। ਰੋ ਰਿਹਾ ਸੀ। ਮੂੰਹ ਵਿਚੋਂ ਲਾਰਾਂ ਡਿੱਗਦੀਆਂ ਰਹੀਆਂ ਤੇ ਓਹ ਸੈਨਤਾਂ ਮਾਰ ਮਾਰ ਕਹਿੰਦਾ ਰਿਹਾ, "ਮੈਂ ਇੰਨੇ ਜੋਗਾ ਨਹੀਂ... ਮੈਂ ਇਹ ਕੰਮ ਨਹੀਂ ਕਰ ਸਕਦਾ। ਮੈਨੂੰ ਮੁਆਫ਼ ਕਰੋ।" ਪਰ ਇਹ ਫਰਜ਼ ਵੀ ਉਸੇ ਨੇ ਪੂਰਾ ਕੀਤਾ।

ਚੰਨ ਬੀਬੀ ਠੰਡੀ ਭੁੱਬਲ ਬਣ ਗਈ। ਮਾੜੂ ਕੰਬਦੇ ਹੱਥਾਂ ਨਾ ਭੁੱਬਲ ਫਰੋਲ ਰਿਹਾ ਸੀ। ਜਿਵੇਂ ਆਪਣੀ ਛੋਟੀ ਸਰਦਾਰਨੀ ਨੂੰ ਲੱਭ ਰਿਹਾ ਹੋਵੇ। ਹੱਥਾਂ ਨਾਲ ਫੁੱਲ ਚੁੱਗਦਾ ਤੇ ਕੱਚੀ ਲੱਸੀ ਵਾਲੀ ਪਰਾਤ ਵਿਚ ਪਾ ਦਿੰਦਾ। ਉਹਦੀਆਂ ਅੱਖਾਂ ਦੇ ਪਾਣੀ ਵਿਚ ਚੰਨ ਬੀਬੀ ਦਾ ਪ੍ਰਤੀਬਿੰਬ ਹਿਲੋਰੇ ਲੈ ਰਿਹਾ ਸੀ। ਚਿੱਟੇ ਰੇਸ਼ਮੀ ਸੂਟ ਵਿਚ ਇੱਤਰ ਫੁਲੇਲਾਂ ਨਾਲ ਨਹਾਈ ਹੋਈ ਓਹਦੀ ਚੰਨ ਬੀਬੀ। ਚਿੱਟੀ ਚਿੱਟੀ ਨਿਰੀ ਸ਼ਕਰਪਾਰੇ ਵਰਗੀ। ਸੂਰਜ ਦੀ ਲਿਸ਼ਕੋਰ ਪਰਾਂਤ ਤੇ ਪਈ ਤਾਂ ਮਾੜੂ ਤ੍ਰਿਬਕ ਗਿਆ। ਹਿਲਦੀ ਡੁਲਦੀ ਕੱਚੀ ਲੱਸੀ ਅੰਦਰ ਪੈ ਰਹੀਆਂ ਸੂਰਜ ਦੀਆਂ ਕਿਰਨਾਂ ਤੇ ਚੰਨ ਬੀਬੀ ਦੇ ਚਿੱਟੇ ਚਿੱਟੇ ਫੁੱਲ। ਮਾੜੂ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਉਸ ਨੂੰ ਲੱਗ ਰਿਹਾ ਸੀ ਜਿਵੇਂ ਪਰਾਂਤ ਵਿਚ ਨਿਰੇ ਸ਼ਕਰਪਾਰੇ ਖਿਲ੍ਹਰੇ ਪਏ ਹੋਣ...



## ਹੈ ਕੋਈ ਦਲੀਲ...

ਦਸੰਬਰ ਦਾ ਮਹੀਨਾ ਸੀ। ਮੈਨੂੰ ਬਹੁਤ ਜਰੂਰੀ ਕੰਮ ਦਿੱਲੀ ਤੋਂ ਬਠਿੰਡਾ ਜਾਣਾ ਪਿਆ। ਗੱਡੀ ਵਿਚ ਭੀੜ ਹੋਣ ਦੇ ਬਾਵਜੂਦ ਮੈਨੂੰ ਠੀਕ ਸੀਟ ਮਿਲ ਗਈ। ਮੇਰੇ ਨਾਲ ਦੀ ਸੀਟ 'ਤੇ ਸੱਠ ਕੁ ਸਾਲਾਂ ਦੀ ਔਰਤ ਨੇ ਆਪਣਾ ਸਮਾਨ ਠੀਕ ਕਰਕੇ ਮੈਨੂੰ ਹੋਰ ਵੀ ਥਾਂ ਦੇਣ ਦੀ ਕੋਸ਼ਿਸ਼ ਕੀਤੀ। ਹਾਲੇ ਤਕ ਇਸ ਡੱਬੇ ਵਿਚ ਅਸੀਂ ਦੋ ਹੀ ਜਨਾਨਾ ਸਵਾਰੀਆਂ ਸੀ। ਆਪਣਾ ਬੈਗ ਸੀਟ ਹੇਠਾਂ ਕਰਕੇ ਮੈਂ ਡੱਬੇ ਵਿਚ ਹੋਰ ਸਵਾਰੀਆਂ ਦਾ ਜਾਇਜ਼ਾ ਲੈਣ ਲੱਗ ਪਈ। ਮੇਰੇ ਬਿਲਕੁਲ ਸਾਹਮਣੇ ਇਕ ਚਾਲੀ ਕੁ ਵਰ੍ਹਿਆਂ ਦਾ ਜੈਂਟਲਮੈਨ ਬੈਠਾ ਸੀ। ਜਿਹੜਾ ਸਿਗਰਟ ਲਾਈ ਬਾਹਰ ਦੀ ਭੀੜ ਵੱਲ ਤਕ ਰਿਹਾ ਸੀ। ਜਿਵੇਂ ਕੁਝ ਲੱਭ ਰਿਹਾ ਹੋਵੇ। ਉਸਦੇ ਨਾਲ ਹੀ ਦੋ ਨੌਜਵਾਨ ਲੜਕੇ ਬੈਠੇ ਸਨ, ਸ਼ਾਇਦ ਕਾਲਜ ਵਿਚ ਪੜ੍ਹਦੇ ਸੀ, ਕਿਉਂਕਿ ਉਹ ਆਪਣੇ ਵਾਰਤਾਲਾਪ ਵਿਚ ਕਈ ਵਾਰੀ 'ਆਪਣੇ ਕਾਲਜ' ਲਫ਼ਜ਼ਾਂ ਨੂੰ ਦੁਹਰਾ ਰਹੇ ਸਨ। ਮੇਰੀ ਸੀਟ ਦੇ ਅਖੀਰ ਤੇ ਇਕ ਸਾਂਵਲੇ ਜਿਹੇ ਰੰਗ ਦੀ ਨੌਜਵਾਨ ਔਰਤ ਆ ਕੇ ਬੈਠ ਗਈ। ਉਸਦੀ ਕੁੱਛੜ ਤਿੰਨ-ਚਾਰ ਮਹੀਨੇ ਦਾ ਬੱਚਾ ਸੀ। ਉਹ ਵਾਰ-ਵਾਰ ਬੱਚੇ ਨੂੰ ਕੰਬਲੀ ਵਿਚ ਲਪੇਟ ਕੇ ਕੜਾਕੇ ਦੀ ਠੰਡ ਤੋਂ ਬਚਾਉਣ ਦਾ ਯਤਨ ਕਰ ਰਹੀ ਸੀ।

ਗੱਡੀ ਨੇ ਆਪਣਾ ਇਸ਼ਾਰਾ ਦੇ ਦਿੱਤਾ ਤੇ ਹੌਲੀ-ਹੌਲੀ ਆਪਣੀ ਰਫ਼ਤਾਰ ਫੜ੍ਹ ਲਈ। ਡੱਬੇ ਵਿਚ ਇਕ ਚੁੱਪ ਛਾ ਗਈ। ਗੱਡੀ ਸਟੇਸ਼ਨ ਛੱਡ ਚੁੱਕੀ ਸੀ। ਨਾਲ ਬੈਠੀ ਮਾਤਾ ਨੇ ਐਨਕ ਖਿਸਕਾ ਕੇ ਮੈਨੂੰ ਹਲੂਣਿਆ, "ਤੁਸੀਂ ਕਿੱਧਰ ਜਾਣੈ...?"

"ਜੀ ਬਠਿੰਡਾ"।

"...ਅੱਛਾ... ਬਠਿੰਡਾ ਰਹਿੰਦੇ ਹੋ...?" ਮਾਤਾ ਨੇ ਫੇਰ ਗੱਲਾਂ ਦਾ ਸਿਲਸਿਲਾ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ।

"ਨਹੀਂ! ਮੇਰੀ ਰਿਸ਼ਤੇਦਾਰੀ ਹੈ।" ਉਸਨੂੰ ਬਿਨਾਂ ਤੱਕਿਆਂ ਸੰਖੇਪ ਉੱਤਰ ਦਿੱਤਾ। ਮੈਂ ਕਿਸੇ ਅਜਨਬੀ ਨਾਲ ਬਹੁਤਾ ਵਾਰਤਾਲਾਪ ਨਹੀਂ ਕਰਨਾ ਚਾਹੁੰਦੀ ਸੀ। ਥੋੜ੍ਹੇ ਸਮੇਂ ਪਿੱਛੋਂ ਮਾਤਾ ਫੇਰ ਸ਼ੁਰੂ ਹੋ ਗਈ। "ਮੈਂ ਵੀ ਬਠਿੰਡੇ ਈ ਜਾਣੈ। ਮੇਰੀ ਧੀ ਦੇ ਘਰ ਪਹਿਲਾਂ ਈ ਦੋ ਕੁੜੀਆਂ ਨੇ। ਇਕ ਹੋਰ ਜੰਮ ਪਈ।"... ਉਸਦਾ ਗਲਾ ਭਰ ਗਿਆ ਤੇ ਬੁੜੀਆਂ ਅੱਖਾਂ ਦੇ ਕੋਏ ਗਿੱਲੇ ਹੋ ਗਏ। "ਜਮਾਈ ਮੇਰਾ, ਤਲਾਕ ਲੈਣ ਨੂੰ ਫਿਰਦੈ।... ਕੁੱਟਮਾਰ ਕਰਦੈ।"

ਮਾਤਾ ਐਨਕਾਂ ਉਤਾਂਹ ਕਰਕੇ ਅੱਖਾਂ ਪੂੰਝਣ ਲੱਗ ਪਈ। ਮੈਂ ਉਸਨੂੰ

ਹੌਂਸਲਾ ਦੇਣ ਲਈ ਉਸ ਦੇ ਮੋਢੇ ’ਤੇ ਹੱਥ ਰੱਖ ਦਿੱਤਾ। ਮਾਤਾ ਨੂੰ ਜਿਵੇਂ ਮੇਰੇ ਹੱਥ ਦਾ ਵੱਡਾ ਸਾਰਾ ਆਸਰਾ ਹੋ ਗਿਆ। ਉਸਨੇ ਕੰਬਦੇ ਹੱਥਾਂ ਨਾਲ ਮੇਰੇ ਹੱਥ ਨੂੰ ਆਪਣੇ ਹੱਥਾਂ ਵਿਚ ਫੜ੍ਹ ਲਿਆ।

“ਸੱਸ ਆਖਦੀ ਐ, ਮੇਰੇ ਪੁੱਤ ਦਾ ਜੱਗ ’ਚ ਸੀਰ ਕਿਵੇਂ ਹੋਊ...। ਵੇਖ ਸਾਰਾ ਦਿਨ ਮੇਰੇ ਜਮਾਈ ਨੂੰ ਬੱਤਿਆ ਦਿੰਦੀ ਐ। ਭਲਾਂ ਮੈਨੂੰ ਵੇਖ,... ਮੇਰੇ ਜੱਗ ਦਾ ਸੀਰ... ਕੁੱਤੇ ਵਾਂਗੂ ਰੋਟੀ ਸਿੱਟਦੈ ਮਾਂ ਨੂੰ। ਐਹੇਜਾ ਸੀਰ ਹੁੰਦਾ ਕਿਤੇ। ਚੰਗਾ ਮਾਲਕਾ ਤੇਰੀ ਮਰਜੀ।” ਮਾਤਾ ਨੇ ਸਾਰਾ ਕੁਝ ਇਕੋ ਵਾਰੀ ਬਿਆਨ ਕਰ ਦਿੱਤਾ। ਪਰ ਅਖ਼ੀਰ ਰੱਬ ਦੀ ਰਜ਼ਾ ’ਚ ਰਹਿਣ ਦਾ ਫੈਸਲਾ ਵੀ ਕੀਤਾ।

ਇਨ੍ਹੇ ’ਚ ਕੋਨੇ ਵਾਲੀ ਔਰਤ ਦਾ ਨਿੱਕਾ ਨਿਆਣਾ ਜ਼ੋਰ-ਜ਼ੋਰ ਦੀ ਰੋਣ ਲੱਗ ਪਿਆ। ਔਰਤ ਬੜੀ ਦੇਰ ਪਾਸੇ ਜਿਹੇ ਲੈ-ਲੈ ਕੇ ਉਸਨੂੰ ਗੋਦੀ ’ਚ ਲਿਟਾਉਂਦੀ, ਪਰ ਗੱਡੀ ਦੀ ਰਫ਼ਤਾਰ ਵਾਂਗ ਉਸਦੀਆਂ ਚੀਕਾਂ ਵੀ ਰਫ਼ਤਾਰ ਫੜਨ ਲੱਗ ਪਈਆਂ। ਦਰਅਸਲ ਬੱਚਾ ਭੁੱਖਾ ਸੀ। ਔਰਤ ਬੜੇ ਯਤਨਾਂ ਨਾਲ ਆਪਣੇ ਆਪ ਨੂੰ ਕੱਜ ਕੇ ਦੁੱਧ ਦੇਣ ਦੀ ਕੋਸ਼ਿਸ਼ ਕਰ ਰਹੀ ਸੀ। ਸਾਹਮਣੇ ਬੈਠੇ ਜਵਾਨ ਮੁੰਡੇ ਉਸਨੂੰ ਵੇਖ ਲੈਂਦੇ। ਫੇਰ ਸਿਰ ਹੇਠਾਂ ਕਰਕੇ ਹੱਸ ਪੈਂਦੇ। ਉਹਨਾਂ ਦੀਆਂ ਭੈੜੀਆਂ ਨਜ਼ਰਾਂ ’ਤੇ ਮੁਸਕੜੀਆਂ ਦਾ ਹਾਸਾ ਵੇਖ ਕੇ ਮੈਂ ਕੌੜ ਕੇ ਉਹਨਾਂ ਵੱਲ ਲਗਾਤਾਰ ਤਕਣਾ ਸ਼ੁਰੂ ਕੀਤਾ। ਲੜਕੇ ਸ਼ਾਇਦ ਇਸ ਗੱਲ ਨੂੰ ਤਾੜ ਗਏ। ਇਕ ਨੇ ਆਪਣੀਆਂ ਅੱਖਾਂ ਕਿਤਾਬ ਵਿਚ ਗੱਡ ਲਈਆਂ। ਦੂਜਾ ਕੱਚਾ ਜਿਹਾ ਹੋ ਕੇ ਵਾਕਮੈਨ ਸੁਨਣ ਲੱਗ ਪਿਆ।

ਬੱਚਾ ਮਾਂ ਦੀ ਗੋਦੀ ਵਿਚ ਸੌਂ ਗਿਆ। ਮੇਰੇ ਸਾਹਮਣੇ ਬੈਠਾ ਆਦਮੀ ਆਪਣੇ ਅਟੈਚੀਕੇਸ ਵਿਚੋਂ ਕੁਝ ਲੱਭ ਰਿਹਾ ਸੀ। ਉਸਨੇ ਇਕ ਕਿਤਾਬ ਕੱਢੀ ਤੇ ਐਨਕ ਚੜ੍ਹਾ ਕੇ ਪੜ੍ਹਣ ਲੱਗ ਪਿਆ। ਉਸਨੇ ਫੇਰ ਸਿਗਰਟ ਲਾ ਲਈ।... ਗੱਡੀ ਦੇ ਅੰਦਰ ਇਕ ਗੰਦੀ ਹਵਾਂਕ ਆਉਣ ਲੱਗੀ।

“ਪਲੀਜ਼, ਇਸ ਨੂੰ ਬੰਦ ਕਰ ਦਿਉ।” ਮੈਂ ਹਲਕੀ ਜਿਹੀ ਬੇਨਤੀ ਕੀਤੀ।

“ਔਹ! ਮੁਆਫ ਕਰਨਾ।” ਉਸਨੇ ਕਿਤਾਬ ਸੀਟ ਉਤੇ ਰੱਖ ਦਿੱਤੀ ਤੇ ਗੱਡੀ ਦੇ ਦਰਵਾਜ਼ੇ ਵੱਲ ਚਲਾ ਗਿਆ।

ਗੱਡੀ ਨੇ ਆਪਣੀ ਰਫ਼ਤਾਰ ਹੌਲੀ ਕਰ ਲਈ। ਹਲਕੇ ਜਿਹੇ ਝਟਕੇ ਨਾਲ ਸੀਟ ’ਤੇ ਪਈ ਕਿਤਾਬ ਮੇਰੇ ਪੈਰਾਂ ਵਿਚ ਡਿੱਗ ਪਈ। ਮੈਂ ਚੁੱਕ ਕੇ ਆਪਣੀ ਆਦਤ ਅਨੁਸਾਰ ਕਿਤਾਬ ਦਾ ਟਾਈਟਲ ਪੜ੍ਹਨਾ ਚਾਹਿਆ।

“ਸਹਿਕਦੀ ਔਰਤ” ਹੇਠਾਂ ਪੈਨ ਨਾਲ ਉਸ ਆਦਮੀ ਨੇ ਸ਼ਾਇਦ ਆਪਣਾ ਨਾਂ ਲਿਖਿਆ ਹੋਇਆ ਸੀ। ਐਸ. ਨਾਰੰਗ ਐਡਵੋਕੇਟ।

ਗੱਡੀ ਦੁਬਾਰਾ ਚਲ ਪਈ ਤੇ ਉਹ ਆਦਮੀ ਵੀ ਸਿਗਰਟ ਪੀ ਕੇ ਆਪਣੀ ਥਾਂ ’ਤੇ ਪਰਤ ਆਇਆ। ਉਸਨੇ ਕਿਤਾਬ ਮੇਰੇ ਹੱਥ ਵਿਚ ਵੇਖ ਲਈ।

“ਇਹ ਲਓ... ਹੇਠਾਂ ਡਿੱਗ ਪਈ ਸੀ।” ਮੈਂ ਕਿਤਾਬ ਉਸਨੂੰ ਫੜ੍ਹਾ ਦਿੱਤੀ।

“ਥੈਂਕ ਯੂ..., ਪੜ੍ਹ ਲਵੋ ਜੇ ਪੜ੍ਹਨੀ ਹੈ ਤਾਂ। ਤੁਸੀਂ ਸ਼ਾਇਦ ਪੰਜਾਬੀ...”



ਉਹ ਕਹਿੰਦਾ ਕਹਿੰਦਾ ਰੁੱਕ ਗਿਆ।

“ਐਸੀ ਗੱਲ ਨਹੀਂ। ਮੈਂ ਅਨੀਤਾ ਵਰਮਾ ਨੂੰ ਲਾਈਕ ਕਰਦੀ ਹਾਂ। ਮੈਂ ਉਸਦੀਆਂ ਕਹਾਣੀਆਂ ਪੜ੍ਹੀਆਂ ਨੇ। ਬਹੁਕ ਬੇਬਾਕ ਹੋ ਕੇ ਉਸਨੇ ਔਰਤ ਦੇ ਦਰਦ ਨੂੰ ਕਲਮ ਬੱਧ ਕੀਤਾ ਹੈ।

“ਤੁਸੀਂ ਹੋਰ ਕਿੰਨਾਂ ਕਾਰਨਾਂ ਕਰਕੇ ਇਸ ਲੇਖਕਾ ਦੇ ਫੈਨ ਹੋ?” ਉਸਨੇ ਗਰਦਨ ਨੂੰ ਖਿੱਚ ਕੇ ਐਨਕ ਸਹੀ ਕਰਕੇ ਇਕ ਕੋਰਟ ਵਿਚ ਖੜ੍ਹੇ ਵਕੀਲ ਵਾਂਗ ਪ੍ਰਸ਼ਨ ਕੀਤਾ।

“ਇਸ ਲੇਖਕਾ ਦੀ ਕਹਾਣੀ ਦੀਆਂ ਔਰਤਾਂ ਨਾਲ ਸਹੀ ਮਾਇਨੇ ਵਿਚ ਉਹੀ ਹੁੰਦਾ ਹੈ ਜੋ ਅਜੋਕੇ ਸਮਾਜ ਵਿਚ ਇਕ ਔਰਤ ਨਾਲ ਹੋ ਰਿਹਾ ਹੈ। ਪੁਰਸ਼ ਦੇ ਸੁਆਰਥ, ਤੰਗ ਦਿਲੀ, ਵਾਸਨਾ, ਵਿਸ਼ਵਾਸਘਾਤ ਨੂੰ ਵੀ ਕਿਰਦਾਰਾਂ ਜਰ੍ਹੀਏ ਉਸਨੇ ਉਜਾਗਰ ਕੀਤਾ ਹੈ।

ਮੇਰੀ ਇਸ ਗੱਲ ਨੂੰ ਸੁਣ ਕੇ ਉਹ ਸੀਟ ’ਤੇ ਕਾਇਮ ਹੋ ਕੇ ਬੈਠ ਗਿਆ। ਹੁਣ ਉਸਨੇ ਐਨਕ ਉਤਾਂਹ ਚੜ੍ਹਾ ਕੇ ਸਿਰ ’ਤੇ ਕਰ ਲਈ ਤੇ ਲੱਤ ਉਤੇ ਲੱਤ ਧਰ ਕੇ ਬੈਠ ਗਿਆ। ਉਸਦੇ ਮੂੰਹ ’ਤੇ ਅਜ਼ੀਬ ਜਿਹੀ ਧੁੰਧਕੀ ਮੁਸਕਾਨ ਸੀ। ਜਿਵੇਂ ਮੇਰੇ ਨਾਲ ਜਿਰ੍ਹਾ ਕਰਨ ਲਈ ਤਿਆਰ ਹੋ ਰਿਹਾ ਸੀ।

ਗੱਡੀ ਰੁਕਣੀ ਸ਼ੁਰੂ ਹੋ ਗਈ। ਰਾਤ ਕਾਫ਼ੀ ਹੋ ਗਈ ਤੇ ਠੰਡ ਵੀ ਜ਼ੋਰਾਂ ’ਤੇ ਸੀ। ਚਾਹ ਵਾਲੇ ਗੱਡੀ ’ਚ ਫੇਰੀਆਂ ਪਾਉਣ ਲੱਗ ਪਏ। ਸਾਰੇ ਯਾਤਰੀ ਉਨੀਂਦਰੇ ਜਿਹੇ ਸੀ। ਗਰਮ-ਗਰਮ ਚਾਹ ਤੋਂ ਉੱਠਦੇ ਧੂੰਏਂ ਦੀ ਖੁਸ਼ਬੂ ਨੇ ਇਕ ਨਿੱਘਾ ਜਿਹਾ ਅਹਿਸਾਸ ਜਗ੍ਹਾ ਦਿੱਤਾ। ਮੈਂ ਵੀ ਚਾਹ ਵਾਲੇ ਨੂੰ ਇਸ਼ਾਰਾ ਕੀਤਾ ਅਤੇ ਦੋ ਕੱਪ ਦੇ ਪੈਸੇ ਫੜ੍ਹਾ ਦਿੱਤੇ। ਇਕ ਕੱਪ ਮੈਂ ਮਾਤਾ ਵੱਲ ਵਧਾ ਦਿੱਤਾ।

“ਰਹਿਣ ਦੇ ਪੁੱਤਰ।” ਉਪਰਲੇ ਜਿਹੇ ਮਨੋ ਨਾਂਹ ਕਰਕੇ ਮਾਤਾ ਨੇ ਕੰਬਦੇ ਹੱਥਾਂ ਨਾਲ ਚਾਹ ਫੜ੍ਹ ਲਈ।

ਮੈਂ ਆਪਣੇ ਬੈਗ ਵਿਚੋਂ ਬਿਸਕੁਟਾਂ ਦਾ ਪੈਕੇਟ ਖੋਲ੍ਹ ਕੇ ਮਾਤਾ ਮੂਹਰੇ ਕਰ ਦਿੱਤਾ। ਮਾਤਾ ਨੇ ਦੋ ਇਕੱਠੇ ਹੀ ਬਿਸਕੁਟ ਚੁੱਕ ਕੇ ਚਾਹ ਵਿਚ ਭਿਉਂਕੇ ਖਾਣੇ ਸ਼ੁਰੂ ਕਰ ਦਿੱਤੇ।

ਸਾਹਮਣੇ ਵਾਲਾ ਆਦਮੀ ਤੇ ਦੋਹੇਂ ਮੁੰਡੇ ਸੀਟ ਉੱਤੇ ਨਹੀਂ ਸਨ। ਕੋਨੇ ਵਾਲੀ ਔਰਤ ਨੇ ਉਹਨਾਂ ਦੀ ਸੀਟ ਤੇ ਪੈਰ ਰੱਖ ਕੇ ਬੱਚੇ ਨੂੰ ਸਹੀ ਕਰਕੇ ਆਪਣੀ ਗੋਦੀ ਵਿਚ ਲਿਟਾ ਲਿਆ। ਆਪਣੀ ਕਮੀਜ਼ ਵੀ ਠੀਕ ਕਰ ਲਈ। ਜਿਵੇਂ ਉਸਨੂੰ ਹੁਣ ਸੁਖ ਦਾ ਸਾਹ ਆਇਆ ਹੋਵੇ। ਪਤਾ ਨਹੀਂ ਜਗ੍ਹਾ ਦੀ ਕਮੀ ਸੀ ਜਾਂ ਮਰਦਾਨਾ ਸਵਾਰੀਆਂ ਦੀ ਸੰਗ।

ਗੱਡੀ ’ਚ ਹਿੱਲ ਜੁੱਲ ਤੇਜ਼ ਹੋ ਗਈ ਤੇ ਚਾਹ ਵਾਲਾ ਮੁੰਡਾ ਫਟਾਫਟ ਕੱਪ ਇਕੱਠੇ ਕਰਨ ਲੱਗ ਪਿਆ। ਹਰ ਸਵਾਰੀ ਨੇ ਆ ਕੇ ਆਪਣੀ ਆਪਣੀ ਥਾਂ ਮੱਲ ਲਈ।

ਦੋਹੇਂ ਮੁੰਡੇ ਆਪਸ 'ਚ ਖੁਸਰ ਪੁਸਰ ਕਰਕੇ, ਮੇਰੇ ਵੱਲ ਵੇਖ ਕੇ ਹੱਸੇ। ਉਹਨਾਂ ਦੀ ਮੁਸਕਰਾਹਟ ਤੋਂ ਜ਼ਾਹਰ ਹੁੰਦਾ ਸੀ ਕਿ ਉਨ੍ਹਾਂ ਨੇ ਕੋਈ ਟਿੱਚਰ ਕੀਤੀ ਹੈ। ਮੈਂ ਨਜ਼ਰਅੰਦਾਜ਼ ਕਰਨਾ ਬਿਹਤਰ ਸਮਝਿਆ।

ਗੱਡੀ ਤੁਰ ਪਈ। ਸਾਹਮਣੇ ਬੈਠਾ ਆਦਮੀ ਮੇਰੇ ਵੱਲ ਤਕ ਰਿਹਾ ਸੀ। ਸ਼ਾਇਦ ਟੁੱਟੇ ਵਾਰਤਾਲਾਪ ਨੂੰ ਜੋੜਨ ਵਾਸਤੇ ਕੋਈ ਢੁੱਕਵਾਂ ਜਿਹਾ ਫ਼ਿਕਰਾ ਲੱਭਦਾ ਹੋਵੇ।

"ਤੁਸੀਂ ਹੋਰ ਕਿਹੜੀ ਕਿਤਾਬ ਪੜ੍ਹੀ ਹੈ 'ਅਨੀਤਾ ਵਰਮਾ' ਦੀ? ਉਹ ਇਸ ਤਰ੍ਹਾਂ ਨਾਲ ਮੈਨੂੰ ਸਵਾਲ ਕਰ ਰਿਹਾ ਸੀ, ਜਿਵੇਂ ਖੋਜ ਰਿਹਾ ਹੋਵੇ, ਕਿ ਮੈਂ ਝੂਠ ਤਾਂ ਨਹੀਂ ਬੋਲ ਰਹੀ।

ਮੈਂ ਉਸਨੂੰ ਅਨੀਤਾ ਵਰਮਾ ਦੀਆਂ ਸਾਰੀਆਂ ਕਿਤਾਬਾਂ ਦੇ ਨਾਂਅ ਗਿਣਾ ਦਿੱਤੇ।

"... ਅੱਛਾ... ਅੱਛਾ! ਪੰਜਾਬੀ ਸਾਹਿਤ ਦੇ ਸ਼ੌਕੀਨ ਹੋ।" ਉਹ ਛਿੱਥਾ ਜਿਹਾ ਹੋ ਕੇ ਹੱਸ ਪਿਆ। ਦਰਅਸਲ ਇਹ ਲੇਖਕਾ ਇਕੋ ਵਰਗ ਬਾਰੇ ਲਿਖਦੀ ਹੈ। ਜਿਸ ਨਾਲ ਉਹ ਸਬੰਧਤ ਹੈ। ਜਿਵੇਂ ਸਿਰਫ਼ ਔਰਤਾਂ 'ਤੇ ਹੋਏ ਜ਼ੁਲਮਾਂ ਬਾਰੇ ਹੀ ਲਿਖ ਰਹੀ ਹੈ। ਜਾਂ ਫੇਰ ਪੁਰਸ਼ ਵਰਗ ਬਾਰੇ ਉਸਦੀ ਨੈਗੇਟਿਵ ਸੋਚ ਵੀ ਹੋ ਸਕਦੀ ਹੈ। ਅਸੀਂ ਲੋਕ ਕੋਰਟ ਵਿਚ ਬੈਠੇ ਹਾਂ। ਔਰਤ ਦਾ ਦੂਜਾ ਪੱਖ ਵੀ ਵੇਖੋ! ਐਸੇ ਐਸੇ ਕੇਸ ਆਉਂਦੇ ਹਨ। ਜਿਨ੍ਹਾਂ ਦਾ ਕਾਰਨ ਸਿਰਫ਼ ਔਰਤ ਹੀ ਹੁੰਦੀ ਹੈ। ਜੇ ਔਰਤ ਗਲਤੀ ਕਰਦੀ ਹੈ ਤਾਂ ਜਵਾਬ ਇਕੋ ਹੀ ਹੁੰਦਾ ਹੈ। ਉਹ ਮਜ਼ਬੂਰ ਸੀ। ਵਿਚਾਰੀ ਸੀ। ਉਹ ਕੀ ਕਰਦੀ? ਜੇ ਉਹ ਕਤਲ ਕਰੇ ਤਾਂ ਵੀ ਮਜ਼ਬੂਰ ਹੋ ਕੇ ਕੀਤਾ ਗਿਆ। ਆਪਣੇ ਬਚਾਅ ਦਾ ਉਸ ਕੋਲ ਇਕੋ ਹੀ ਤਰੀਕਾ ਹੈ। ਤੁਸੀਂ ਹਰ ਘਟਨਾ ਦਾ ਇਕੋ ਪੱਖ ਨਾ ਵੇਖੋ।"

ਹੁਣ ਉਸਨੇ ਐਨਕ ਅੱਖਾਂ ਉੱਤੇ ਕਰ ਲਈ। ਵਿਅੰਗਾਤਮਕ ਜਿਹੀ ਮੁਸਕਾਨ ਉਸਦੇ ਚੇਹਰੇ 'ਤੇ ਫੈਲ ਗਈ। "ਤੁਸੀਂ ਪੁਰਸ਼ ਵਰਗ ਦੀ ਵਕਾਲਤ ਕਰਨ ਲੱਗ ਪਏ।" ਮੈਂ ਹੱਸ ਕੇ ਪਰ ਸਖ਼ਤ ਲਹਿਜੇ 'ਚ ਕਿਹਾ। "ਓਹੋ... ਤੁਸੀਂ ਤਾਂ ਗੁੱਸਾ ਖਾ ਗਏ...।" ਉਹ ਵੀ ਹੱਸ ਪਿਆ। "ਪਰ ਵਕਾਲਤ ਤਾਂ ਤੁਸੀਂ ਵੀ ਔਰਤ ਵਰਗ ਦੀ ਕਰ ਰਹੇ ਹੋ?" "ਬਿਲਕੁਲ ਨਹੀਂ, ਮੈਂ ਸਿਰਫ਼ 'ਇਕ ਕਿਤਾਬ ਤੇ 'ਲੇਖਕਾ' ਦੀ ਲੇਖਣੀ ਦੀ ਗੱਲ ਕਰ ਰਹੀ ਹਾਂ।"

ਮੇਰਾ ਲਹਿਜਾ ਥੋੜ੍ਹਾ ਜਿਹਾ ਰੁੱਖਾ ਸੀ। ਸਾਹਮਣੇ ਵਾਲੇ ਲੜਕੇ ਸਾਡੇ ਵਾਰਤਾਲਾਪ ਨੂੰ ਪੂਰੀ ਤਵੱਜੋਂ ਦੇ ਰਹੇ ਸਨ ਅਤੇ ਵਕੀਲ ਦੇ ਬਿਆਨ ਤੇ ਸਹਿਮਤੀ 'ਚ ਕਦੇ ਕਦੇ ਸਿਰ ਵੀ ਹਿਲਾ ਦਿੰਦੇ ਜਿਵੇਂ ਉਹ ਇਸ ਬਹਿਸ ਵਿਚ ਮੈਨੂੰ ਨੀਵਾਂ ਹੁੰਦਾ ਵੇਖਣਾ ਚਾਹੁੰਦੇ ਸੀ। ਮੈਂ ਕੁਝ ਪਲਾਂ ਵਿਚ ਆਪਣੇ ਆਪ ਨੂੰ ਬੈਲੇਂਸ ਕਰਨ ਦੀ ਕੋਸ਼ਿਸ਼ ਕੀਤੀ।

"ਦਰਅਸਲ ਮੈਂ ਤਾਂ ਪਹਿਲੀ ਵਾਰ ਇਹ ਕਹਾਣੀਆਂ ਪੜ੍ਹੀਆਂ ਹਨ। ਵੈਸੇ ਜਸਟ ਟਾਈਮ ਪਾਸ ਜਾਂ ਫਿਰ ਕਹਾਣੀਆਂ ਇਨਟਰਸਟਿੰਗ ਵੀ ਲੱਗੀਆਂ। ਪਰ ਮੈਂ



ਵਕੀਲ ਹੋਣ ਦੇ ਨਾਤੇ ਔਰਤਾਂ ਦੇ ਹਰ ਪੱਖ ਨੂੰ ਬੜੀ ਚੰਗੀ ਤਰ੍ਹਾਂ ਸਮਝਿਆ ਹੈ। ਉਹ ਹਮੇਸ਼ਾ ਮਜ਼ਬੂਰ, ਲਾਚਾਰ ਤੇ ਵਿਚਾਰੀ ਨਹੀਂ ਹੁੰਦੀ। ਕਹਿਣ ਨੂੰ ਤਾਂ ਹੁਣ ਤਾਂ ਪੁਰਸ਼ਾਂ ਦੇ ਬਰਾਬਰ ਹੱਕ ਵੀ ਮੰਗ ਰਹੀ ਹੈ।... ਇਹ ਸਭ ਤਾਂ ਪ੍ਰੈਕਟੀਕਲ ਗੱਲਾਂ ਹਨ। ਕੋਈ ਕਿਤਾਬੀ ਕਹਾਣੀਆਂ ਨਹੀਂ। ਮੈਂ ਕਹਾਣੀਆਂ ਨੂੰ ਹੋਰ ਐਂਗਲ ਤੋਂ ਪੜ੍ਹ ਰਿਹਾ ਹਾਂ।"

ਇੰਨੀ ਲੰਮੀ ਗੱਲ ਕਹਿ ਕੇ, ਵਕੀਲ ਹੁਣ ਸਾਫ਼ ਆਪਣੇ ਬਿਆਨਾਂ ਤੋਂ ਮੁਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਕਿਉਂਕਿ ਉਸਨੇ ਮੇਰੇ ਚੇਹਰੇ ਤੇ ਚਿੜ ਵੇਖ ਲਈ ਸੀ। ਵਕੀਲ ਸੀ, ਹਾਵ ਭਾਵ ਚੰਗੀ ਤਰ੍ਹਾਂ ਪਹਿਚਾਣਦਾ ਸੀ। ਭਲਾ ਮੈਨੂੰ ਕੀ ਲੋੜ ਸੀ, ਕਿਸੇ ਅਜਨਬੀ ਨਾਲ ਅਜਿਹੇ ਬੇਤੁਕੇ ਵਾਰਤਾਲਾਪ ਦੀ। ਮੈਂ ਆਪਣੇ ਆਪ ਨੂੰ ਉਲਾਂਭਾ ਜਿਹਾ ਦਿੱਤਾ।

ਫੇਰ ਮੇਰੇ ਅੰਤਰ ਮਨ ਵਿਚ ਸਵਾਲ ਜੁਆਬ ਹੋਣ ਲੱਗ ਪਏ। ਕਿਹੋ, ਜਿਹਾ ਆਦਮੀ ਹੈ ਕਹਾਣੀ ਨੂੰ ਸਿਰਫ ਟਾਈਮ ਪਾਸ ਕਹਿੰਦਾ ਹੈ।... ਪਰ ਇਹ ਤਾਂ ਹਰ ਸ਼ਖਸ਼ ਤੇ ਨਿਰਭਰ ਹੈ, ਕਿ ਉਹ ਕਿਸੇ ਚੀਜ਼ ਨੂੰ ਕਿਸ ਐਂਗਲ ਤੋਂ ਵੇਖਦਾ ਹੈ। ਕੋਈ ਕਹਾਣੀ ਵਿਚ ਯਥਾਰਥ ਲੱਭਦਾ ਹੈ ਤੇ ਕੋਈ ਸੁਆਦ। ਕੋਈ ਕਹਾਣੀ 'ਚੋਂ ਸੱਚ ਲੱਭਦਾ ਹੈ ਤੇ ਕੋਈ ਜਾਣ ਬੁੱਝ ਕੇ ਸੱਚ ਤੋਂ ਮੁਨਕਰ ਹੁੰਦਾ ਹੈ। ਕੋਈ ਔਰਤ ਦੀ ਮਜ਼ਬੂਰੀ ਪੜ੍ਹਦਾ ਹੈ ਅਤੇ ਕੋਈ ਮਜਬੂਰੀ 'ਚ ਨੰਗੀ ਔਰਤ ਦਾ ਨੰਗੇਜ਼...। ਮੈਂ ਨਹੀਂ ਜਾਣਦੀ ਇਹ ਵਕੀਲ ਕੀ ਲੱਭਦਾ ਹੈ? ਮੈਂ ਉਸ ਵੱਲ ਤਕ ਕੇ ਭੈੜਾ ਜਿਹਾ ਮੂੰਹ ਬਣਾ ਲਿਆ। ਉਹ ਅੱਖਾਂ ਬੰਦ ਕਰ ਕੇ ਬਾਰੀ ਨਾਲ ਟੇਢਾ ਹੋ ਗਿਆ।

ਆਪਣੇ ਅੰਤਰਮਨ ਦੀ ਲੜਾਈ ਵਿਚ ਗੁਆਚ ਕੇ ਮੇਰੀ ਪਤਾ ਨਹੀਂ ਕਦੋਂ ਅੱਖ ਲੱਗ ਗਈ। ਗੱਡੀ ਬਠਿੰਡੇ ਦੇ ਸਟੇਸ਼ਨ 'ਤੇ ਪਹੁੰਚ ਗਈ। ਮੈਂ ਫਟਾਫਟ ਆਪਣੇ ਕੋਟ ਦੇ ਬਟਨ ਬੰਦ ਕੀਤੇ ਅਤੇ ਆਪਣੇ ਮਫਲਰ ਨੂੰ ਸਿਰ 'ਤੇ ਲਪੇਟ ਲਿਆ।

ਹਰ ਸਵਾਰੀ ਆਪਣੇ ਸਮਾਨ ਨੂੰ ਸਮੇਟਣ 'ਚ ਮਸ਼ਗੂਲ ਸੀ। ਸਾਹਮਣੇ ਲੜਕੇ ਵੀ ਉੱਠ ਕੇ ਦਰਵਾਜ਼ੇ ਵੱਲ ਨੂੰ ਤੁਰ ਗਏ। ਮੈਂ ਆਪਣਾ ਬੈਗ ਮੋਢੇ ਟੰਗ ਲਿਆ। ਮਾਤਾ ਦੀ ਬਾਂਹ ਫੜ੍ਹ ਕੇ ਗੱਡਿਓਂ ਹੇਠਾਂ ਲਾਹ ਲਿਆ। ਸਾਡੇ ਮਗਰੇ ਵਕੀਲ ਗੱਡੀ 'ਚੋਂ ਇਸ ਤਰ੍ਹਾਂ ਗਰੂਰ ਨਾਲ ਉੱਤਰਿਆ ਜਿਵੇਂ ਕੋਰਟ 'ਚ ਕੋਈ ਕੇਸ ਜਿੱਤ ਕੇ ਆਇਆ ਹੋਵੇ।... ਉਸਦੇ ਚਿਹਰੇ 'ਤੇ ਇਕ ਅਜੀਬ ਰੋਅਬ ਤੇ ਗ਼ਰੂਰ ਸੀ।... ਜਿਵੇਂ ਦੁਨੀਆਂ 'ਚ ਉਹ ਸਭ ਤੋਂ ਸਿਆਣਾ ਵਕੀਲ ਹੋਵੇ।... ਪਰ ਇਹ ਕੀ...??? ਸਟੇਸ਼ਨ ਦੀ ਕੰਟੀਨ ਦੇ ਮਗਰਲੇ ਪਾਸੇ ਹਨੇਰੀ ਜਿਹੀ ਖੂੰਜ ਵਿਚੋਂ ਕਿਸੇ ਲੜਕੀ ਦੀਆਂ ਭਿਆਨਕ ਚੀਕਾਂ ਸਰਦ ਰਾਤ ਨੂੰ ਚੀਰ ਰਹੀਆਂ ਸਨ।... ਐਨਾ ਭਿਆਨਕ ਦਰਦਨਾਕ ਵਿਰਲਾਪ, ਮੈਂ ਆਪਣੀ ਜ਼ਿੰਦਗੀ 'ਚ ਪਹਿਲੀ ਵਾਰ ਸੁਣਿਆ ਸੀ। ਸਰੀਰ 'ਚ ਡਰ ਨਾਲ ਕੰਬਣੀ ਛਿੜ ਗਈ। ਹਰ ਸਵਾਰੀ ਹਨੇਰੇ ਵੱਲ ਨੂੰ ਭੱਜ ਰਹੀ ਸੀ। ਮੇਰੇ ਕਦਮ ਜਿਵੇਂ ਜੰਮ ਗਏ ਹੋਏ। ਪਤਾ ਨੀ ਕੀ ਭਾਣਾ ਵਰਤਿਆ ਹੋਊ। ਜਿਵੇਂ ਹਨੇਰੇ ਸ਼ਹਿਰ 'ਚ ਕੋਈ ਕਤਲੋਗਾਰਤ ਹੋ ਰਿਹਾ ਹੋਵੇ। ਜਾਂ ਕੋਈ ਕਿਸੇ ਨੂੰ ਵੱਢੀ ਟੁੱਕੀ ਜਾ ਰਿਹਾ ਹੋਵੇ। ਜਾਂ ਕੋਈ ਅਨਹੋਣੀ ਮੌਤ। ਪਰ... ਅਜਿਹਾ ਜ਼ੋਰਦਾਰ ਤੇ ਉੱਚੀ

ਵਿਰਲਾਪ ਸ਼ਾਇਦ ਅੰਬਰ ਚੀਰ ਦੇਵੇਗਾ। ਰੱਬ ਦੇ ਤਖ਼ਤ ਨੂੰ ਵੀ ਹਿਲਾ ਦੇਵੇਗਾ। ਬੁੜੀ ਮਾਤਾ ਅਤੇ ਮੇਰੇ ਨਾਲ ਦੀ ਸਵਾਰੀ, ਨੌਜਵਾਨ ਔਰਤ ਵੀ ਕਾਹਲੀ-ਕਾਹਲੀ ਤੁਰ ਪਈਆਂ ਲੋਕ ਇਕੋ ਪਾਸੇ ਭੱਜ ਰਹੇ ਸਨ। ਹਰ ਕੋਈ ਸਵਾਲ ਕਰ ਰਿਹਾ ਸੀ ਕੀ ਹੋਇਆ...? ਕੌਣ ਹੈ...? ਆਖ਼ਿਰ ਗੱਲ ਕੀ ਹੈ...??

ਪਰ ਕੁਝ ਨਹੀਂ ਪਤਾ ਲੱਗ ਰਿਹਾ ਸੀ। ਇਕ ਵੱਡਾ ਇਕੱਠ ਹੋ ਗਿਆ। ਚੀਕਾਂ ਮੱਧਮ ਪੈ ਗਈਆਂ। ਇਕ ਹੋਰ ਉੱਚੀ ਰੋਣ ਦੀ ਆਵਾਜ਼ ਨੇ ਮੈਨੂੰ ਕੰਬਾ ਦਿੱਤਾ। ਕੋਈ ਨਵਜੰਮੇ ਬੱਚੇ ਦੀਆਂ ਉੱਚੀ ਉੱਚੀ ਰੋਣ ਦੀਆਂ ਆਵਾਜ਼ਾਂ। ਲੜਕੀ ਦੀਆਂ ਚੀਕਾਂ ਕਿਧਰੇ ਗੁਆਚ ਗਈਆਂ। ਹੁਣ ਮਾਹੌਲ ਵਿਚ ਸਿਰਫ਼ ਬੱਚੇ ਦੇ ਉੱਚੀ ਉੱਚੀ ਰੋਣ ਦੀ ਆਵਾਜ਼ ਖਿੱਲ੍ਹਰ ਗਈ ਸੀ। ਜਿਵੇਂ ਨਵਜੰਮਿਆ ਬੱਚਾ ਦੁਨੀਆਂ ਨੂੰ ਆਪਣੀ ਆਮਦ ਦਾ ਚੀਕ-ਚੀਕ ਕੇ ਐਲਾਨ ਕਰ ਰਿਹਾ ਹੋਵੇ। ਮੈਂ ਵੀ ਆਪਣੇ ਕਦਮ ਕਾਹਲੇ ਕਰ ਲਏ।

ਕਾਫ਼ੀ ਲੋਕ ਭੀੜ 'ਚੋਂ ਤਿੱਤਰ ਬਿੱਤਰ ਹੋ ਚੁੱਕੇ ਸਨ। ਕੁਝ ਔਰਤਾਂ ਨੇ ਮਸਾਂ ਸਤਾਰਾਂ ਅਠਾਰਾਂ ਸਾਲ ਦੀ ਲੜਕੀ ਨੂੰ ਕੰਧ ਦਾ ਸਹਾਰਾ ਦੇ ਕੇ ਲਿਟਾਇਆ ਹੋਇਆ ਸੀ। ਖਿਲ੍ਹਰੇ ਵਾਲ, ਪਾਟੇ ਕੱਪੜੇ ਤੇ ਵੀਰਾਨ ਅੱਖਾਂ। ਉਹ ਟੁਕਰ-ਟੁਕਰ ਭੀੜ ਵੱਲ ਵੇਖ ਰਹੀ ਸੀ। ਉਸ ਕੋਲੋਂ ਬਹੁਤ ਬਦਬੂ ਆ ਰਹੀ ਸੀ। ਕਦੇ ਹੱਸ ਪੈਂਦੀ ਤੇ ਕਦੇ ਗੰਦੀਆਂ ਗਾਲ੍ਹਾਂ ਦੇਣ ਲੱਗ ਪੈਂਦੀ। ਪਤਾ ਲੱਗਿਆ ਕਿ ਇਹ ਲੜਕੀ ਪਾਗਲ ਹੈ ਤੇ ਲਾਵਾਰਿਸ ਹੈ। ਮੇਰੇ ਨਾਲ ਵਾਲੀ ਮਾਤਾ ਨੇ ਆਪਣੇ ਪਾਟੇ ਜਿਹੇ ਸ਼ਾਲ 'ਚ ਨਵਜੰਮਿਆ ਬੱਚਾ ਲਪੇਟ ਲਿਆ। ਬੱਚਾ ਹਾਲੇ ਤਕ ਚੁੱਪ ਨਹੀਂ ਹੋ ਰਿਹਾ ਸੀ। ਮੇਰੇ ਨਾਲ ਦੀ ਦੂਜੀ ਸਵਾਰੀ ਔਰਤ ਨੇ ਆਪਣਾ ਸੌਂ ਰਿਹਾ ਜੁਆਕ ਲਪੇਟ ਕੇ ਨੇੜੇ ਬੈਂਚ ਤੇ ਲਿਟਾ ਦਿੱਤਾ। ਆਪਣਾ ਕਮੀਜ਼ ਚੁੱਕ ਕੇ ਪਾਗਲ ਲੜਕੀ ਦੇ ਬੱਚੇ ਨੂੰ ਦੁੱਧ ਚੁੰਘਾਉਣ ਲੱਗ ਪਈ। ਬੱਚਾ ਚੁੱਪ ਹੋ ਗਿਆ। ਉਹ ਔਰਤ ਨੇ ਸਹੀ ਅਰਥਾਂ ਵਿਚ ਇਕ ਮਾਂ ਦਾ ਰੂਪ ਲੈ ਲਿਆ। ਸੰਗ ਨੂੰ ਵੀ ਪਰੇ ਸੁੱਟ ਦਿੱਤਾ। ਉਸਦਾ ਪੂਰਾ ਧਿਆਨ ਨਵਜੰਮੇ ਬੱਚੇ ਵੱਲ ਸੀ। ਹੁਣ ਉਸ ਨੂੰ ਕੋਈ ਸ਼ਰਮ ਨਹੀਂ ਸੀ ਕਿ ਉਸਨੂੰ ਕੋਈ ਵੇਖ ਰਿਹਾ ਹੈ ਕਿ ਨਹੀਂ। ਮੈਨੂੰ ਸਭ ਕੁਝ ਸਮਝ ਆ ਗਿਆ। ਮੈਂ ਆਪਣੇ ਅੱਥਰੂ ਨਹੀਂ ਰੋਕ ਸਕੀ। ਹਰ ਕੋਈ ਆਪਣੇ ਸਮਾਨ ਨਾਲ ਇਸ ਹਾਦਸੇ ਨੂੰ ਭੁੱਲ ਕੇ ਹਨੇਰੇ 'ਚ ਦੂਰ ਆਪਣੇ ਠਿਕਾਣਿਆਂ 'ਤੇ ਪਹੁੰਚਣ ਨੂੰ ਕਾਹਲਾ ਸੀ।

ਕੁਝ ਚਿਰਾਂ ਪਿੱਛੋਂ 'ਕਿਸੇ ਸੋਸ਼ਲ ਵੈਲਫੇਅਰ ਸੁਸਾਇਟੀ' ਦੀਆਂ ਕੁਝ ਔਰਤਾਂ ਨੇ ਆ ਕੇ ਪਾਗਲ ਲੜਕੀ ਨੂੰ ਕੰਬਲ ਨਾਲ ਢੱਕ ਕੇ ਸਟਰੈਚਰ 'ਤੇ ਪਾ ਲਿਆ। ਇਕ ਔਰਤ ਨੇ ਬੱਚੇ ਨੂੰ ਕੰਬਲ 'ਚ ਲਪੇਟ ਲਿਆ। ਉਹ ਫਟਾਫਟ ਉਸਨੂੰ ਸਟੇਸ਼ਨ ਤੋਂ ਬਾਹਰ ਵੈਨ ਵੱਲ ਨੂੰ ਲੈ ਗਏ। ਸ਼ਾਇਜ ਕਿਸੇ ਨੇ ਉਹਨਾਂ ਨੂੰ ਤੁਰੰਤ ਸੂਚਨਾ ਦੇ ਦਿੱਤੀ ਸੀ।

ਮੈਂ ਵੀ ਬੈਗ ਮੋਢੇ ਤੋਂ ਪਾ ਲਿਆ। ਮੈਨੂੰ ਬਹੁਤ ਥਕਾਵਟ ਮਹਿਸੂਸ ਹੋ ਰਹੀ ਸੀ। ਉਪਰ ਨਿਗ੍ਹਾ ਮਾਰੀ ਤੇ ਵਕੀਲ ਮੇਰੇ ਮੂਹਰੇ-ਮੂਹਰੇ ਸੀ। ਉਸਦਾ ਸਿਰ ਨੀਵਾਂ



ਕੀਤਾ ਹੋਇਆ। ਉਹ ਵੀ ਹੌਲੀ ਹੌਲੀ ਕਦਮਾਂ ਨਾਲ ਮੇਰੇ ਬਰਾਬਰ ਸਟੇਸ਼ਨ ਦੀਆਂ ਪੌੜੀਆਂ ਚੜ੍ਹਨ ਲੱਗ ਪਿਆ। ਮੇਰਾ ਜੀਅ ਕੀਤਾ, ਉਸਨੂੰ ਚੀਕ-ਚੀਕ ਕੇ ਪੁੱਛਾਂ- 'ਵਕੀਲ ਸਾਹਿਬ ਅੱਜ ਔਰਤ ਦਾ ਤੁਸੀਂ ਕਿਹੜਾ ਪੱਖ ਵੇਖਿਆ? ਇਥੇ ਔਰਤ ਦੀ ਕੀ ਮਜ਼ਬੂਰੀ ਸੀ? ਕੀ ਤੁਸੀਂ ਇਸ ਨੂੰ ਭਿਆਨਕ ਹਾਦਸਾ ਕਹੋਂਗੇ? ਜਾਂ ਇਕ ਇੰਟਰਸਟਿੰਗ ਸਟੋਰੀ? ਤੁਸੀਂ ਹੁਣ ਇਸ ਹਾਦਸੇ ਨੂੰ ਕਿਸ ਐਂਗਲ ਤੋਂ ਵੇਖੋਗੇ...?"

ਹੁਣ ਗਲਤ ਕੌਣ ਹੈ?... ਹੁਣ ਮਜ਼ਬੂਰ ਕੌਣ ਹੈ?... ਹੁਣ ਕਸੂਰਵਾਰ ਕੌਣ ਹੈ? ਹੈ ਕੋਈ ਦਲੀਲ ਤੁਹਾਡੇ ਕੋਲ...?

ਮੈਂ ਇਕੋ ਪੌੜੀ 'ਤੇ ਖੜ੍ਹੀ ਰਹਿ ਗਈ। ਵਕੀਲ ਦੂਰ ਹਨੇਰੇ ਵੱਲ ਨੂੰ ਸਿਰ ਝੁਕਾਈ ਸ਼ਰਮਸਾਰ ਜਿਹੇ ਕਦਮਾਂ ਨਾਲ ਜਾ ਰਿਹਾ ਸੀ। ਜਿਵੇਂ ਉਹ ਕੋਰਟ 'ਚੋਂ ਕੋਈ ਕੇਸ ਹਾਰ ਗਿਆ ਹੋਵੇ,... ਜਾਂ ਫੇਰ ਉਹ ਸ਼ਰਮ ਨਾਲ ਹਨੇਰੇ 'ਚ ਗੁਆਚ ਜਾਣਾ ਚਾਹੁੰਦਾ ਹੋਵੇ,... ਜਾਂ ਅੱਜ ਉਸ ਵਕੀਲ ਕੋਲ ਕੋਈ ਦਲੀਲ ਨਹੀਂ ਸੀ...।

# ਆਖ਼ਿਰ, ਸਿਕੰਦਰ ਜਿੱਤ ਗਿਆ...

ਆਖ਼ਿਰ, ਸਿਕੰਦਰ ਜਿੱਤ ਗਿਆ!

ਚੰਦਰੇ ਦਾ ਨਾਂਅ ਵੇਖੋ ਕੀ ਰੱਖਿਆ! ਸਿਕੰਦਰ।

ਅਸ਼ਕੇ! ਨਾਂਅ ਰੱਖਣ ਵਾਲੀ ਮਾਂ ਦੇ!

ਨਾਂਅ ਤਾਂ ਸਿਕੰਦਰ ਰੱਖ ਦਿੱਤਾ, ਓ ਵੀ ਇਤਿਹਾਸ ਵਿਚੋਂ ਚੋਰੀ ਕਰਕੇ। ਸ਼ਾਇਦ ਇਹ ਸਿਕੰਦਰ ਵੀ ਸਦਾ ਜੇਤੂ ਹੀ ਰਹੇਗਾ। ਪਰ, ਇਹ ਕਿਵੇਂ ਹੋ ਸਕਦੈ। ਇਤਿਹਾਸ ਵਾਲਾ ਸਿਕੰਦਰ ਤਾਂ ਕੋਈ ਵਿਰਲਾ ਹੀ ਜੰਮਦਾ ਹੈ। ਏਸ ਸਿਕੰਦਰ ਨੇ ਤਾਂ ਜੰਮਦੇ ਨੇ ਪਹਿਲੀ ਚੀਕ ਵੀ ਡਰ ਕੇ ਮਾਰੀ ਹੋਣੀ ਹੈ। ਮੈਂ ਤਾਂ ਓਸ ਸਿਕੰਦਰ ਦੀ ਗੱਲ ਕਰਦੀ ਹਾਂ। ਜਿਹੜਾ ਮੇਰੇ ਪੇਕੇ ਘਰ ਦਾ ਨੌਕਰ ਸੀ। ਸਦਾ ਹੀ ਡਰਿਆ ਤੇ ਸਹਿਮਿਆ ਹੋਇਆ। ਮੂਹਰੋਂ ਜੁਆਬ ਤਾਂ ਕੀ ਦੇਣਾ, ਸਿਰ ਉਤਾਂਹ ਕਰ ਕੇ ਮੁਆਫ਼ੀ ਮੰਗਣ ਦਾ ਹੌਂਸਲਾ ਵੀ ਨਾ ਕਰਦਾ।

ਏਸ ਚੰਦਰੇ ਦਾ ਵਜੂਦ ਅੱਜ ਵੀ ਮੇਰੇ ਆਪਣੇ ਵਜੂਦ ਨਾਲ ਖਹਿੰਦੈ। ਮੈਂ ਤਾਂ ਇਕ ਧੀ ਸੀ। ਕਹਿੰਦੇ ਨੇ ਧੀਆਂ ਤਾਂ ਜੰਮਦੀਆਂ ਬਹੁਤ ਉੱਚੀ ਚੀਕਦੀਆਂ ਨੇ। ਸ਼ਾਇਦ ਮੁੜ ਉਹ ਉੱਚਾ ਬੋਲ ਵੀ ਨਹੀਂ ਕੱਢ ਸਕਦੀਆਂ। ਜਿਵੇਂ ਸਦਾ ਹੀ ਕੋਈ ਉਹਨਾਂ ਦੀ ਸੰਘੀ ਨੱਪੀ ਰੱਖਦਾ ਹੋਵੇ। ਪਰ, ਸਿਕੰਦਰ ਤੂੰ ਤਾਂ ਮਾਂ ਦੀ ਕੁੱਖੋਂ ਜੰਮਿਆਂ ਲਾਲ ਸੀ ਤੇ ਮੈਂ ਇਕ ਧੀ ਧਿਆਣੀ।

ਮੈਂ ਵੀ ਅੱਜ ਤਕ ਤੇਰੇ ਵਾਂਗ ਸਿਰ ਉੱਚਾ ਨਹੀਂ ਚੁੱਕ ਸਕੀ। ਪੇਕੇ ਘਰ ਬਾਊ ਜੀ ਮੂਹਰੇ ਸਾਹ ਈ ਸੁੱਕੇ ਰਹਿੰਦੇ। ਮੈਨੂੰ ਯਾਦ ਹੈ ਓਹ ਦੀਵਾਲੀ ਵਾਲਾ ਦਿਨ, ਜਦੋਂ ਮੇਰੇ ਬਾਊ ਜੀ ਨੇ ਮੈਨੂੰ ਬਹੁਤ ਝਿੜਕਾਂ ਮਾਰੀਆਂ... ਮੇਰੇ ਹੱਥੋਂ ਦੀਵਾਲੀ ਵਾਲੇ ਦਿਨ ਸਵੇਰੇ-ਸਵੇਰੇ ਇਕ ਦੀਵਾ ਜੋ ਤਿੜਕ ਗਿਆ ਸੀ। ਮੇਰੇ ਬਾਊ ਜੀ, ਬਹੁਤੇ ਵਹਿਮੀ ਤੇ ਲੱਛਮੀ ਮਾਂ ਦੇ ਭਗਤ। ਸਵੇਰੇ ਹੋਈ ਏਸ ਘਟਨਾ ਨੂੰ ਬਦਸ਼ਗਨੀ ਮੰਨਦੇ ਸਨ। ਮੇਰੇ ਨਾਲ ਸਿਕੰਦਰ ਨੂੰ ਜੋ ਝਿੜਕਾਂ ਪਈਆਂ... ਰਹੇ ਰੱਬ ਦਾ ਨਾਂਅ। ਕਸੂਰ ਬੱਸ ਏਨਾ, ਕਿ ਦੀਵੇ ਪਾਣੀ ਵਿਚੋਂ ਕੱਢਣ ਦਾ ਕੰਮ ਸਿਕੰਦਰ ਨੇ ਆਪ ਕਿਉਂ ਨਹੀਂ ਕੀਤਾ। ਬਾਊ ਜੀ ਦੇ ਇਸ ਗੁੱਸੇ ਤੋਂ ਮਾਂ ਵੀ ਨਾ ਬਚ ਸਕੀ। ਉਸਦੇ ਮੂੰਹੋਂ ਜੋ ਨਿਕਲ ਗਿਆ ਸੀ... ਏਸ ਵਰ੍ਹੇ ਦਿਨਾਂ ਦੇ ਦਿਨ ਲੱਛਮੀ ਨੂੰ ਕਾਹਨੂੰ ਝਿੜਕਾਂ ਮਾਰਦੇ ਓ। ਮੇਰਾ ਨਾਂਅ ਹੀ ਲੱਛਮੀ ਸੀ। ਪਰ ਮੇਰੀ ਮਾਂ ਜਿਹੜੀ ਘਰ ਦੀ ਅਸਲੀ ਲੱਛਮੀ ਸੀ। ਉਸਦਾ ਘਰ ਵਿਚ ਕਦੇ ਉੱਕਾ ਵੀ ਆਦਰ ਨਹੀਂ ਹੋਇਆ। ਹੁੰਦਾ ਵੀ ਕਿਵੇਂ। ਮਾਂ ਨੇ



ਤਿੰਨ ਕੰਜਕਾਂ ਜੋ ਜੰਮ ਦਿੱਤੀਆਂ। ਮਾਂ ਤਾਂ ਸਾਰਾ ਕੁਝ ਵੇਖ ਸੁਣ ਕੇ ਜਰ ਲੈਂਦੀ, ਚੁੱਪ ਹੀ ਰਹਿੰਦੀ। ਅਕਸਰ ਸਾਰਿਆਂ ਦੇ ਹਿੱਸੇ ਦੀਆਂ ਝਿੜਕਾਂ ਸਿਕੰਦਰ ਹੀ ਖਾਂਦਾ। ਨਿੱਤ ਝਾੜਾਂ ਪੈਦੀਆਂ ਫੇਰ ਵੀ ਨਿੰਮੋਝੂਣਾ ਜਿਹਾ ਹੋ ਕੇ ਖੜ੍ਹਾ ਰਹਿੰਦਾ। ਸਿਰ ਹੇਠਾਂ ਕਰੀ। ਸ਼ਰਮਸਾਰ, ਬੇਵੱਸ ਜਿਹਾ। ਏਥੋਂ ਤਕ ਕਿ ਬਾਊ ਜੀ ਗਾਲ੍ਹਾਂ ਵੀ ਕੱਢ ਦਿੰਦੇ। ਓਹ ਵੀ ਨਿੱਕੀ-ਨਿੱਕੀ ਗੱਲ 'ਤੇ। ਜਿਵੇਂ ਚਾਹ ਸਮੇਂ ਸਿਰ ਨਹੀਂ ਆਈ। ਉਗਰਾਹੀ ਲੇਟ ਕਿਉਂ ਹੋਈ। ਪਰ ਪਤਾ ਨਹੀਂ ਓਹ ਐਡੇ ਸਬਰ ਵਾਲਾ ਕਿਉਂ ਸੀ। ਚਿਹਰੇ 'ਤੇ ਨਾ ਕੋਈ ਤੈਸ਼ ਨਾ ਕੁੜੱਤਣ। ਚੁੱਪ ਖੜ੍ਹਾ ਰਹਿੰਦਾ। ਮੈਨੂੰ ਉਸਦੀ ਚੁੱਪ ਉਸਦੀ ਹਾਰ ਲੱਗਦੀ। ਮੈਂ ਕੌਲੇ ਮਗਰ ਖੜ੍ਹੀ ਸਭ ਕੁਝ ਵੇਂਹਦੀ, ਸੁਣਦੀ। ਨਾਲੇ ਅੰਦਰੋ-ਅੰਦਰੀ ਕੁੜਦੀ ਰਹਿੰਦੀ। ਚੰਦਰਿਆ! ਕੁਝ ਤਾਂ ਮੂੰਹੋਂ ਫੁੱਟ ਪੈ। ਕਦੇ ਤਾਂ ਅੱਖਾਂ ਵਿਚ ਰੋਹ ਭਰ ਕੇ ਬਾਊ ਜੀ ਦੀਆਂ ਅੱਖਾਂ ਵਿਚ ਗੱਡ ਲੈ। ਖੁੰਦਕ ਆਉਂਦੀ ਅੰਦਰੋਂ। ਮੇਰਾ ਚਿੱਤ ਕਰਦਾ ਓਹ ਬਾਊ ਜੀ ਮੂਹਰੇ ਬੋਲੇ ਤਾਂ ਮੇਰਾ ਮਨ ਵੀ ਹੌਲਾ ਹੋ ਜਾਵੇ। ਸ਼ਾਇਦ ਉਸਦੀ ਗਰੀਬੀ ਉਸਨੂੰ ਇਹ ਇਜਾਜ਼ਤ ਨਹੀਂ ਦਿੰਦੀ ਸੀ।

ਅੱਜ ਵੀ ਦੀਵਾਲੀ ਸੀ। ਇਸ ਦਿਨ ਮੈਨੂੰ ਸਿਕੰਦਰ ਡਾਢਾ ਯਾਦ ਆਉਂਦੈ। ਮੈਂ ਬਨੇਰੇ 'ਤੇ ਦੀਵੇ ਬਾਲਦੀ-ਬਾਲਦੀ ਆਪਣੇ ਗੁਜਰੇ ਪਲਾਂ ਨੂੰ ਯਾਦ ਕਰ ਬੈਠੀ। ਅੱਜ ਸਿਕੰਦਰ ਸੱਚਮੁੱਚ ਜੇਤੂ ਜਾਪ ਰਿਹਾ ਸੀ। ਉਸਦੀ ਮਰਜ਼ੀ ਤੇ ਹੁਣ ਆਪਣੀ ਮਰਜ਼ੀ ਦਾ ਪਹਿਰਾ ਸੀ। ਤੇ ਮੈਂ! ਮੈਂ ਤਾਂ ਹਾਲੇ ਵੀ ਹਾਰੀ ਜਿਹੀ। ਜਿਹੜੀ ਹਜ਼ਾਰਾਂ ਉਮੀਦਾਂ ਲੈ ਕੇ ਜਗਨ ਨਾਲ ਵਿਆਹੀ ਗਈ। ਇਕ ਪਿੰਜਰੇ ਵਿਚੋਂ ਕੱਢ ਕੇ ਦੂਜੇ ਪਿੰਜਰੇ ਵਿਚ ਤਾੜ ਦਿੱਤੀ ਗਈ। ਜਦੋਂ ਮੈਨੂੰ ਜਗਨ ਝਿੜਕਾਂ ਮਾਰਦਾ ਤਾਂ ਮਾਂ ਯਾਦ ਆ ਜਾਂਦੀ। ਜਿਹੜੀ ਬਾਊ ਜੀ ਕੋਲੋਂ ਨਿੱਤ ਝਾੜਾਂ ਖਾ ਕੇ ਅਕਸਰ ਕਈ ਵਾਰੀ ਕਹਿੰਦੀ- "ਬੰਦੇ ਦਾ ਸੁਭਾਅ ਪਾ ਲਈਦੈ... ਮੂਹਰੋਂ ਬੋਲਣ ਦਾ ਕੀ ਫਾਇਦਾ... ਰਹਿਣਾ ਤਾਂ ਏਥੇ ਈ ਐ।" ਮੈਂ ਵੀ ਏਸੇ ਤਰ੍ਹਾਂ ਮੂਹਰੋਂ ਨਾ ਬੋਲਦੀ। ਪਰ ਮੈਂ ਮਾਂ ਵਾਂਗ ਸਹਿਜ ਨਹੀਂ ਹੋ ਸਕੀ। ਡਰੀ ਰਹਿੰਦੀ। ਫੇਰ ਮੈਨੂੰ ਵੀ ਆਪਣਾ-ਆਪ ਸਿਕੰਦਰ ਵਾਂਗ ਲੱਗਦਾ। ਹਾਰਿਆ ਹੋਇਆ... ਡਰਿਆ... ਸਹਿਮਿਆ ਜਿਹਾ।

ਹੁਣ ਤਾਂ ਸਿਕੰਦਰ ਦਾ ਵਜੂਦ ਮੇਰੇ ਅੰਗ-ਸੰਗ ਹੀ ਰਹਿਣ ਲੱਗ ਪਿਆ। ਮੇਰੀ ਜ਼ਿੰਦਗੀ ਤੇ ਉਸਦੀ ਜ਼ਿੰਦਗੀ ਵਿਚ ਕੋਈ ਖਾਸ ਫ਼ਰਕ ਨਹੀਂ। ਮੈਨੂੰ ਵੀ ਸਵੇਰ ਤੋਂ ਸ਼ਾਮ ਤਕ ਓਹੀ ਜ਼ਿੱਲ੍ਹਤ ਸਹਿਣੀ ਪੈਂਦੀ। ਫੇਰ ਫਰਕ ਕੀ ਹੋਇਆ? ਬੱਸ ਇਹੀ... ਕਿ ਸਿਕੰਦਰ ਇਕ ਨੌਕਰ ਸੀ... ਤੇ ਮੈਂ ਘਰ ਦੀ ਮਾਲਕਣ। ਜਦੋਂ ਕਦੇ ਮੈਂ ਜਗਨ ਮੂਹਰੇ ਹੋ ਕੇ ਨਿੱਕੀ ਮੋਟੀ ਗਲਤੀ ਦੀ ਮੁਆਫੀ ਮੰਗਦੀ ਤਾਂ ਓਹ ਹੰਕਾਰ ਜਾਂਦਾ। ਉਸਦਾ ਸਿਰ ਹੋਰ ਉਤਾਂਹ ਹੋ ਜਾਂਦਾ। ਲੱਛਮੀ ਹੱਥ ਜੋੜ ਕੇ ਮੁਆਫ਼ੀ ਜੋ ਮੰਗ ਰਹੀ ਹੈ। ਮੈਂ ਲੱਛਮੀ ਹਾਂ... ਭਾਵੇਂ ਇਕ ਆਮ ਔਰਤ, ਪਰ ਏਨੀ ਵੀ ਕਮਜ਼ੋਰ ਨਹੀਂ...। ਜਦੋਂ ਜਦੋਂ ਇਹ ਅਹਿਸਾਸ ਮੇਰੇ ਅੰਦਰ ਜਾਗਦਾ, ਉਦੋਂ-ਉਦੋਂ ਹੀ ਮੇਰੇ ਵਜੂਦ ਦੀ ਸਿਰੀ ਵੀ ਨੱਪ ਦਿੱਤੀ ਜਾਂਦੀ। ਫੇਰ ਸਿਕੰਦਰ ਯਾਦ ਆ ਜਾਂਦਾ। ਫਰਮਾਬਰਦਾਰੀ ਕਰਦਾ... ਝਿੜਕਾਂ ਵੀ ਖਾਂਦਾ... ਫੇਰ ਵੀ ਹੱਥ ਜੋੜ ਕੇ ਖੜ੍ਹਾ... ਮੇਰੇ ਵਾਂਗ... ਜਿਵੇਂ

ਭੇਡ ਹਲਾਲ ਹੋਣ ਤੋਂ ਪਹਿਲਾਂ ਚੁੱਪ ਹੋ ਕੇ ਖਲੋ ਜਾਂਦੀ ਹੈ।

ਮੇਰਾ ਅੰਤਰਮਨ ਸਦਾ ਹੀ ਸਿਕੰਦਰ ਨਾਲ ਆਪਣੀ ਤੁਲਨਾ ਵਿਚ ਗੁਆਚ ਜਾਂਦਾ। ਇਹ ਮੇਰਾ ਪਾਗਲਪਣ ਨਹੀਂ, ਸ਼ਾਇਦ ਮੇਰੇ ਹਾਲਾਤ ਹੀ ਐਸੇ ਨੇ... ਜਾਂ ਕਹੋ ਮੇਰੀ ਹੈਸੀਅਤ ਹੀ ਸਿਕੰਦਰ ਦੇ ਹਾਣ ਦੀ... ਡਰੀ ਹੋਈ... ਕਸੂਰਵਾਰ ਜਿਹੀ... ਇਕ ਇਸ਼ਤਿਹਾਰੀ ਮੁਜ਼ਰਮ ਵਾਂਗ। ਮੈਂ ਭਾਵੇਂ ਪੜ੍ਹੀ ਲਿਖੀ ਹਾਂ ਅਤੇ ਸਿਕੰਦਰ ਅੰਗੂਠਾ ਛਾਪ... ਪਰ ਹਾਂ ਤਾਂ ਦੋਵੇਂ ਹੀ ਅਧੀਨਗੀ ਦੇ ਸ਼ਿਕਾਰ।

ਸਿਕੰਦਰ ਨੂੰ ਉਸਦਾ ਭਰਾ ਬਾਊ ਜੀ ਦੇ ਦਰ 'ਤੇ ਛੱਡ ਗਿਆ। ਚਾਕਰੀ ਕਰਨ ਨੂੰ। ਕਦੇ ਕਦਾਈਂ ਮਿਲਣ ਆ ਜਾਂਦਾ। ਬਾਊ ਜੀ ਤਾਂ ਸਿਰਫ਼ ਸ਼ਿਕਾਇਤਾਂ ਹੀ ਲਾਉਂਦੇ ਰਹਿੰਦੇ। ਭਰਾ ਇਹੀ ਕਹਿੰਦਾ... "ਤੁਸੀਂ ਮਾਈ ਬਾਪ ਹੋ। ਤੁਹਾਡਾ ਈ ਬੱਚਾ ਹੈ। ਗਲਤੀ ਕਰੇ ਤਾਂ ਭਾਵੇਂ ਕੁਟਾਪਾ ਚਾੜ੍ਹ ਦਿਓ।"

ਹਾਲੇ ਕੋਈ ਕਸਰ ਸੀ! ਏਦੋਂ ਤਾਂ ਬੰਦਾ ਕੁੱਟਿਆ ਈ ਚੰਗਾ। ਬੋਲ-ਕਬੋਲ ਦਿਲ 'ਚ ਸਾਂਭਣੇ ਕਿਹੜੇ ਸੌਖੇ ਨੇ, ਚੁੱਭਦੇ ਰਹਿੰਦੇ ਨੇ, ਕਾਲਜੇ ਅੰਦਰ। ਜ਼ਖਮੀ ਕਰਦੇ ਨੇ ਹਰ ਵੇਲੇ। ਸਿਕੰਦਰ ਦਾ ਭਰਾ... ਬਿਲਕੁਲ ਮੇਰੇ ਬਾਊ ਜੀ ਵਰਗਾ। ਉਹ ਵੀ ਤਾਂ ਕਦੇ ਜਗਨ ਨੂੰ ਨਹੀਂ ਵਰਜਦੇ। ਹਮੇਸ਼ਾ ਆਪਣੀ ਧੀ ਦੀਆਂ ਗਲਤੀਆਂ ਸੁਣ ਕੇ ਏਥੇ ਹੀ ਛੱਡ ਜਾਂਦੇ ਨੇ, ਸਿਕੰਦਰ ਵਾਂਗ, ਹਲਾਲ ਹੋਣ ਲਈ।

ਇਕ ਦਿਨ ਤਾਂ ਹੱਦ ਹੀ ਹੋ ਗਈ। ਉਗਰਾਹੀ ਦੇ ਪੈਸਿਆਂ ਵਿਚੋਂ ਪੰਜਾਹ ਰੁਪਏ ਘੱਟ ਸਨ। ਬਾਊ ਜੀ ਲੋਹ ਲਾਖੇ ਹੋ ਗਏ। ਸਿਕੰਦਰ ਹੱਥ ਜੋੜਦਾ ਰਿਹਾ।

"ਬਾਊ ਜੀ ਮੈਥੋਂ ਗਿਣਤੀ 'ਚ ਗਲਤੀ ਹੋ ਗਈ ਹੋਵੇਗੀ। ਮੇਰੀਆਂ ਤਾਂ ਭਾਵੇਂ ਜੇਬਾਂ ਫਰੋਲ ਲਵੋ। ਜੇ ਨਹੀਂ ਯਕੀਨ ਤਾਂ ਮੇਰੀ ਤਨਖ਼ਾਹ ਵਿਚੋਂ ਕੱਟ ਲੈਣਾ।"

ਸੁਣ ਕੇ ਬਾਊ ਜੀ ਭੜਕ ਉੱਠੇ। ਕੋਲ ਪਈ ਡਾਂਗ ਗਿੱਟਿਆਂ 'ਤੇ ਦੇ ਮਾਰੀ।

-"ਕੰਜਰਾ!... ਅਹਿਸਾਨ ਕਰਦੈਂ।"

ਸਿਕੰਦਰ ਇੰਝ ਸਹਿਮਿਆ ਖੜ੍ਹਾ ਸੀ, ਜਿਵੇਂ ਕੋਈ ਸਰਾਲ ਸਾਹ ਪੀ ਗਈ ਹੋਵੇ। ਕਈ ਦਿਨ ਗਿੱਟੇ ਦੀ ਸੱਟ ਦਾ ਮਾਤਮ ਜਿਹਾ ਕਰਦਾ ਰਿਹਾ। ਡਰ ਨਾਲ ਪੀਲਾ ਭੂਕ ਹੋ ਗਿਆ ਸੀ।

ਇਕ ਦਿਨ ਮੈਨੂੰ ਪਤਾ ਲੱਗਿਆ। ਭਰਾ ਨੂੰ ਮਿਲਣ ਗਿਆ। ਮੁੜ ਕੇ ਨਹੀਂ ਆਇਆ। ਨਾ ਭਰਾ ਕੋਲ ਪਹੁੰਚਿਆ। ਨਾ ਕੋਈ ਥਹੁ ਪਤਾ ਲੱਗਿਆ। ਆਪਣੇ ਕੱਪੜੇ ਤੇ ਹੋਰ ਨਿੱਕ-ਸੁੱਕ ਵੀ ਛੱਡ ਗਿਆ। ਮੇਰੇ ਅੰਦਰ ਇਕ ਡਰ ਪੈਦਾ ਹੋ ਗਿਆ। ਤ੍ਰਿਸਕਾਰ ਹੇਠਾਂ ਦੱਬ ਕੇ ਆਪਣੀ ਜਾਨ ਨਾ ਗਵਾ ਬੈਠਾ ਹੋਵੇ। ਕਈ ਵਾਰ ਮੈਨੂੰ ਇੰਜ ਲੱਗਦਾ ਜਿਵੇਂ ਬਾਊ ਜੀ ਨੂੰ ਧੱਕਾ ਮਾਰ ਕੇ ਸਿਕੰਦਰ ਪੂਰੇ ਜ਼ੋਰ ਨਾਲ ਨੱਸ ਰਿਹੈ। ਦੂਰ ਜਾ ਰਿਹੈ। ਹੱਫਦਾ ਹੋਇਆ। ਤ੍ਰਿਸਕਾਰ ਦੀ ਹੱਦ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰ ਰਿਹੈ। ਫੇਰ ਉਸਨੇ ਖੁਦਮੁਖ਼ਤਾਰੀ ਦੀ ਸਰਜਮੀ 'ਤੇ ਪੈਰ ਰੱਖ ਕੇ ਖੁੱਲ੍ਹੀ ਹਵਾ ਵਿਚ ਸਾਹ ਲਿਆ। ਮੈਂ ਵੀ ਤਾਂ ਏਸ ਹੱਦ ਤੋਂ ਪਾਰ ਧੜਕਦੀ ਜ਼ਿੰਦਗੀ ਵੇਖਣਾ ਚਾਹੁੰਦੀ ਹਾਂ। ਖੁੱਲ੍ਹੀ ਹਵਾ ਵਿਚ ਆਪਣਾ-ਆਪ ਲੱਭਣਾ ਚਾਹੁੰਦੀ ਹਾਂ। ਏਸੇ ਕਰਕੇ



ਮੈਂ ਅਖ਼ਬਾਰ ਵਿਚ ਇਸ਼ਤਿਹਾਰ ਪੜ੍ਹਕੇ ਟੀਚਰ ਦੀ ਨੌਕਰੀ ਲਈ ਅਰਜ਼ੀ ਦਿੱਤੀ। ਸਕੂਲ ਵੱਲੋਂ ਨਿਯੁਕਤੀ ਪੱਤਰ ਆਇਆ ਵੇਖ ਕੇ ਅੰਤਾਂ ਦੀ ਖੁਸ਼ ਸੀ। ਜਗਨ ਨੂੰ ਦੱਸਿਆ।

"ਮੇਰਾ ਰਿਕਾਰਡ ਸਭ ਤੋਂ ਵਧੀਆ ਸੀ। ਹਮੇਸ਼ਾ ਫਸਟ ਡਿਵੀਜ਼ਨ ਲਈ ਐ। ਏਸੇ ਲਈ ਮੇਰੀ ਸਿਲੈਕਸ਼ਨ ਹੋ ਗਈ।" ਮੈਨੂੰ ਆਪਣੇ-ਆਪ 'ਤੇ ਅਜੀਬ ਮਾਣ ਮਹਿਸੂਸ ਹੋ ਰਿਹਾ ਸੀ। ਜਗਨ ਦੇ ਮੱਥੇ ਤਿਊੜੀਆਂ ਪੈ ਗਈਆਂ।

-"ਤੂੰ ਕਿਸ ਤੋਂ ਪੁੱਛ ਕੇ ਅਰਜ਼ੀ ਦਿੱਤੀ ਸੀ। ਤੈਨੂੰ ਪਤੈ ਸਾਡੇ ਘਰ ਦੀ ਜਨਾਨੀ ਕਦੇ ਨੌਕਰੀ ਕਰਨ ਨਹੀਂ ਗਈ, ਤੇ ਨਾ ਈ ਜਾਵੇਗੀ।"

"ਇਸ ਵਿਚ ਪੁੱਛਣ ਦੀ ਕੀ ਲੋੜ ਸੀ। ਮੈਂ ਨੌਕਰੀ ਕਰਨਾ ਚਾਹੁੰਦੀ ਹਾਂ। ਇਹ ਮੇਰਾ ਫ਼ੈਸਲਾ ਸੀ। ਜੇ ਇਸ ਘਰ ਦੀ ਕਿਸੇ ਜਨਾਨੀ ਨੇ ਨੌਕਰੀ ਨਹੀਂ ਕੀਤੀ ਤਾਂ ਕੀ ਹੋਇਆ। ਮੈਂ ਸ਼ੁਰੂਆਤ ਕਰਨਾ ਚਾਹੁੰਦੀ ਹਾਂ।" ਮੈਂ ਹਾਲੇ ਵੀ ਮੁਸਕਰਾ ਕੇ ਚੁਲਬੁਲੇਪਣ ਨਾਲ ਕਿਹਾ।

"ਤੈਨੂੰ ਕੀ ਨਹੀਂ ਮਿਲਦਾ। ਖਾਣ ਨੂੰ ਘਰੇ ਰੋਟੀ ਨਹੀਂ ਕਿ ਪਹਿਨਣ ਨੂੰ ਕੱਪੜੇ ਨਹੀਂ।" ਜਗਨ ਦੇ ਚਿਹਰੇ ਦਾ ਰੰਗ ਬਦਲ ਗਿਆ ਸੀ।

"ਇੰਝ ਕਿਓਂ ਕਹਿੰਦੇ ਓ... ਮੈਂ ਪੜ੍ਹੀ-ਲਿਖੀ ਹਾਂ। ਮੈਂ ਖਾਣ ਤੇ ਪਹਿਨਣ ਤੋਂ ਅਗਾਂਹ ਦੀ ਸੋਚ ਰੱਖਦੀ ਹਾਂ।"

"ਬਕਵਾਸ ਨਾ ਕਰ... ਤੇਰੇ ਪਿਓ ਦਾ ਰਾਜ ਐ।" ਜਗਨ ਪੂਰੇ ਜ਼ੋਰ ਨਾਲ ਗਰਜਿਆ। ਮੈਂ ਅੰਦਰ ਤਾਈਂ ਕੰਬ ਗਈ। ਮੇਰੇ ਨਾਲ ਜਿਵੇਂ ਘਰ ਦੀਆਂ ਕੰਧਾਂ ਦੇ ਵੀ ਸਾਹ ਪੀਤੇ ਗਏ। ਕੀ ਰਾਜ ਪਿਓ ਦਾ ਈ ਹੋ ਸਕਦੈ ਜਾਂ ਫੇਰ ਖਾਵੰਦ ਦਾ? ਕਿਹੋ ਜਿਹੇ ਹੁਕਮਰਾਨ ਨੇ, ਜਿਹੜੇ ਔਰਤ ਦੇ ਜਜ਼ਬਾਤਾਂ ਨੂੰ ਲਤਾੜਦੇ ਨੇ। ਪਰ ਦੇਵੀ ਮਾਤਾ ਦੀ ਪੂਜਾ ਕਰਦੇ ਨੇ।

ਜੀਅ ਕਰਦੈ ਮੈਂ ਵੀ ਚੰਡੀ ਬਣ ਜਾਵਾਂ। ਕੋਈ ਸ਼ੂਕਦੀ ਹਵਾ ਬਣ ਜਾਵਾਂ। ਏਸ ਬੇਰਹਿਮ ਕੈਦ ਵਿਚੋਂ ਦੂਰ ਭੱਜ ਜਾਵਾਂ... ਸਿਕੰਦਰ ਵਾਂਗ। ਪਰ ਕਿਵੇਂ? ਰਿਸ਼ਤਿਆਂ ਦੀ ਟੁੱਟ-ਭੱਜ ਲੈ ਕੇ ਇਹ ਲੱਛਮੀ ਕਿੱਥੇ ਜਾਵੇਗੀ? ਫੇਰ ਚੁੱਪ ਹੋ ਜਾਂਦੀ ਹਾਂ। ਕਿਸੇ ਮੂਹਰੇ ਫਰਿਆਦ ਵੀ ਨਹੀਂ ਕਰ ਸਕਦੀ। ਕੀ ਬਾਊ ਜੀ ਕੋਲ ਜਾ ਕੇ ਰੋਵਾਂ?... ਏਸ ਮਰਿਯਾਦਾ ਦੇ ਭੁਲੇਖੇ ਨੂੰ ਤੋੜ ਦੇਵਾਂ। ਕੀ ਓਸ ਪਿਓ ਕੋਲ ਰੋਵਾਂ... ਜਿਹੜਾ ਸਭਾ ਵਿਚ ਖੜ੍ਹਾ ਹੋ ਕੇ ਕਹਿੰਦਾ ਹੈ— ਧੀ ਤੇ ਪੁੱਤ ਵਿਚ ਕੋਈ ਅੰਤਰ ਨਹੀਂ। ਅੱਜ ਦੇ ਯੁੱਗ ਵਿਚ ਦੋਹੇਂ ਬਰਾਬਰ ਹਨ। ਝੂਠ ਕਹਿੰਦੇ ਨੇ ਬਾਊ ਜੀ। ਪਹਿਲਾਂ ਘਰ ਵਿਚੋਂ ਤਾਂ ਏਸ ਵਿਤਕਰੇ ਨੂੰ ਦੂਰ ਕਰਦੇ। ਉਹ ਤਾਂ ਹਰ ਪਲ ਜਗਨ ਦੇ ਸੋਹਲੇ ਗਾਉਂਦੇ ਨੇ। ਬਹੁਤ ਲਾਇਕ ਦਾਮਾਦ ਐ। ਤਕੜਾ ਬਿਜਨੈਸ। ਵਾਧੂ ਪੈਸਾ। ਵਧੀਆ ਘਰ।

ਪਰ ਬਾਊ ਜੀ ਇਹ ਕਿਉਂ ਭੁੱਲ ਗਏ, ਤੁਹਾਡੀ ਲੱਛਮੀ ਵੀ ਉਸ ਘਰ ਵਿਚ ਹੈ। ਮੇਰਾ ਵੀ ਨਾਂਅ ਲਓ ਕਦੇ। ਜਗਨ ਦਾ ਘਰ-ਬਾਰ... ਪੈਸਾ... ਸਭ ਕੁਝ ਹੈ। ਤੇ ਲੱਛਮੀ ਕਿਸਦੀ ਐ? ਪਰ ਬਾਊ ਜੀ ਤਾਂ ਭੁੱਲ ਜਾਂਦੇ ਨੇ। ਉਹਨਾਂ ਤਾਂ ਜਗਨ

ਦੇ ਹੱਥ ਜਿਵੇਂ ਰਬੜ ਦੀ ਗੁੱਡੀ ਫੜ੍ਹਾ ਦਿੱਤੀ ਹੋਵੇ– ਜਾਹ ਕਾਕਾ, ਜਿਵੇਂ ਮਰਜ਼ੀ ਤੋੜੀ– ਮਰੋੜੀ ਜਾਹ, ਖੇਡੀ ਜਾਹ, ਹੁਣ ਇਹ ਸਿਰਫ਼ ਤੇਰੀ ਐ।

ਸਿਕੰਦਰ ਦਾ ਭਰਾ ਵੀ ਤਾਂ ਸੌ-ਸੌ ਗੱਲਾਂ ਸੁਣ ਕੇ ਤੁਰ ਜਾਂਦਾ ਸੀ। ਫੇਰ ਵੀ ਸਿਕੰਦਰ ਜਾਣ ਲੱਗੇ ਨੂੰ ਜੱਫੀ ਪਾ ਲੈਂਦਾ, "ਵੀਰ ਜੀ ਛੇਤੀ ਗੇੜਾ ਮਾਰਿਓ।" ਬਾਊ ਜੀ ਸਿਕੰਦਰ ਦਾ ਵਤੀਰਾ ਮਾੜਾ ਕਰਕੇ ਇੰਝ ਜਤਾ ਦਿੰਦੇ, ਉਸਦੇ ਭਰਾ ਨੂੰ ਸਿਕੰਦਰ ਹੀ ਗਲਤ ਲੱਗਦਾ। ਉਹੀ ਗੁਰ ਜਗਨ ਕੋਲ ਵੀ ਸੀ। ਅਕਸਰ ਮਾੜੀਆਂ ਮੋਟੀਆਂ ਜਿਹੀਆਂ ਗੱਲਾਂ ਨੂੰ ਵਧਾ ਚੜ੍ਹਾ ਕੇ ਦੱਸਦਾ। ਬਾਊ ਜੀ ਦੇ ਜ਼ਿਹਨ 'ਤੇ ਮੇਰੀ ਮਾੜੀ ਤਸਵੀਰ ਵਾਹ ਦਿੰਦਾ।

"ਇਹ ਬੋਲਦੀ ਐ ਮੂਹਰੋਂ!" ਰੋਹਬਦਾਰ ਲਹਿਜ਼ੇ ਨਾਲ ਜਗਨ ਕਹਿੰਦਾ... ਜਿਵੇਂ ਮੈਨੂੰ ਜਿੱਤ ਕੇ ਲਿਆਂਦਾ ਹੋਵੇ।

"ਕੀ ਮੈਨੂੰ ਬੋਲਣ ਦਾ ਅਧਿਕਾਰ ਨਹੀਂ? ਹਾਂ, ਮੈਂ ਬੋਲਦੀ ਹਾਂ। ਕੀ ਇਹ ਨਹੀਂ ਗਾਲ੍ਹਾਂ ਕੱਢਦੇ? ਫੇਰ ਮੈਂ ਮੂਹਰੋਂ ਜਵਾਬ ਕਿਉਂ ਨਹੀਂ ਦੇ ਸਕਦੀ?" ਮੈਂ ਇਕ ਵਾਰ ਹਰਖ ਕੇ ਕਿਹਾ ਸੀ। ਮੈਂ ਉਸ ਦਿਨ ਚੰਡੀ ਬਣ ਗਈ... ਸ਼ੂਕਦੀ ਹਨ੍ਹੇਰੀ ਬਣ ਗਈ।

"ਲੈ ਜਾਓ ਏਸ ਨੂੰ... ਮੈਂ ਇਹ ਬਰਦਾਸ਼ਤ ਨਹੀਂ ਕਰਨਾ।" ਜਗਨ ਨੇ ਜਾਣ-ਬੁੱਝ ਕੇ ਬਾਊ ਜੀ 'ਤੇ ਅਖ਼ੀਰਲੀ ਚੋਟ ਕੀਤੀ ਤੇ ਬਾਊ ਜੀ ਬੁੱਤ ਵਾਂਗ ਖਲੋਤੇ ਰਹੇ... ਅਹਿੱਲ... ਅਤੇ ਮੈਂ ਰੋਂਦੀ ਰਹੀ।

"ਮੈਨੂੰ ਲੈ ਜਾਓ ਬਾਊ ਜੀ... ਹਾਲੇ ਮੈਂ ਅੰਦਰੋਂ ਜਿਉਂਦੀ ਹਾਂ... ਮੈਂ ਸਿਕੰਦਰ ਵਾਂਗ ਨੌਕਰ ਨਹੀਂ। ਬਗ਼ੈਰ ਇਜਾਜ਼ਤ ਤੋਂ ਮੈਂ ਇਕ ਪੈਸਾ ਨਹੀਂ ਖਰਚ ਸਕਦੀ। ਪੈਸੇ-ਪੈਸੇ ਦਾ ਹਿਸਾਬ ਮੰਗਿਆ ਜਾਂਦੈ। ਕਿੱਥੇ ਖਰਚੇ? ਕਿੰਨੇ ਖਰਚੇ? ਕਿਉਂ ਖਰਚੇ? ਮੈਂ ਤਾਂ ਕਦੇ ਜਗਨ ਤੋਂ ਕੋਈ ਹਿਸਾਬ ਨਹੀਂ ਲਿਆ ਜਾਂ ਫੇਰ ਮੈਨੂੰ ਅਜਿਹਾ ਕੋਈ ਹੱਕ ਨਹੀਂ। ਮੈਂ ਉਸਦੇ ਅਧੀਨ ਹਾਂ। ਬਾਊ ਜੀ ਹੁਣ ਤਾਂ ਲੱਗਦੈ ਇਹ ਸਾਹ ਵੀ ਉਧਾਰੇ ਨੇ... ਕਿਸੇ ਦੇ ਰਹਿਮੋ-ਕਰਮ 'ਤੇ ਚੱਲਦੇ ਪਏ ਨੇ। ਮੈਨੂੰ ਆਪਣੇ ਨਾਲ ਲੈ ਜਾਓ, ਬਾਊ ਜੀ.. ਮੈਨੂੰ ਲੈ ਜਾਓ...।" ਮੈਂ ਰੋਂਦੀ ਰਹੀ। ਮੇਰੇ ਹੰਝੂ ਵੀ ਬਾਊ ਜੀ ਦੀ ਬੇਰਹਿਮ ਤਾਸੀਰ ਨਾ ਬਦਲ ਸਕੇ। ਸਿਕੰਦਰ ਦੇ ਭਰਾ ਵਾਂਗ ਹਦਾਇਤਾਂ ਦੇ ਗਏ। "ਚੁੱਪ ਰਹੀਦੈ...। ਇਕ ਚੁੱਪ, ਸੌ ਸੁੱਖ... ਅਗਾਂਹ ਤੋਂ ਤੇਰੀ ਕੋਈ ਸ਼ਿਕਾਇਤ ਨਾ ਆਵੇ।"

***

ਮੈਂ ਹੱਸ ਪਈ। ਪਾਗਲਾਂ ਵਾਂਗ। ਮੈਂ ਹੀ ਨਹੀਂ ਸ਼ਾਇਦ ਮੇਰੇ ਨਾਲ ਰਹਿੰਦਾ ਸਿਕੰਦਰ ਦਾ ਵਜੂਦ ਵੀ ਹੱਸ ਰਿਹਾ ਸੀ।

ਅੱਜ ਸਭ ਕੁਝ ਯਾਦ ਕਰਦਿਆਂ-ਕਰਦਿਆਂ ਮੇਰੀਆਂ ਅੱਖਾਂ ਵਿਚੋਂ ਦੋ ਹੰਝੂ ਦੀਵੇ ਦੀ ਸਿੱਧੀ ਸਤੋਰ ਲੋਅ 'ਤੇ ਜਾ ਡਿੱਗੇ... ਲੋਅ ਚਿੜ-ਚਿੜ ਕਰਕੇ ਕੰਬ ਗਈ।

ਅੱਥਰੂ ਪੂੰਝ ਕੇ ਮੇਰੀ ਸੁਰਤ ਫੇਰ ਸਿਕੰਦਰ 'ਤੇ ਜਾ ਖਲੋਤੀ। ਦੀਵਾਲੀ ਵਾਲੇ ਦਿਨ ਸਵੇਰੇ-ਸਵੇਰੇ ਝਿੜਕਾਂ ਖਾ ਕੇ ਵੀ ਸਿਕੰਦਰ ਸ਼ਾਂਤ ਲੱਗਿਆ। ਰਾਤ ਨੂੰ ਬਨੇਰਿਆਂ



'ਤੇ ਦੀਵੇ ਬਾਲ ਰਿਹਾ ਸੀ। ਮੈਂ ਦੀਵਿਆਂ ਦੇ ਚਾਨਣ ਵਿਚ ਉਸਦਾ ਚਿਹਰਾ ਵੇਖਣ ਦੀ ਕੋਸ਼ਿਸ਼ ਕੀਤੀ।

– ਜ਼ਰੂਰ ਰੋ ਕੇ ਆਇਆ ਹੋਵੇਗਾ। ਜਾਂ ਫੇਰ ਉਦਾਸ ਹੋਵੇਗਾ। ਪਰ ਨਹੀਂ। ਉਸਦੇ ਚਿਹਰੇ 'ਤੇ ਇਕ ਅਜੀਬ ਸਬਰ ਤੇ ਨੂਰ ਸੀ। ਸਗੋਂ ਹੋਰ ਵੀ ਨਿਖਰਿਆ-ਨਿਖਰਿਆ ਲੱਗਿਆ।

ਮੈਂ ਜਾਣ-ਬੁੱਝ ਕੇ ਉਸਨੂੰ ਪੁੱਛਿਆ ਸੀ, "ਬਾਈ ਬੜਾ ਲਿਸ਼ਕੀ ਜਾਣੈ... ਕੱਪੜੇ ਵੀ ਬੜੇ ਸੋਹਣੇ ਪਾਏ ਨੇ।"

ਭੈਣੇ... ਆਹ ਨਮਾਂ ਕੁੜਤਾ ਪਜਾਮਾ ਸਮਾ ਕੇ ਦਿਤੈ। ਬਾਊ ਜੀ ਹੋਰਾਂ ਨੇ।" ਕਿੰਨਾ ਨਿਮਾਣਾ ਐ ਵਿਚਾਰਾ। ਝਾੜ-ਝੰਬ ਕਰਾ ਕੇ ਵੀ ਬਾਊ ਜੀ ਵੱਲੋਂ ਮਿਲੇ ਤੋਹਫ਼ੇ 'ਤੇ ਉਸਨੂੰ ਕਿੰਨਾ ਮਾਣ ਸੀ। ਪਰ ਮੇਰੇ ਮੂੰਹੋਂ ਆਪਣੀ ਤਾਰੀਫ਼ ਸੁਣ ਕੇ ਜਿਵੇਂ ਉਸਨੂੰ ਇਕ ਊਰਜਾ ਮਿਲ ਗਈ। ਸੱਚ ਹੀ ਤਾਂ ਹੈ ਪਿਆਰ ਤੇ ਤਾਰੀਫ਼ ਕਦੇ-ਕਦੇ ਨੀਰਸ ਜ਼ਿੰਦਗੀ ਵਿਚ ਕਿੰਨੀ ਮਿਠਾਸ ਭਰ ਦਿੰਦੇ ਨੇ।

ਸੋਚ ਕੇ ਮੈਨੂੰ ਮੇਰਾ ਵਜੂਦ ਸਿਕੰਦਰ ਤੋਂ ਵੀ ਨੀਵਾਂ ਜਾਪ ਰਿਹਾ ਸੀ। ਹਾਲੇ ਪਿਛਲੇ ਹਫ਼ਤੇ ਮੈਂ ਨਵਾਂ ਸੂਟ ਪਾ ਕੇ ਤਿਆਰ ਹੋਈ ਸੀ। ਅੰਦਰੋਂ ਮੋਹ ਪਿਆਰ ਦੇ ਕੁਦਰਤੀ ਵੇਗ ਨੂੰ ਸੰਭਾਲ-ਸੰਭਾਲ ਕੇ ਜਗਨ ਨੂੰ ਉਡੀਕ ਰਹੀ ਸੀ। ਆਪਣੇ-ਆਪ ਨੂੰ ਸ਼ੀਸ਼ੇ ਮੂਹਰੇ ਵੇਖਿਆ ਤਾਂ ਸੂਟ ਦਾ ਗੁਲਾਬੀ ਰੰਗ ਚਿਹਰੇ ਤਕ ਫੈਲ ਗਿਆ ਸੀ। ਖਿੜੇ ਗੁਲਾਬ ਵਾਂਗ। ਕਈ ਦਿਨਾਂ ਦੀ ਨਰਾਜ਼ਗੀ ਦੂਰ ਕਰਨਾ ਚਾਹੁੰਦੀ ਸੀ। ਜਗਨ ਆ ਗਿਆ। ਕੱਪੜੇ ਬਦਲੇ। ਦੇਵੀ ਮਾਂ ਅੱਗੇ ਜੋਤ ਜਗਾਈ। ਰੋਟੀ ਵੀ ਖਾ ਲਈ। ਪਰ ਮੇਰੇ ਵੱਲ ਕੋਈ ਧਿਆਨ ਨਹੀਂ ਦਿੱਤਾ। ਆਪਣੇ ਬਹੀ-ਖਾਤੇ ਫਰੋਲਣ ਬੈਠ ਗਿਆ। ਮੈਨੂੰ ਆਪ ਹੀ ਪੁੱਛਣਾ ਪਿਆ।

"ਕਿਹੋ ਜਿਹੀ ਲੱਗਦੀ ਆਂ?"

"ਬੜੀ ਸੋਹਣੀ।"

"ਤੁਸੀਂ ਬਿਨਾਂ ਵੇਖੇ ਹੀ ਕਿਵੇਂ ਦੱਸ ਦਿੱਤਾ?"

"ਮੈਨੂੰ ਪਤੈ... ਤੂੰ ਹਮੇਸ਼ਾ ਹੀ ਸੁਹਣੀ ਲੱਗਦੀ ਐਂ।"

"ਨਹੀਂ, ਵੇਖੋ ਜਰਾ। ਮੈਂ ਤਾਂ ਨਵਾਂ ਸੂਟ ਵਿਖਾਉਣਾ ਸੀ। ਦੱਸੋ ਕਿਹੋ ਜਿਹਾ ਲੱਗ ਰਿਹੈ?" ਮੈਂ ਜਬਰਦਸਤੀ ਉਸਦਾ ਧਿਆਨ ਆਪਣੇ-ਆਪ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ।

"ਅੱਛਾ, ਅੱਛਾ, ਸੂਟ ਸੁਹਣਾ ਐ। ਮੈਂ ਵੀ ਕਹਾਂ ਤੂੰ ਅੱਜ ਐਨੀ ਸੋਹਣੀ ਕਿਉਂ ਲੱਗ ਰਹੀ ਐਂ।" ਕਹਿ ਕੇ ਜਗਨ ਫੇਰ ਕੰਮ ਵਿਚ ਮਸਤ ਹੋ ਗਿਆ। ਉਸਦੀ ਬੇਰੁਖੀ ਵੇਖ ਕੇ ਮੇਰੇ ਮਨ ਵਿਚੋਂ ਪਿਆਰ ਦੀ ਰੋਸ਼ਨੀ ਦਾ ਇਕ ਹੋਰ ਲਾਟੂ ਗੁੱਲ ਹੋ ਗਿਆ।

ਹੁਣ ਤਾਂ ਕਤਰਾ-ਕਤਰਾ ਡਿੱਗਦੇ ਪਲ ਮੇਰੀ ਉਮਰ ਦੇ ਕੁੰਭ ਵਿਚੋਂ ਮਨਫ਼ੀ ਹੋ ਰਹੇ ਨੇ। ਰਹਿੰਦੇ ਪਾਣੀ ਅੰਦਰ ਖੜੋਤ ਆ ਗਈ। ਕਾਈ ਜੰਮ ਗਈ, ਮੇਰੇ ਧੁਰ ਅੰਦਰ। ਆਪਣੇ-ਆਪ ਵਿਚੋਂ ਹਵਕ ਆਉਂਦੀ ਹੈ। ਲੱਗਦੈ ਜਿਵੇਂ ਕੋਈ ਬੇਲੋੜੀ

ਚੀਜ਼ ਹੋਵਾਂ। ਅੰਦਰ ਇਕ ਭਿਆਨਕ ਜੰਗਲ ਉੱਗ ਖਲੋਤਾ। ਤੈਅਸ਼ੁਦਾ, ਲੀਕੀ ਹੋਈ ਜ਼ਿੰਦਗੀ ਵਿਚ ਭਟਕਦੀ ਹੋਈ। ਪਤਾ ਨਹੀਂ ਕੀ ਲੱਭ ਰਹੀ ਹਾਂ। ਸ਼ਾਇਦ ਹਾਲੇ ਵੀ ਜ਼ਿੰਦਗੀ ਦੇ ਮਾਇਨੇ ਤਲਾਸ਼ਦੀ ਹਾਂ।

ਅੰਦਰਲਾ ਅਖ਼ੀਰਲਾ ਰੋਸ਼ਨੀ ਦਾ ਲਾਟੂ ਅੱਜ ਸਵੇਰੇ ਵਰ੍ਹੇ ਦਿਨਾਂ ਦੇ ਦਿਨ ਬੁਝ ਗਿਆ। ਮੈਂ ਜਗਨ ਨੂੰ ਪੁੱਛ ਬੈਠੀ ਸੀ, "ਰਾਤ ਬੜੀ ਲੇਟ ਘਰ ਕਿਉਂ ਆਏ?"

"ਐਵੇਂ ਦੋਸਤ-ਮਿੱਤਰ ਇਕੱਠੇ ਹੋ ਕੇ ਹੋਟਲ 'ਚ ਬੈਠ ਗਏ। ਬੜਾ ਆਨੰਦ ਆਇਆ। ਬੜੇ ਚਿਰਾਂ ਬਾਅਦ ਦੋ ਘੰਟੇ ਗੱਪ-ਸ਼ੱਪ ਕੀਤੀ। ਫਰੈੱਸ਼ ਹੋ ਗਏ।" ਜਗਨ ਨੇ ਖ਼ੁਸ਼ ਹੋ ਕੇ ਕਿਹਾ।

"ਤਾਂ ਹੀ ਕਹਿਨੀ ਆਂ, ਜ਼ਿੰਦਗੀ ਵਿਚ ਥੋੜ੍ਹੀ ਬਹੁਤ ਚੇਂਜ ਚਾਹੀਦੀ ਐ।" ਮੈਂ ਉਸਦਾ ਮੂਡ ਵੇਖ ਕੇ ਗੱਲ ਸ਼ੁਰੂ ਕੀਤੀ।

"ਠੀਕ ਐ... ਵਾਕਈ ਚੇਂਜ ਜ਼ਰੂਰੀ ਹੈ।" ਜਗਨ ਨੇ ਕਿਹਾ।

"ਫੇਰ ਮੈਂ ਵੀ ਪਹਿਲੀ ਤਾਰੀਖ਼ ਨੂੰ ਨੌਕਰੀ ਜੁਆਇਨ ਕਰ ਲਵਾਂ?" ਮੈਂ ਹਲਕੇ-ਫੁਲਕੇ ਅੰਦਾਜ਼ ਨਾਲ ਹੱਸ ਕੇ ਕਿਹਾ।

ਜਗਨ ਭੜਕ ਉੱਠਿਆ। ਕੋਲ ਖੜ੍ਹੇ ਨੌਕਰ ਸਾਹਮਣੇ ਮੇਰੀ ਰੱਜ ਕੇ ਬੇਇੱਜ਼ਤੀ ਕੀਤੀ। ਫੁੰਕਾਰੇ ਮਾਰਦਾ ਘਰੋਂ ਬਾਹਰ ਚਲਾ ਗਿਆ।

ਨੌਕਰ ਸਾਹਮਣੇ ਬੇਇੱਜ਼ਤ ਹੋ ਕੇ ਮੈਂ ਤੜਫਦੀ ਰਹੀ। ਮੂਹਰੋਂ ਕੁਝ ਨਾ ਬੋਲ ਸਕੀ।

ਜਗਨ ਦੇ ਏਸ ਨਿਰਾਦਰ ਨੇ ਮੈਨੂੰ ਖੜ੍ਹੀ-ਖਲੋਤੀ ਨੂੰ ਸੀਤਾ ਵਾਂਗ ਅੱਗ ਵਿਚੋਂ ਲੰਘਾ ਦਿੱਤਾ।

ਹੁਣ ਤਾਂ ਮੈਂ ਕਈ ਵਾਰ ਏਸ ਅੱਗ ਵਿਚੋਂ ਲੰਘ ਚੁੱਕੀ। ਖ਼ੁਦ ਹੀ ਅੱਗ ਵਾਂਗ ਤਪ ਰਹੀ ਹਾਂ। ਹੁਣ ਜਗਨ ਅੱਗ ਨੂੰ ਅੱਗ ਵਿਚੋਂ ਕਿਵੇਂ ਲੰਘਾਏਗਾ।

ਜੇ ਸੀਤਾ ਨੂੰ ਅੱਗ ਵਿਚੋਂ ਲੰਘਾਉਣ ਤੇ ਜਨਕ ਨੇ ਕਿੰਤੂ-ਪਰੰਤੂ ਨਹੀਂ ਕੀਤਾ- ਕਿ ਮੇਰੀ ਫੁੱਲ ਵਰਗੀ ਕੋਮਲ ਬੱਚੀ ਨਾਲ ਇਹ ਅਨਰਥ ਕਿਉਂ ਹੋਇਆ? ਫੇਰ ਬਾਊ ਜੀ ਕਿਉਂ ਕੋਈ ਸਵਾਲ ਕਰਨਗੇ ਜਗਨ ਨੂੰ, ਉਹ ਕਿਉਂ ਕੁਝ ਪੁੱਛਣਗੇ?

ਉਹਨਾਂ ਦੀ ਪੁੱਛਣ ਦੀ ਸੀਮਾ ਤਾਂ ਸਿਰਫ਼ ਅਖ਼ੀਰਲੀ ਗੱਲ ਪੁੱਛਣ ਤਕ ਸੀ, ਜੋ ਉਹਨਾਂ ਮੇਰੇ ਵਿਆਹ ਤੋਂ ਪਹਿਲਾਂ ਪੰਡਤ ਕੋਲੋਂ ਪੁੱਛ ਲਈ ਸੀ।

"ਸੰਜੋਗ ਬਣਦਾ ਹੈ, ਕਿ ਨਹੀਂ?"

ਸੰਜੋਗ ਹੋ ਗਿਆ। ਪਰ ਸੁਮੇਲ?... ਇਹ ਪੁੱਛਣ ਦਾ ਹੌਸਲਾ ਜਾਂ ਕੋਸ਼ਿਸ਼ ਕਦੇ ਕਿਸੇ ਨੇ ਨਹੀਂ ਕੀਤੀ। ਇਹਨਾਂ ਸੰਜੋਗਾਂ ਦੇ ਪੁੜਾਂ ਵਿਚ ਜ਼ਿਬ੍ਹਾ ਹੁੰਦੀ ਰਹਿੰਦੀ ਹੈ ਲੱਛਮੀ। ਨਰੜ ਬਥੇਰਿਆਂ ਦੀ ਕਤਾਰ ਵਿਚ ਖੜ੍ਹੀ। ਬਗਾਵਤ ਨਹੀਂ ਕਰ ਸਕਦੀ। ਬੇਵੱਸ ਹਾਂ। ਬਾਜ਼ ਦੀ ਘਾਇਲ ਕੀਤੀ ਹੋਈ ਕੂੰਜ ਵਾਂਗ। ਡਰੀ, ਸਹਿਮੀ।

ਬਿਨਾਂ ਚਿਹਰੇ-ਮੋਹਰੇ ਵਾਲੀ ਬੇਪਛਾਣ ਇੱਜ਼ਤ ਨੂੰ ਸੜ ਚੁੱਕੇ ਦਾਮਨ ਵਿਚ ਸਾਂਭੀ ਬੈਠੀ ਹਾਂ। ਕਿਧਰੇ ਜੱਗ ਤਮਾਸ਼ਾ ਨਾ ਬਣ ਜਾਵਾਂ। ਬੇਵਸੀ ਦੇ ਬੱਦਲ ਹੰਝੂਆਂ



ਨਾਲ ਭਰੇ ਰਹਿੰਦੇ। ਪਰ ਹੁਣ ਵੱਸਦੇ ਨਹੀਂ। ਬੱਦਲ ਅੰਦਰ ਹੀ ਗਰਜ਼ ਲੈਂਦੇ ਨੇ... ਡਰਾਉਂਦੇ ਨੇ... ਉਹਨਾਂ ਦੀ ਤਲਵਾਰ ਜਿਹੀ ਤਿੱਖੀ ਕੜਕਦੀ ਬਿਜਲੀ ਕਾਲਜੇ 'ਤੇ ਡਿੱਗ ਪੈਂਦੀ ਹੈ। ਕਾਲਜਾ ਗਿੱਲੇ ਬਾਲਣ ਵਾਂਗ ਧੁੱਖਦਾ ਰਹਿੰਦਾ ਹੈ। ਅਣਵਹੇ ਨੈਣਾਂ ਦੇ ਨੀਰ ਤੇ ਹੌਕਿਆਂ ਦਾ ਗੋਲਾ। ਮੂਕ ਗੋਲਾ ਅੰਦਰ ਹੀ ਉੱਸਲਵੱਟੇ ਲੈਂਦਾ ਰਹਿੰਦੈ। ਕਦੇ-ਕਦੇ ਤਰਾਟਾਂ ਵੀ ਪਾਉਂਦਾ। ਹੁਣ ਇਹ ਗੋਲਾ ਮੇਰੀ ਜੀਭ 'ਤੇ ਆ ਗਿਆ। ਮੇਰੀ ਜੀਭ ਦੇ ਤੰਤੂ ਵੀ ਇਸਦੇ ਹੇਠਾਂ ਦੱਬੇ ਗਏ। ਕੁਝ ਬੋਲਣ ਨਹੀਂ ਦਿੰਦਾ। ਮੇਰੇ ਵਜੂਦ ਉੱਤੇ ਚੁੱਪ ਦਾ ਗਿਲਾਫ਼ ਚੜ੍ਹ ਗਿਆ। ਧੁਰ ਅੰਦਰ ਤੀਕ ਏਸ ਗੋਲੇ ਦਾ ਹੀ ਪਹਿਰਾ ਹੈ।

ਸ਼ਾਇਦ ਇਹੀ ਗੋਲਾ ਸਿਕੰਦਰ ਦੇ ਅੰਦਰ ਵੀ ਹੋਵੇਗਾ, ਤਾਂ ਹੀ ਉਹ ਚੁੱਪ ਰਹਿੰਦਾ ਸੀ। ਸਦਾ ਸਬਰ ਨਾਲ ਸਰੋਬਾਰ।

ਬਾਊ ਜੀ ਵੀ ਕਹਿੰਦੇ ਨੇ, "ਇਕ ਚੁੱਪ, ਸੌ ਸੁੱਖ।" ਸ਼ਾਇਦ ਸੰਜੋਗਾਂ ਨੂੰ ਮੱਲੋ-ਮੱਲੀ ਸੁਮੇਲ ਵਿਚ ਬਦਲਣ ਦਾ ਕੋਈ ਗੁਰ ਹੋਵੇ।

ਬਾਊ ਜੀ ਅੱਜ ਮੈਨੂੰ ਦੀਵਾਲੀ ਦੇਣ ਆਏ ਸੀ। ਖੀਰ ਦਾ ਡੋਲਣਾ ਫੜ੍ਹਾ ਕੇ ਕਹਿਣ ਲੱਗੇ-

"ਆਹ ਬਾਬੇ ਦੇ ਡੇਰੇ ਦਾ ਪ੍ਰਸ਼ਾਦ। ਲੱਛਮੀ, ਤੈਨੂੰ ਪਤੈ ਆਪਣਾ ਸਿਕੰਦਰ...।"

"ਕੀ ਹੋਇਆ ਸਿਕੰਦਰ ਨੂੰ...?" ਮੈਂ ਡਰ ਗਈ।

"ਮੈਨੂੰ ਤਾਂ ਹੁਣ ਪਤਾ ਲੱਗਿਐ। ਬਾਬਾ ਸਿਕੰਦਰ ਤਾਂ ਸਾਧਾਂ ਨਾਲ ਰਲ ਗਿਆ ਸੀ। ਉਸਨੂੰ ਗਿਆਨ ਪ੍ਰਾਪਤ ਹੋ ਗਿਆ... ਓਹ ਸਾਧ ਬਣ ਗਿਆ। ਜਿਹੜਾ ਆਪਣੀ ਮੰਡੀ ਦੇ ਬਾਹਰ ਡੇਰਾ ਐ। ਸ਼ਾਹ ਸਿਕੰਦਰ ਹੁਣ ਓਥੇ ਆ ਗਿਆ। ਪਿਛਲੇ ਤਿੰਨ ਮਹੀਨਿਆਂ ਤੋਂ ਸਮਾਧੀ 'ਤੇ ਬੈਠੈ। ਹੁਣ ਇਹ ਡੇਰਾ ਬਾਬੇ ਸਿਕੰਦਰ ਸ਼ਾਹ ਦਾ ਡੇਰਾ ਵੱਜਦੈ... ਬਾਬਾ ਸਿਕੰਦਰ ਸ਼ਾਹ ਪਿਛਲੇ ਕਈ ਮਹੀਨਿਆਂ ਤੋਂ ਚੁੱਪ ਐ... ਮੌਨ ਵਰਤ ਧਾਰਨ ਕਰੀ ਬੈਠੈ। ਲੋਕੀ ਜਾਂਦੇ ਨੇ... ਮੱਥਾ ਟੇਕਦੇ ਨੇ... ਕਹਿੰਦੇ ਨੇ ਮੁਰਾਦਾਂ ਪੂਰੀਆਂ ਹੁੰਦੀਆਂ ਨੇ। ਆਹ ਪ੍ਰਸ਼ਾਦ ਸ਼ਾਹ ਦੇ ਡੇਰੇ ਦਾ ਈ ਐ। ਮੈਂ ਤਾਂ ਕਈ ਵਾਰ ਡੇਰੇ ਉਹਨਾਂ ਦੇ ਦਰਸ਼ਨਾਂ ਨੂੰ ਜਾਨੈ।"

ਮੇਰੇ ਚਿਹਰੇ 'ਤੇ ਵਿਅੰਗ ਭਰੀ ਮੁਸਕਾਨ ਠਹਿਰ ਗਈ। ਮੈਂ ਬਾਊ ਜੀ ਵੱਲ ਗਹੁ ਨਾਲ ਵੇਖਿਆ। ਉਹਨਾਂ ਦੀਆਂ ਅੱਖਾਂ ਛਿੱਥੇਪਣ ਦੀ ਗਵਾਹੀ ਦੇ ਰਹੀਆਂ ਸਨ। ਕੁਝ ਪਲ ਲਈ ਚੁੱਪ ਦਾ ਪਹਿਰਾ ਮੇਰੇ ਉੱਤੋਂ ਟੁੱਟ ਗਿਆ। ਮੈਂ ਆਪ-ਮੁਹਾਰੇ ਬੋਲ ਉੱਠੀ-

"ਆਖ਼ਿਰ, ਸਿਕੰਦਰ ਜਿੱਤ ਗਿਆ।"

ਉਸਦੀ ਜਿੱਤ ਦਾ ਖ਼ਿਆਲ ਮੈਨੂੰ ਮੇਰੇ ਅਤੀਤ ਵਿਚੋਂ ਬਾਹਰ ਖਿੱਚ ਲਿਆਇਆ। ਮੇਰੇ ਨਾਲ ਰਹਿੰਦੇ ਸਿਕੰਦਰ ਦਾ ਵਜੂਦ ਉਸਰਦਾ ਜਾ ਰਿਹਾ ਸੀ। ਪਹਾੜ ਜਿੱਡਾ ਵਜੂਦ। ਮੈਂ ਬੌਣੀ ਜਿਹੀ ਹੁੰਦੀ ਜਾ ਰਹੀ ਸੀ। ਮੇਰੇ ਸਾਹਮਣੇ ਜੁਗਨੂੰਆਂ ਵਾਂਗ ਟਿਮਕਦੇ ਦੀਵੇ ਵੀ ਮੈਨੂੰ ਆਪਣੇ-ਆਪ ਤੋਂ ਸ਼ਕਤੀਸ਼ਾਲੀ ਲੱਗੇ। ਨਿੱਕੀ

ਜਿਹੀ ਲੋਅ ਨਾਲ ਹਨ੍ਹੇਰੇ ਨੂੰ ਜਿੱਤਣ ਦੀ ਕੋਸ਼ਿਸ਼ ਕਰਦੇ ਹੋਏ।

ਇਕ ਟਿਮਕਦੀ ਲੋਅ ’ਤੇ ਮੇਰੀ ਨਿਗ੍ਹਾ ਠਹਿਰ ਗਈ। ਸਿਕੰਦਰ ਦੇ ਚਿਹਰੇ ਦੇ ਭਾਂਤ-ਭਾਂਤ ਰੂਪ ਵਿਚੋਂ ਉਕਰਣ ਲੱਗ ਪਏ। ਕਦੇ ਮਾਸੂਮ ਚਿਹਰਾ, ਦੂਜਿਆਂ ਦੀ ਮਰਜ਼ੀ ਅਨੁਸਾਰ ਢਲਦਾ ਹੋਇਆ ਤੇ ਕਦੇ ਚਮਕਦਾ ਚਿਹਰਾ। ਪੂਰੇ ਆਦਮੀ ਵਾਂਗ ਮੁਸਕਰਾਉਂਦਾ। ਜਿਸ ਦੀਆਂ ਸੂਰਜੀ ਅੱਖਾਂ ਵਿਚ ਇਕ ਗੈਬੀ ਰੋਸ਼ਨੀ ਸੀ। ਮੈਂ ਇਕ ਟਕ ਵੇਂਹਦੀ ਰਹੀ। ਮੇਰੇ ਅੰਦਰ ਵੱਸੇ ਜੰਗਲ ਵਿਚ ਨਿੱਕੇ-ਨਿੱਕੇ ਜੁਗਨੂੰ ਚਮਕ ਪਏ। ਭੋਰਾ-ਭੋਰੀ ਖਿੰਡੀ ਲੱਛਮੀ ਦੇ ਟੋਟੇ ਜੁੜਦੇ ਗਏ। ਇਕ ਸਾਬਤ ਤੇ ਅਡੋਲ ਲੱਛਮੀ ਮੇਰੇ ਅੰਦਰ ਉੱਠ ਖਲੋਤੀ। ਜਿਸਦਾ ਕੱਦ ਹੌਲੀ-ਹੌਲੀ ਸਿਕੰਦਰ ਦੇ ਪਹਾੜ ਜਿੱਡੇ ਵਜੂਦ ਵਾਂਗ ਉਸਰਣ ਲੱਗ ਪਿਆ। ਸਵੈ-ਵਿਸ਼ਵਾਸ਼ ਨਾਲ ਭਰਪੂਰ ਇਹ ਲੱਛਮੀ। ਕਿਸੇ ਵੀ ਵਾਰ ਨੂੰ ਕੁੰਦਾ ਕਰਨ ਦੀ ਸ਼ਕਤੀ ਨਾਲ ਸਮਰੱਥ। ਨਵੇਂ ਫ਼ੈਸਲੇ ਅੰਦਰ ਧੜ੍ਹਕੇ। ਜੀਵਨ-ਚਿਣਗ ਭੜਕ ਉਠੀ। ਮੈਂ ਦੰਮ-ਦੰਮ ਕਰਦੀ ਪੌੜੀਆਂ ਉੱਤਰ ਆਈ। ਉਤਸੁਕਤਾ ਨਾਲ ਅਲਮਾਰੀ ਵਿਚੋਂ ਨਿਯੁਕਤੀ-ਪੱਤਰ ਲੱਭ ਕੇ ਆਪਣੇ ਪਰਸ ਵਿਚ ਪਾ ਲਿਆ।

ਜਗਨ ਆਵਾਜ਼ਾਂ ਦੇ ਰਿਹੈ, “ਲੱਛਮੀ... ਲੱਛਮੀ। ਕਿੱਧਰ ਗਈ? ਪੂਜਾ ਦਾ ਮਹੂਰਤ ਨਿਕਲ ਰਿਹੈ।”

ਜਗਨ ਨੇ ਲੱਛਮੀ ਪੂਜਾ ਕਰਨੀ ਹੈ। ਮੇਰੀ ਨਹੀਂ। ਮੈਂ ਤਾਂ ਉਸ ਲਈ ਸਿਰਫ਼ ਨਾਂਅ ਦੀ ਲੱਛਮੀ ਹਾਂ। ਜਗਨ ਮੈਨੂੰ ਲੱਛਮੀ ਮਾਤਾ ਦੀ ਪੂਜਾ ਲਈ ਪੁਕਾਰ ਰਿਹੈ।

“ਕਿੱਥੇ ਸੀ? ਐਨੀ ਦੇਰ ਲਾ ਦਿੱਤੀ? ਤੈਨੂੰ ਪਤਾ ਨਹੀਂ ਸ਼ੁਭ ਮਹੂਰਤ ਨਿਕਲ ਰਿਹੈ।” ਜਗਨ ਨੇ ਗੁੱਸੇ ਨਾਲ ਕਿਹਾ।

ਪਰ ਮੇਰਾ ਅੰਤਰਮਨ ਹੁਣ ਸਹਿਜ ਸੀ। ਮੈਂ ਮੁਸਕਰਾ ਕੇ ਕਿਹਾ, “... ਸ਼ੁਭ ਮਹੂਰਤ ਤਾਂ ਹੁਣ ਸ਼ੁਰੂ ਹੋਇਆ। ਤੁਹਾਡੀ ਘੜੀ ਹੀ ਪਿੱਛੇ ਚੱਲ ਰਹੀ ਹੈ। ਲਓ ਆ ਗਈ ਲੱਛਮੀ... ਕਰੋ ਪੂਜਾ ਸ਼ੁਰੂ।”



## ਕੁੜੱਕੀ

ਅੱਧੀ ਰਾਤ ਲੰਘ ਚੁੱਕੀ ਸੀ। ਗਗਨ ਦੀਆਂ ਅੱਖਾਂ ਤੋਂ ਨੀਂਦ ਕੋਹਾਂ ਦੂਰ। ਪਲਕਾਂ ਹੇਠਾਂ ਜਿਵੇਂ ਛਿਲਤਰਾਂ ਉੱਗ ਪਈਆਂ ਹੋਣ। ਅੰਦਰ ਅਜੀਬ ਜਿਹੀ ਅੱਚਵੀ। ਬਿੰਦੇ-ਝੱਟੇ ਸੰਘ ਸੁੱਕ ਜਾਂਦਾ। ਭਾਦੋਂ ਦੇ ਮਹੀਨੇ ਦੀ ਰਾਤ ਵਿਚ ਚੰਨ ਦੀ ਟਿੱਕੀ ਚਾਨਣ ਦੇਣ ਦਾ ਪੂਰਾ ਯਤਨ ਕਰ ਰਹੀ ਸੀ। ਘਸਮੈਲੇ ਜਿਹੇ ਬੱਦਲ ਨੇ ਆਣ ਕੇ ਚੰਨ ਨੂੰ ਝੱਫ ਲਿਆ। ਹਨੇਰਾ ਪਸਰ ਗਿਆ। ਗਗਨ ਦਾ ਚਿੱਤ ਹੋਰ ਵੀ ਘਾਬਰ ਗਿਆ। ਉਸਨੇ ਆਪਣੀ ਬੈਠਕ ਦੀ ਬਾਰੀ ਵਿਚੋਂ ਵਿਹੜੇ ਵਿਚ ਨਿਗਾਹ ਮਾਰੀ। ਬੀਬੀ ਤੇ ਬੇਬੇ ਸਾਹਮਣੇ ਮੰਜਾ ਡਾਹੀ ਪਈਆਂ ਸਨ। ਬੀਬੀ ਤਾਂ ਸਾਰੇ ਦਿਨ ਦੀ ਹੰਭੀ ਹੁੰਦੀ। ਮੰਜੇ ਤੇ ਪੈਂਦਿਆਂ ਹੀ ਉਸਨੂੰ ਨੀਂਦ ਕੀਲ ਲੈਂਦੀ। ਸਦੇਹਾਂ ਧਾਰਾਂ ਕੱਢਣ ਤੋਂ ਲੈ ਕੇ ਰਾਤ ਦੇ ਚੁੱਲ੍ਹੇ-ਚੌਂਕੇ ਨੂੰ ਸਾਂਭਦੀ ਬੀਬੀ ਸਾਰਾ ਦਿਨ ਊਰੀ ਵਾਂਗ ਘੂਕਦੀ ਰਹਿੰਦੀ। ਜਦੋਂ ਦੀ ਗਗਨ ਜਵਾਨ ਹੋਈ ਸੀ, ਬੇਬੇ ਘਰੇ ਕਿਸੇ ਸੀਰੀ ਨੂੰ ਵੀ ਵੜਣ ਨਾ ਦਿੰਦੀ। ਮੰਜੇ ਦੀ ਚਿੜ-ਚਿੜ ਨੇ ਗਗਨ ਦਾ ਧਿਆਨ ਖਿੱਚ ਲਿਆ। ਬੇਬੇ ਸਾਰੀ ਰਾਤ ਪਸਲੇਟੇ ਮਾਰਦੀ। ਉਸਦੀਆਂ ਬੁੱਡੀਆਂ ਅੱਖਾਂ ਸੌਂਦੀਆਂ ਘੱਟ ਤੇ ਪਹਿਰੇਦਾਰੀ ਜ਼ਿਆਦਾ ਕਰਦੀਆਂ। ਹੁਣ ਵੀ ਉੱਠ ਕੇ ਮੰਜੇ ’ਤੇ ਬਹਿ ਗਈ। ਰੋਜ਼ ਵਾਂਗ ਬੋਲੀ ਜਾ ਰਹੀ ਸੀ। “ਖੌਰੇ ਕਿਹੜਾ ਪਾਪੀ ਬੈਠਾ ਪਹਿਰੇ ’ਤੇ... ਭੋਰਾ ਵਾ ਨੀ ਚੱਲਦੀ।” ਤੜਕੇ ਤੋਂ ਆਥਣ ਤਾਈਂ ਬੇਬੇ ਕਿਸੇ ਨਾ ਕਿਸੇ ਨੂੰ ਅੱਡੇ ਚੜ੍ਹਾਈ ਰੱਖਦੀ। ਸਵੇਰੇ ਬੀਬੀ ਨੂੰ ਬਥੇਰਾ ਬੋਲੀ ਸੀ। ਦਾਲ ਵਿਚ ਕੋੜਕੂ ਆ ਗਿਆ। ਥਾਲੀ ਪਰ੍ਹਾਂ ਨੂੰ ਧੱਕ ਦਿੱਤੀ, “ਚੱਜ ਨਾਲ ਦਾਲ ਨੀ ਸਵਾਰਦੀ... ਚੰਦਰੇ ਕੋੜਕੂ ਮੇਰੇ ਮੂੰਹ ’ਚ ਈ ਆਉਣੇ ਹੁੰਦੇ ਨੇ... ਤੇਰੀ ਨਿਗ੍ਹਾ ਨੀ ਕੰਮ ਕਰਦੀ ਤਾਂ ਗਗਨ ਨੂੰ ਆਖਿਆ ਕਰ। ਕੁੜੀ ਨੂੰ ਭੋਰਾ ਚੱਜ ਸਖਾ... ਨਿਰੀਆਂ ਕਤਾਬਾਂ ਕੀ ਭੜੋਲੇ ’ਚ ਪਾਉਣੀਆਂ ਨੇ।” ਬੇਬੇ ਗੁੱਝੀ ਅੱਖ ਨਾਲ ਗਗਨ ਦੀ ਧੜਕਦੀ ਜਵਾਨੀ ਵੇਂਹਦੀ। ਉਸਨੂੰ ਇਹ ਹੁੰਦੜਹੇਲ ਕੁੜੀ ਕੋਈ ਅਲਕ ਵਛੇਰੀ ਜਾਪਦੀ। ਗਗਨ ਦਾ ਕੋਈ ਲੱਛਣ ਉਸਨੂੰ ਮੇਚ ਨਾ ਆਉਂਦਾ। ਸਾਰਾ ਦਿਨ ਟੋਕਾ ਟਾਕੀ ਕਰਦੀ। ਕਈ ਵਾਰੀ ਗਗਨ ਵਿਅੰਗ ਕਰ ਜਾਂਦੀ—“ਮੈਂ ਤਾਂ ਬੀ.ਏ. ਤੋਂ ਅਗਾਂਹ ਵਾਲੀ ਪੜ੍ਹਾਈ ਕੈਨੇਡਾ ਜਾ ਕੇ ਕਰਨੀ ਐ।”

ਬੇਬੇ ਅੰਦਰ ਤਾਈਂ ਸੜ ਜਾਂਦੀ। ਗਗਨ ਦੇ ਬਾਪੂ ਨੂੰ ਕਹਿੰਦੀ, “ਮਹਿੰਦਰ... ਅੱਜਕੱਲ੍ਹ ਵੇਲਾ ਮਾੜਾ ਐ ਭਾਈ... ਇਕ ਹੈ ਕੱਲੀ ਔਲਾਦ... ਹੋਰ ਧੌਲੇ ਝਾਟੇ ਖੇਹ ਨਾ ਪੁਆ ਲਈਂ।”

ਮਹਿੰਦਰ ਬੇਬੇ ਦੀ ਗੱਲ ਹਾਸੇ ਵਿਚ ਟਾਲ ਜਾਂਦਾ। "ਬੇਬੇ ਪੜ੍ਹਾਈ ਤਾਂ ਜ਼ਰੂਰੀ ਐ... ਘੱਟੋ ਘੱਟ ਪੜ੍ਹਿਆ ਲਿਖਿਆ ਬੰਦਾ ਸਹੀ ਤੇ ਗਲਤ ਦੀ ਪਛਾਣ ਤਾਂ ਕਰ ਸਕਦੈ... ਮੈਂ ਤਾਂ ਰਿਹਾ ਖੂਹ ਦਾ ਡੱਡੂ... ਕੁੜੀ ਨੂੰ ਤਾਂ ਆਜ਼ਾਦੀ ਦੇਵਾਂ... ਆਪਣਾ ਚੰਗਾ ਮਾੜਾ ਸੋਚ ਸਕੇ। ਅਸੀਂ ਕਿਹੜਾ ਸਾਰੀ ਉਮਰੇ ਬੈਠੇ ਰਹਿਣਾ ਧੀ ਦੇ ਸਿਰਹਾਣੇ।"

ਬਾਪੂ ਦੀ ਗੱਲ ਯਾਦ ਆਉਂਦਿਆਂ ਹੀ ਗਗਨ ਦਾ ਧਿਆਨ ਵੱਡੇ ਬੂਹੇ ਮੂਹਰੇ ਚਲਾ ਗਿਆ। ਜਿਥੇ ਬਾਪੂ ਹਰ ਰੋਜ਼ ਵਾਂਗ ਮੰਜਾ ਡਾਹ ਕੇ ਸੁੱਤਾ ਪਿਆ ਸੀ। ਅੱਜ ਗਗਨ ਨੂੰ ਬਾਪੂ ਵੀ ਠਾਣੇਦਾਰ ਵਰਗਾ ਲੱਗ ਰਿਹਾ ਸੀ। ਬੂਹੇ ਮੂਹਰੇ ਪਹਿਰੇ 'ਤੇ ਬੈਠਾ। ਸੋਚ ਕੇ ਗਗਨ ਨੂੰ ਤਰੇਲੀ ਆ ਗਈ। ਚੰਨ ਫੇਰ ਬੱਦਲਾਂ ਦੀ ਕੈਦ ਵਿਚੋਂ ਬਾਹਰ ਆ ਗਿਆ। ਆਪਣੇ ਅੰਦਰਲੇ ਡਰ ਤੋਂ ਓਹਲੇ ਹੋਣ ਵਾਸਤੇ ਗਗਨ ਨੀਝ ਨਾਲ ਚੰਨ ਨੂੰ ਤਕਣ ਲੱਗ ਪਈ। ਕਿੰਨਾ ਨਿਰਮਲ, ਪਿਆਰਾ ਚੰਨ। ਬਿਲਕੁਲ ਉਸਦੇ ਮਹਿਬੂਬ ਦੇ ਚਿਹਰੇ ਵਾਂਗ ਰੌਸ਼ਨ। ਗਗਨ ਨੇ ਮਸਤੀ ਦੇ ਆਲਮ ਵਿਚ ਅੱਖਾਂ ਮੁੰਦ ਲਈਆਂ। ਇੰਦਰਪੁਰੀ ਦੀ ਅਪਸਰਾ ਬਣ ਗਈ। ਚਾਨਣੀ ਦੇ ਰਾਹ 'ਤੇ ਰਕਸ ਕਰਦੀ ਹੋਈ ਚੰਨ 'ਤੇ ਜਾ ਬੈਠੀ। ਸਾਰਾ ਜਹਾਨ ਦਿਸਣ ਲੱਗ ਪਿਆ। ਲਾਗਲੇ ਪਿੰਡ ਦਾ ਇਕ ਘਰ। ਪਾਠੀ ਟਹਿਲ ਸਿੰਘ ਦਾ ਘਰ। ਜਿਸ ਦੀ ਛੱਤ 'ਤੇ ਕੋਈ ਪਰਛਾਵਾਂ ਖੜ੍ਹਾ ਕਿਸੇ ਦੀ ਉਡੀਕ ਕਰਦਾ ਹੋਵੇ। ਜ਼ਰੂਰ ਜੱਸੀ ਹੋਵੇਗਾ। ਗਗਨ ਵਾਂਗ ਬੇਚੈਨ। ਉਸ ਲਈ ਵੀ ਇਹ ਰਾਤ ਕੋਈ ਇਮਤਿਹਾਨ ਨਾਲੋਂ ਘੱਟ ਨਹੀਂ।

***

ਕਾਲੇ ਬੱਦਲ ਨੇ ਚੰਨ ਨੂੰ ਫੇਰ ਦਿਓ ਵਾਂਗ ਨਿਗਲ ਲਿਆ। ਰੇਸ਼ਮੀ ਰਾਹ ਟੁੱਟ ਗਈ। ਗਗਨ ਨੇ ਅੱਖਾਂ ਖੋਲ੍ਹ ਲਈਆਂ। ਹਾਲੇ ਵੀ ਅਲੌਕਿਕ ਸੁਫ਼ਨੇ ਦੀ ਖੁਮਾਰੀ ਅੱਖਾਂ ਨੂੰ ਸੇਜਲ ਕਰ ਰਹੀ ਸੀ। ਜੱਸੀ ਦਾ ਚਿਹਰਾ ਵਾਰ-ਵਾਰ ਅੱਖਾਂ ਮੂਹਰੇ ਆਉਂਦਾ। ਗਗਨ ਆਪਣੇ ਅਤੀਤ ਵਿਚ ਗੁਆਚਦੀ ਗਈ। ਜੱਸੀ ਨਾਲ ਪਹਿਲੀ ਮੁਲਾਕਾਤ ਯਾਦ ਆ ਗਈ। ਪਿਛਲੇ ਐਨ.ਐਸ.ਐਸ. ਦੇ ਕੈਂਪ ਦੌਰਾਨ ਦੋਵੇਂ ਇਕੱਠੇ ਹੋਏ। ਜੱਸੀ ਬੀ.ਏ. ਦੇ ਅੰਤਲੇ ਸਾਲ ਵਿਚ ਸੀ। ਗਗਨ ਤੋਂ ਦੋ ਸਾਲ ਸੀਨੀਅਰ। ਉਸਦੀਆਂ ਦਿਲਕਸ਼ ਗੱਲਾਂ ਨੇ ਗਗਨ ਅੰਦਰ ਪਿਆਰ ਦੀ ਰਮਜ਼ ਜਗਾ ਦਿੱਤੀ। ਨਰੋਈ ਉਮਰੇ, ਧੁਰ ਅੰਦਰ ਤਕ ਲਹੂ ਦੀ ਗਰਦਸ਼ ਤੇਜ਼ ਹੋ ਗਈ। ਜੱਸੀ ਨੂੰ ਵੇਖ ਕੇ ਵੀ ਉਸਦੀ ਆਤਮਾ ਕਦੇ ਨਾ ਰੱਜਦੀ। ਉਸ ਨਾਲ ਗੱਲ ਕਰਨ ਨੂੰ ਬੇਚੈਨ ਹੋ ਉੱਠਦੀ। ਉਹਨਾਂ ਦੀ ਜਜ਼ਬਾਤੀ ਸਾਂਝ ਪਿਆਰ ਵਿਚ ਬਦਲ ਗਈ। ਪਿਛਲੇ ਹਫ਼ਤੇ ਜਦੋਂ ਜੱਸੀ ਨਾਲ ਫਿਲਮ ਵੇਖ ਕੇ ਆਈ, ਉਸ ਤੋਂ ਬਾਅਦ ਕਈ ਘੰਟੇ ਜੱਸੀ ਨਾਲ ਬੈਠੀ ਰਹੀ। ਜੱਸੀ ਨੇ ਕਿਹਾ ਸੀ, "ਗਗਨ ਹੁਣ ਤਾਂ ਰਾਤ ਕੱਟਣੀ ਵੀ ਔਖੀ ਲੱਗਦੀ ਐ... ਆਪਾਂ ਵਿਆਹ ਕਰ ਲਈਏ।"

ਵਿਆਹ ਵਾਲੀ ਗੱਲ ਸੁਣ ਕੇ ਗਗਨ ਦੇ ਚਿਹਰੇ 'ਤੇ ਲਾਲੀ ਆ ਗਈ। ਸੰਗ ਕੇ ਕਹਿਣ ਲੱਗੀ, "ਤੂੰ ਤਾਂ ਦੋ ਮਹੀਨਿਆਂ ਤਾਈਂ ਪੇਪਰ ਦੇ ਕੇ ਕਾਲਜ ਛੱਡ



ਦੇਣੈ... ਮੈਨੂੰ ਤਾਂ ਪੜ੍ਹਾਈ ਪੂਰੀ ਕਰ ਲੈਣ ਦੇ।"

"ਜਦੋਂ ਮੈਂ ਬੀ.ਏ. ਕਰ ਲਈ... ਫੇਰ ਕਿਹੜਾ ਡੀ.ਸੀ. ਲੱਗ ਜਾਣੈ। ਮੈਥੋਂ ਵੱਡੇ ਦੋਹੇਂ ਭਰਾ ਐਮ.ਏ. ਕਰ ਕੇ ਵੀ ਹਾਲੇ ਤਕ ਸੈੱਟ ਨਹੀਂ ਹੋਏ।"

"ਕੋਈ ਗੱਲ ਨਹੀਂ, ਵੇਲਾ ਆਊਗਾ ਤਾਂ ਬੀਬੀ ਨਾਲ ਗੱਲ ਕਰੂੰਗੀ।"

"ਤੇਰਾ ਕੀ ਖਿਆਲ ਐ, ਤੇਰੇ ਘਰ ਦੇ ਐਡੀ ਛੇਤੀ ਮੰਨ ਜਾਣਗੇ। ਚੰਗੀ ਭਲੀ ਜਾਣਦੀ ਐਂ। ਤੂੰ ਜੱਟਾਂ ਦੀ ਧੀ ਤੇ ਮੈਂ ਪੰਡਤਾਂ ਦਾ ਮੁੰਡਾ... ਸਭ ਤੋਂ ਵੱਡੀ ਅੜਚਣ ਇਹੀ ਐ।"

"ਜੱਸੀ... ਮੈਂ ਜਾਤਾਂ ਦੇ ਫ਼ਰਕ ਨੂੰ ਨਹੀਂ ਮੰਨਦੀ... ਜਦੋਂ ਆਪਾਂ ਇਕ ਹੋ ਗਏ। ਨਾ ਤੂੰ ਪੰਡਤਾਂ ਦਾ ਰਹੇਂਗਾ, ਨਾ ਮੈਂ ਜੱਟਾਂ ਦੀ। ਦੋਹੇਂ ਇਕ ਦੂਜੇ ਦੇ ਹੋ ਕੇ ਰਹਾਂਗੇ।" ਗਗਨ ਨੇ ਪਿਆਰ ਨਾਲ ਜੱਸੀ ਦਾ ਹੱਥ ਫੜ੍ਹ ਕੇ ਉਸਦੇ ਅੰਦਰਲੇ ਦੇ ਵਹਿਮ ਨੂੰ ਕੱਢਣ ਦੀ ਕੋਸ਼ਿਸ਼ ਕੀਤੀ।

"ਤਾਂਹੀ ਤਾਂ ਕਹਿਨਾ... ਇਕ ਵਾਰ ਬਿਨਾਂ ਦੱਸੇ ਕੋਰਟ ਮੈਰਿਜ ਕਰਵਾ ਲਈਏ... ਜਦੋਂ ਦੋਹੇਂ ਇਕ ਦੂਜੇ ਦੇ ਹੋ ਗਏ ਤਾਂ ਜਾਤ-ਪਾਤ ਦਾ ਫ਼ਰਕ ਹੀ ਨਹੀਂ ਰਹਿਣਾ।" ਜੱਸੀ ਨੇ ਆਪਣੇ ਦਿਲ ਦੀ ਗੱਲ ਦੱਸੀ।

"ਨਹੀਂ ਜੱਸੀ... ਅਜਿਹਾ ਕਰਕੇ ਤਾਂ ਆਪਾਂ ਪਿੰਡ ਦੀ ਜੂਹ ਵਿਚ ਵੜ੍ਹਨ ਜੋਗੇ ਨਹੀਂ ਰਹਾਂਗੇ। ਖੌਰੇ ਅਜਿਹਾ ਕਰਨ 'ਤੇ ਮਾਪੇ ਕਬੂਲਣਗੇ ਕਿ ਨਹੀਂ।"

"ਛੱਡ ਪਰ੍ਹਾਂ ਇਹਨਾਂ ਗੱਲਾਂ ਨੂੰ... ਤੈਨੂੰ ਅੱਜ ਫਿਲਮ ਏਸੇ ਕਰਕੇ ਵਖਾਈ ਐ... ਵੇਖਿਆ ਨੀ ਹੀਰੋ ਹੀਰੋਇਨ ਨੂੰ ਵੀ ਕੋਰਟ ਮੈਰਿਜ ਤੋਂ ਬਾਅਦ ਹੌਲੀ-ਹੌਲੀ ਆਪੇ ਸਮਾਜ ਨੇ ਕਬੂਲ ਲਿਆ ਸੀ। ਰਹੀ ਮਾਪਿਆਂ ਦੀ ਗੱਲ... ਓਹ ਕਦੋਂ ਤਕ ਆਪਣੀ ਔਲਾਦ ਨੂੰ ਵਿਸਾਰ ਸਕਦੇ ਨੇ। ਨਾਲੇ ਤੂੰ ਤਾਂ ਕੱਲੀ-ਕੱਲੀ ਐਂ। ਤੇਰੇ ਬਿਨਾਂ ਮਾਂ-ਪਿਓ ਤੇ ਜ਼ਮੀਨ-ਜਾਇਦਾਦ ਨੂੰ ਹੋਰ ਕੌਣ ਸਾਂਭੂ। ਆਪਾਂ ਹੀ ਸਾਂਭਾਂਗੇ ਸਭ ਕੁਝ। ਤੂੰ ਵੇਖੀ ਜਾਈਂ ਤੇਰੇ ਮਾਂ-ਪਿਊ ਨੂੰ ਪੁੱਤ ਬਣ ਕੇ ਵਿਖਾਵਾਂਗਾ। ਸੌਂਹ ਤੇਰੇ ਪਿਆਰ ਦੀ... ਆਪਣੇ ਮਾਪਿਆਂ ਨਾਲੋਂ ਵੀ ਵੱਧ ਕਰਕੇ ਸਤਿਕਾਰ ਦੇਵਾਂਗਾ।" ਜੱਸੀ ਨੇ ਗਗਨ ਦੇ ਦੋਹੇਂ ਹੱਥ ਫੜ੍ਹ ਕੇ ਚੁੰਮ ਲਏ ਤੇ ਛੇਤੀ ਵਿਆਹ ਕਰਵਾਉਣ ਦੀ ਕਸਮ ਲੈ ਲਈ। ਗਗਨ ਦੇ ਕੁਆਰੇ ਸੁਫ਼ਨੇ ਹੋਰ ਵੀ ਮਹਿਕਣ ਲੱਗ ਪਏ। ਜੱਸੀ ਦੀਆਂ ਗੱਲਾਂ ਦੇ ਜਾਦੂ ਨੇ ਉਸਨੂੰ ਕਮਲੀ ਕਰ ਦਿੱਤਾ। ਹੁਣ ਤਾਂ ਉਸਦਾ ਵੀ ਫ਼ਿਲਮ ਦੀ ਹੀਰੋਇਨ ਵਾਂਗ ਬਾਗੀ ਹੋਣ ਨੂੰ ਚਿੱਤ ਕਰਦਾ। ਅੰਦਰੋਂ ਉੱਠਦੀਆਂ ਦਲੀਲਾਂ ਨੂੰ ਜੱਸੀ ਦੇ ਪਿਆਰ ਨੇ ਕੁੰਦਾ ਕਰ ਦਿੱਤਾ। ਰੀਤ ਉੱਤੇ ਪ੍ਰੀਤ ਭਾਰੀ ਹੋ ਗਈ। ਗਗਨ ਨੇ ਕੱਲ੍ਹ ਘਰੋਂ ਭੱਜ ਕੇ ਕੋਰਟ ਮੈਰਿਜ ਕਰਵਾਉਣ ਦਾ ਫ਼ੈਸਲਾ ਕਰ ਲਿਆ।

ਤਾਰਿਆਂ ਦੀ ਖਿੱਤੀ ਸਰਕ ਗਈ। ਬੀਬੀ ਧਾਰਾਂ ਕੱਢਣ ਚਲੀ ਗਈ। ਉਸਦੇ ਮਗਰੋਂ ਹੀ ਗਗਨ ਨੇ ਫਟਾ ਫਟ ਨਹਾ ਲਿਆ। ਅੱਜ ਬੀਬੀ ਦੇ ਮੂਹਰੇ ਹੋਣ ਵਾਸਤੇ ਵੀ ਅੰਦਰੋਂ ਕੋਈ ਸ਼ਕਤੀ ਲੱਭ ਰਹੀ ਸੀ। ਡਰ ਸੀ ਕਿਧਰੇ ਬੀਬੀ ਆਪਣੀ ਧੀ ਦੇ ਚਿਹਰੇ ਤੋਂ ਕੋਈ ਗੁੱਝਾ ਭੇਤ ਨਾ ਪੜ੍ਹ ਲਵੇ। "ਗਗਨ ਪੁੱਤ, ਦੁੱਧ ਪੀ ਲੈ... ਬਦਾਮ

ਛਿੱਲੇ ਪਏ ਨੇ ਖਾ ਲਵੀਂ।" ਰੋਜ਼ ਵਾਂਗ ਬੀਬੀ ਨੇ ਆਵਾਜ਼ ਮਾਰੀ। ਕਹਿੰਦੀ ਹੁੰਦੀ ਹੈ ਵੱਡੀ ਜਮਾਤ ਦੀਆਂ ਕਤਾਬਾਂ ਪੜ੍ਹਨ ਵਾਲੇ ਦਿਮਾਗ ਨੂੰ ਤਾਕਤ ਦੀ ਡਾਢਢੀ ਲੋੜ ਹੁੰਦੀ ਹੈ। ਬੀਬੀ ਦੀ ਮੋਹ ਭਿੱਜੀ ਆਵਾਜ਼ ਸੁਣ ਕੇ ਗਗਨ ਦੇ ਅੰਦਰਲੇ ਵੇਗ ਨੂੰ ਇਕ ਵਾਰ ਮੋੜਵੀਂ ਛੱਲ ਪੈ ਗਈ।

ਅੰਦਰਲਾ ਭੈ ਤੇ ਬਦਲਿਆ ਮੌਸਮ ਦੋਹੇਂ ਉਸਦਾ ਸਾਥ ਨਹੀਂ ਦੇ ਰਹੇ ਸਨ। ਫੇਰ ਵੀ ਉਸਨੇ ਸਾਇਕਲ ਤੋਰ ਲਿਆ। ਬੇਬੇ ਨੇ ਮਗਰੋਂ ਵਾਜ ਮਾਰੀ, "ਅੱਜ ਤਾਂ ਅਸਮਾਨੀ ਖੱਖ ਚੜੀ ਪਈ ਐ... ਕਾਲੀ ਬੋਲੀ ਆਊਗੀ... ਵੇਖ ਰੱਬ ਦਾ ਰੰਗ ਕਿਮੇਂ ਬਦਲਿਆ ਪਿਐ... ਕੁੜੇ ਰਹਿਣ ਦੇ ਜਾਣ ਨੂੰ... ਨ੍ਹੇਰੀ ਤਾਂ ਆਈ ਲੈ।" ਬੀਬੀ ਨੇ ਵੀ ਚਿੰਤਾ ਜ਼ਾਹਰ ਕੀਤੀ, "ਗਗਨ ਪਹਿਲੋਂ ਅੱਡੇ ਜਾ ਕੇ ਸਾਇਕਲ ਠੱਲ੍ਹੇਂਗੀ, ਫੇਰ ਬੱਸ ਚੜ੍ਹੇਂਗੀ, ਕਰੁੱਤੀ ਜਿਹੀ ਨ੍ਹੇਰੀ ਚੜ੍ਹੀ ਪਈ ਐ... ਰਹਿਣ ਦੇ ਜਾਣ ਨੂੰ।" ਪਿੱਛੋਂ 'ਵਾਜਾਂ ਪੈਂਦੀਆਂ ਸੁਣ ਕੇ ਇਕ ਵਾਰ ਫੇਰ ਉਸਦੇ ਲੂੰ ਕੰਡਿਆ ਗਏ। ਬਿਨਾਂ ਤੱਕਿਆਂ ਹੀ ਉਸਨੇ ਆਖਿਆ, "ਅੱਜ ਜਾਣਾ ਬਹੁਤ ਜ਼ਰੂਰੀ ਐ।" ਸਾਇਕਲ 'ਤੇ ਸਵਾਰ ਹੋ ਗਈ। ਹਨੇਰੀ ਨੇ ਜਿਵੇਂ ਸਾਰੀ ਕਾਇਨਾਤ ਨੂੰ ਕੈਦ ਕਰ ਲਿਆ। ਰੇਤੇ ਦਾ ਗੁਬਾਰ ਧਰਤੀ ਤੋਂ ਅਸਮਾਨਾਂ ਤਾਈਂ ਚੜ੍ਹ ਗਿਆ। ਆਲਾ-ਦੁਆਲਾ ਮੈਲਾ ਹੋ ਗਿਆ। ਪਿੰਡ ਦੀ ਫਿਰਨੀ 'ਤੇ ਆ ਕੇ ਗਗਨ ਨੇ ਪਿੱਛਾ ਭੌਂ ਕੇ ਘਰ ਦੇ ਚੁਬਾਰਿਆਂ ਵੱਲ ਤੱਕਿਆ। ਧੁੰਧਲੇ ਜਿਹੇ ਨਜ਼ਰ ਆਏ। ਸਾਇਕਲ ਕੱਚੇ ਪਹੇ 'ਤੇ ਪਾ ਲਿਆ। ਹਨੇਰੀ ਨੇ ਜਿਵੇਂ ਉਸ ਨਾਲ ਯੁੱਧ ਲਾ ਲਿਆ ਹੋਵੇ। ਅੰਦਰਲਾ ਵਜੂਦ ਕੰਬਣ ਲੱਗ ਪਿਆ। ਫੇਰ ਵੀ ਉਸਨੇ ਜ਼ੋਰ ਨਾਲ ਸਾਇਕਲ ਦੇ ਪੈਡਲ ਮਾਰੇ। ਸ਼ੂਕਦੀ ਕਾਲੀ ਬੋਲੀ ਨੇ ਕੱਚੇ ਪਹੇ ਦਾ ਰੇਤਾ ਅਸਮਾਨਾਂ ਤਾਈਂ ਖਿਲਾਰ ਦਿੱਤਾ। ਐਨੀ ਹਨੇਰੀ ਦਰਖ਼ਤਾਂ ਨੂੰ ਢਹਿ ਢੇਰੀ ਕਰੀ ਜਾ ਰਹੀ ਸੀ। ਸ਼ਾਂ... ਸ਼ਾਂ ਦਾ ਅਜੀਬ ਸ਼ੋਰ ਉਸਦੇ ਅੰਦਰਲੇ ਡਰ ਨੂੰ ਹੋਰ ਵਧਾ ਗਿਆ। ਸਾਹ ਨਾਲ ਸਾਹ ਨਹੀਂ ਰਲ ਰਿਹਾ ਸੀ। ਇੰਝ ਲੱਗ ਰਿਹਾ ਸੀ ਜਿਵੇਂ ਪਰਲੋ ਆ ਜਾਵੇਗੀ। ਸ਼ੂਕਦੀ ਹਵਾ ਨਾਲ ਚੱਲਣਾ ਔਖਾ ਹੋ ਗਿਆ। ਗਗਨ ਸਾਈਕਲ ਤੋਂ ਉੱਤਰ ਗਈ। ਕੁਝ ਵੀ ਨਹੀਂ ਦਿਸ ਰਿਹਾ। ਚੁੰਨੀ ਵਾਰੀ-ਵਾਰੀ ਗਲੋਂ ਲਹਿ ਜਾਂਦੀ। ਉਸਦੇ ਕੰਨਾਂ ਵਿਚ ਮੋਟਰਸਾਈਕਲ ਦੀ ਆਵਾਜ਼ ਪਈ। ਆਵਾਜ਼ ਨੇੜੇ ਆ ਗਈ। ਤਿੰਨ ਮੁੰਡੇ ਸਵਾਰ ਸਨ। ਉਸਦੇ ਕੋਲ ਦੀ ਖਹਿ ਕੇ ਲੰਘੇ। ਸਾਇਕਲ ਡਿੱਗ ਪਿਆ। ਮੁੰਡੇ ਫੇਰ ਗਗਨ ਵੱਲ ਨੂੰ ਮੁੜ ਆਏ। ਉਸਦੀਆਂ ਲੱਤਾਂ ਕੰਬਣ ਲੱਗ ਪਈਆਂ। ਨੇੜੇ ਆ ਕੇ ਇਕ ਬੋਲਿਆ, "ਛੱਡ ਯਾਰ ਇਹ ਤਾਂ ਜੱਸੀ ਦੀ ਐ।" ਦੂਜਾ ਹੱਸ ਪਿਆ, "ਅੱਛਾ ਓਹੀ ਪੱਚੀਆਂ ਕਿੱਲਿਆਂ ਆਲੀ... ਬਈ ਤਕੜਾ ਸ਼ਿਕਾਰੀ ਹੈ... ਬਾਹਲੀ ਅਗਾਂਹ ਦੀ ਸੋਚਦੈ।"

ਮੂਹਰੇ ਬੈਠਾ ਮੁੰਡਾ ਗਗਨ ਦੇ ਬਿਲਕੁਲ ਨੇੜੇ ਹੋ ਗਿਆ, "ਚੰਗਾ ਸ਼ਿਕਾਰ ਲੱਭ ਕੇ ਕੁੜੱਕੀ ਲਾਈ ਐ।"

ਕਹਿੰਦਿਆਂ ਕਹਿੰਦਿਆਂ ਉਸਨੇ ਗਗਨ ਦੀ ਚੁੰਨੀ ਖਿੱਚ ਕੇ ਹਵਾ ਵਿੱਚ ਉਛਾਲ ਦਿੱਤੀ। ਚੁੰਨੀ ਲਾਗੇ ਜੰਡ ਵਿਚ ਜਾ ਫਸੀ। ਮੁੰਡੇ ਹਨੇਰੀ ਵਿਚ ਕਿਧਰੇ



ਗੁਆਚ ਗਏ। ਉਹਨਾਂ ਦੀਆਂ ਗੱਲਾਂ ਗਗਨ ਨੂੰ ਤੀਰ ਵਾਂਗ ਵਿੰਨ੍ਹ ਗਈਆਂ। ਉਹ ਮੇਲੇ ਵਿਚ ਗੁਆਚੇ ਜੁਆਕ ਵਾਂਗ ਰੋ ਪਈ। ਜੰਡ ਵਿਚੋਂ ਚੁੰਨੀ ਕੱਢਦੀ... ਖਿੱਚਦੀ, ਪਰ ਹੋਰ ਉਲਝ ਜਾਂਦੀ। ਲੀਰੋ-ਲੀਰ ਚੁੰਨੀ ਗਲ ਵਿਚ ਪਾ ਲਈ। ਰੋਂਦੀ ਨੇ ਸਾਇਕਲ ਚੁੱਕ ਲਿਆ। ਮਗਰੋਂ ਕਿਸੇ ਦੀ ਆਵਾਜ਼ ਕੰਨਾਂ ਵਿਚ ਪਈ, "ਆ ਜਾ ਬੀਬੀ... ਆਸਰਾ ਲੈ ਲਾ... ਗਾਹਾਂ ਨਾ ਜਾਵੀਂ... ਅੱਜ ਖੌਰੇ ਕਿਹੜਾ ਪਾਪੀ ਬੈਠੇ ਪਹਿਰੇ 'ਤੇ।" ਕਰਮੋ ਘੁਮਿਆਰੀ ਉਸਨੂੰ ਆਪਣੇ ਨੀਵੇਂ ਜਿਹੇ ਕੱਚੇ ਘਰ ਅੰਦਰ ਲੈ ਗਈ। ਇਕ ਪਾਸੇ ਕੁੱਲੀ ਹੇਠਾਂ ਆਤੂ ਘੁਮਿਆਰ ਤੇ ਉਸਦਾ ਮੁੰਡਾ ਬੈਠੇ ਸਨ। ਗੁਰਦੁਆਰੇ ਵਾਲੇ ਗਿਆਨੀ ਜੀ ਵੀ ਆਸਰਾ ਲੈਣ ਵਾਸਤੇ ਉਹਨਾਂ ਕੋਲ ਬੈਠੇ ਸੀ। ਕਰਮੋਂ ਨੇ ਉਸਨੂੰ ਮੰਜੀ ਡਾਹ ਦਿੱਤੀ, "ਸਿਆਣ ਲਿਆ ਬੀਬੀ ਮੈਨੂੰ... ਮੈਂ ਥੋਡੇ ਘਰੋਂ ਲੱਸੀ ਲੈਣ ਜਾਨੀਂ ਹੁੰਨੀ ਆਂ... ਥੋਡੀ ਲੱਸੀ ਤਿਓੜ ਵਰਗੀ ਹੁੰਦੀ ਐ... ਤੇਰੀ ਮਾਂ ਦੱਸਦੀ ਹੁੰਦੀ ਐ... ਕੁੜੀ ਸ਼ਹਿਰ ਪੜ੍ਹਨ ਜਾਂਦੀ ਐ... ਬਾਹਲੀ ਲੈਕ ਐ।" ਕਰਮੋਂ ਬੋਲੀ ਜਾ ਰਹੀ ਸੀ। ਗਗਨ ਹਾਲੇ ਵੀ ਘਾਇਲ ਪਰਿੰਦੇ ਵਾਂਗ ਸਹਿਮੀ ਡੁੰਨ-ਵੱਟਾ ਜਿਹਾ ਬਣੀ ਬੈਠੀ ਸੀ। ਗਿਆਨੀ ਜੀ ਕਹਿੰਦੇ, "ਕੁੜੀਆਂ ਤਾਂ ਅੱਜਕੱਲ੍ਹ ਮੁੰਡਿਆਂ ਨਾਲੋਂ ਵੱਧ ਪੜ੍ਹਦੀਆਂ ਨੇ। ਤੈਨੂੰ ਵੇਖ ਕੇ ਚਾਰ ਹੋਰ ਪਿੰਡ ਦੀਆਂ ਬਾਹਰ ਪੜ੍ਹਨ ਜਾਣਗੀਆਂ। ਤੂੰ ਤਾਂ ਕੁੜੇ ਪਿੰਡ ਦੀਆਂ ਕੁੜੀਆਂ ਵਾਸਤੇ ਉਦਾਹਰਣ ਐਂ।"

ਗਗਨ ਨੂੰ ਅੰਦਰੋਂ ਇਕ ਹੋਰ ਠੋਕਰ ਲੱਗੀ। ਅੱਜ ਤੋਂ ਬਾਅਦ ਖੌਰੇ ਏਸ ਪਿੰਡ ਦੀ ਕੁੜੀ ਨੂੰ ਕੋਈ ਸ਼ਹਿਰ ਪੜ੍ਹਨ ਭੇਜੇ ਜਾਂ ਨਾ। ਹੁਣ ਸ਼ਾਇਦ ਉਸਦੀ ਉਦਾਹਰਣ ਦਾ ਰੂਪ ਬਦਲ ਜਾਵੇ। ਸੋਚ ਕੇ ਉਸਦਾ ਨਿੱਜ ਖਿੱਲਰਣ ਲੱਗ ਪਿਆ।

"ਆਹ ਦੇਖੋ... ਸਾਡਾ ਮੁੰਡਾ, ਦੋ ਵੇਰ ਪੰਜਵੀਂ 'ਚੋਂ ਫੇਲ੍ਹ ਹੋ ਗਿਆ। ਐਤਕੀਂ ਸਕੂਲੇ ਈ ਨੀ ਗਿਆ।" ਆਤੂ ਘੁਮਿਆਰ ਨੇ ਆਪਣੇ ਨਿੱਕੇ ਜਿਹੇ ਮੁੰਡੇ ਵੱਲ ਇਸ਼ਾਰਾ ਕਰਕੇ ਆਖਿਆ।

"ਹੁਣ ਵਿਹਲਾ ਕੀ ਕਰਦੈ"? ਗਿਆਨੀ ਨੇ ਪੁੱਛਿਆ।

"ਕਰਨਾ ਕੀ ਐ... ਆਹ ਮਗਰਲੇ ਗਮਾਂਡੀਆਂ ਦਾ ਮੁੰਡਾ ਬਾਹਰੋਂ ਆਇਐ... ਆਉਂਦੇ ਨੇ ਕੋਠੇ ਤੇ ਛਤਰੀ ਜਿਹੀ ਲਾ ਲਈ... ਸਾਡਾ ਮੁੰਡਾ ਸਾਰਾ ਦਿਨ ਉਹਨਾਂ ਦੇ ਟੈਲੀਬੀਜ਼ਨ ਮੂਹਰੋਂ ਨੀ ਉੱਠਦਾ... ਘਰੇ ਆ ਕੇ ਪੁੱਠੀਆਂ ਘਤਿੱਤਾਂ ਕਰਦੈ... ਫਿਲਮਾਂ ਆਲਿਆਂ ਵੰਗੂੰ ਲੱਤਾਂ ਬਾਹਾਂ ਮਾਰੀ ਜਾਂਦੈ।"

ਗਿਆਨੀ ਜੀ ਹੱਸ ਪਏ, "ਸਾਡੇ ਜਵਾਕ ਤਾਂ ਨਿਰੇ ਕੋਰੇ ਕਾਗਜ਼ ਹੁੰਦੇ ਨੇ... ਜੋ ਵੇਖਿਆ ਸੱਚ ਮੰਨ ਲਿਆ... ਅੱਕ ਦੀ ਕੱਕੜੀ ਨੂੰ ਈ ਅੰਬ ਸਮਝ ਲੈਂਦੇ ਨੇ।"

ਗਗਨ ਦੇ ਅੰਦਰ ਜਿਵੇਂ ਰੁੱਗ ਭਰਿਆ ਗਿਆ। ਸੋਚਾਂ ਦੇ ਸਮੁੰਦਰ ਵਿਚ ਡੁੱਬਣ ਲੱਗ ਪਈ। ਦਿਲ ਨੂੰ ਕੁੰਡੀ ਲਾ ਲਈ। ਦਿਮਾਗ ਦੇ ਤਰਾਜ਼ੂ 'ਤੇ ਜੱਸੀ ਦੀਆਂ ਗੱਲਾਂ ਨੂੰ ਤੋਲਦੀ ਰਹੀ। ਕਦੇ ਮੋਟਰਸਾਇਕਲ ਵਾਲੇ ਮੁੰਡਿਆਂ ਦੀ ਗੱਲ ਚੇਤੇ ਕਰਦੀ। ਕਿਤੇ ਨਾ ਕਿਤੇ ਦੋਹਾਂ ਵਿਚਕਾਰ ਕੋਈ ਤਾਰ ਜੁੜਦੀ ਨਜ਼ਰ ਆਈ। ਉਸਨੂੰ ਲੱਗਿਆ ਜਿਵੇਂ ਕਿਸੇ ਸਾਜ਼ਿਸ਼ ਦੇ ਘੇਰੇ ਅੰਦਰ ਕੈਦ ਹੋ ਗਈ। ਕੁਝ ਵੀ ਨਾ

ਸੋਚ ਸਕੀ।... ਅੱਖਾਂ ਵਿਚ ਅੱਥਰੂ ਆ ਗਏ। ਅੱਖਾਂ ਘੁੱਟ ਕੇ ਮੀਚ ਲਈਆਂ। ਹਨ੍ਹੇਰੇ ਵਿਚ ਕਈ ਭੂਤਾਂ ਵਰਗੇ ਚਿਹਰੇ ਘਰ ਦੇ ਬੂਹੇ ਮੂਹਰੇ ਸ਼ੋਰ ਪਾਉਂਦੇ ਨਜ਼ਰ ਆਏ। ਬਾਹਾਂ ਕੱਢ-ਕੱਢ ਗੱਲਾਂ ਕਰਦੇ। ਬਾਪੂ ਦੋਹਾਂ ਹੱਥਾਂ ਵਿਚਾਲੇ ਸਿਰ ਦੇਈ ਬੈਠਾ। ਪੱਗ ਹੇਠਾਂ ਡਿੱਗੀ ਹੋਈ। ਬੀਬੀ ਚੌਂਕੇ ਵਿਚ ਥਪਣਾ ਮਾਰੀ ਹੇਠਾਂ ਬੈਠੀ। ਚੁੰਨੀ ਨਾਲ ਮੂੰਹ ਕੱਜੀ ਡੁਸਕੀ ਜਾਂਦੀ। ਬੇਬੇ ਦੰਦ ਕਰੀਚ-ਕਰੀਚ ਬੀਬੀ ਨੂੰ ਮਿਹਣੇ ਦੇਈ ਜਾ ਰਹੀ ਹੈ। ਅੱਜ ਗਗਨ ਨੂੰ ਹੀ ਕੋੜਕੂ ਕਹਿੰਦੀ ਹੋਵੇਗੀ। ਬੀਬੀ ਸਭ ਕੁਝ ਸੁਣ ਕੇ ਵੀ ਚੁੱਪ ਹੈ। ਹਮੇਸ਼ਾਂ ਵਾਂਗ। ਬੇਬੇ ਮੂਹਰੇ ਕਦੇ ਨਹੀਂ ਬੋਲਦੀ।

ਗਗਨ ਨੂੰ ਅੰਦਰੋਂ ਸਭ ਕੁਝ ਤਿੜਕਦਾ ਨਜ਼ਰ ਆਇਆ। ਉਹ ਕੀਚਰਾਂ ਬਣ ਕੇ ਖਿੰਡਣ ਲੱਗ ਪਈ। ਨੰਗੀ ਕਿਰਚ ਵਾਂਗ ਲਿਸ਼ਕੀ ਬਿਜਲੀ ਨੇ ਉਸਦਾ ਧਿਆਨ ਤੋੜ ਦਿੱਤਾ। ਅੱਖਾਂ ਖੋਲ੍ਹ ਕੇ ਵੇਖਿਆ। ਮੀਂਹ ਵਰ੍ਹਣ ਲੱਗ ਪਿਆ। ਕੁੱਲ੍ਹੀ ਵੀ ਚਿਉਣ ਲੱਗ ਪਈ। ਆਤੂ ਮਿੱਟੀ ਦੇ ਭਾਂਡੇ ਇਸ ਪਾਸੇ ਇਕੱਠੇ ਕਰਨ ਲੱਗ ਪਿਆ। ਇਕ ਝੱਜਰ ਚੁੱਕ ਕੇ ਕਹਿੰਦਾ, "ਆਹ ਵੇਖੋ ਗਿਆਨੀ ਜੀ... ਸਾਡੇ ਜਵਾਕ ਦੇ ਕੰਮ... ਕਹਿੰਦਾ ਚਿਲਮ ਬਣਾਊਂਗਾ ਤੇ ਬਣਾਤੀ ਝੱਜਰ।"

ਮੁੰਡਾ ਉੱਠ ਕੇ ਕਹਿੰਦਾ, "ਓਹ ਤਾਂ ਮਿੱਟੀ ਵਧਗੀ ਸੀ। ਮੇਰਾ ਵਿਚਾਰ ਬਦਲ ਗਿਆ... ਮੈਂ ਝੱਜਰ ਬਣਾਤੀ।"

ਗਿਆਨੀ ਜੀ ਹੱਸ ਪਏ, "ਵਾਹ ਬਈ ਪੁੱਤਰਾ... ਤੇਰਾ ਵਚਾਰ ਬਦਲ ਗਿਆ ਤੇ ਮਿੱਟੀ ਦਾ ਆਕਾਰ ਬਦਲ ਗਿਆ। ਸਗੋਂ ਇਸਦਾ ਸੰਸਾਰ ਬਦਲ ਗਿਆ।"

"ਓਹ ਕਿਮੇਂ?" ਮੁੰਡੇ ਨੇ ਭੋਲਾ ਜਿਹਾ ਮੂੰਹ ਬਣਾ ਕੇ ਗਿਆਨੀ ਜੀ ਨੂੰ ਪੁੱਛਿਆ।

"ਓਏ ਪੁੱਤਰਾ, ਚਿਲਮ ਬਣ ਜਾਂਦੀ ਤਾਂ ਮੱਘਦੀ ਰਹਿੰਦੀ... ਮੱਚਦੀ ਰਹਿੰਦੀ। ਝੱਜਰ ਬਣਗੀ ਤਾਂ ਸੀਤਲ ਰਹੂਗੀ... ਕਈਆਂ ਦਾ ਕਾਲਜਾ ਠਾਰੂਗੀ।"

ਕੁੱਲੀ ਵਿਚੋਂ ਤੇਜ਼ ਮੀਂਹ ਦੀ ਧਾਰ ਚੁੱਲ੍ਹੇ ਦੀ ਅੱਗ 'ਤੇ ਆਣ ਪਈ। ਸ਼ੂੰ-ਸ਼ੂੰ ਕਰਕੇ ਅੱਗ ਠਰਣ ਲੱਗ ਪਈ। ਹਨ੍ਹੇਰਾ ਚੁੱਕਿਆ ਗਿਆ। ਜਿਵੇਂ ਕਿਸੇ ਨੇ ਚਾਰੇ ਪਾਸੇ ਚਾਨਣ ਤਰੋਂਕ ਦਿੱਤਾ ਹੋਵੇ। ਗਗਨ ਉੱਠ ਖਲੋਤੀ ਸਾਇਕਲ ਨੂੰ ਕੱਚੇ ਪਹੇ 'ਤੇ ਪਾ ਲਿਆ। ਕੱਚੇ ਪਹੇ ਦਾ ਰੇਤਾ ਥਾਈਂ ਸਥਿਰ ਹੋ ਕੇ ਸੁਗੰਧਿਤ ਹੋ ਗਿਆ। ਗਗਨ ਨੂੰ ਪਿੰਡ ਦੀ ਫਿਰਨੀ 'ਤੇ ਆ ਕੇ ਆਪਣੇ ਘਰ ਦੇ ਚੁਬਾਰੇ ਸਾਫ਼ ਨਜ਼ਰ ਆ ਰਹੇ ਸਨ।



# ਐਂਟੀਕ ਪੀਸ

ਅੱਜ ਸਾਡੇ ਕਾਲਜ ਦਾ ਸਲਾਨਾ ਫੰਕਸ਼ਨ ਖ਼ਤਮ ਹੋ ਗਿਆ। ਸਾਰੀਆਂ ਕੁੜੀਆਂ ਨੇ ਕੱਲ੍ਹ ਦੀ ਛੁੱਟੀ ਵੀ ਕਰਵਾ ਲਈ। ਬੜੇ ਦਿਨਾਂ ਤੋਂ ਅਸੀਂ ਫੰਕਸ਼ਨ ਦੀ ਤਿਆਰੀ 'ਚ ਰੁੱਝੇ ਰਹੇ। ਗਿੱਧੇ, ਭੰਗੜੇ ਪਾ ਪਾ ਕੇ ਸਾਰੇ ਥੋੜ੍ਹਾ ਜਿਹਾ ਆਰਾਮ ਕਰਨਾ ਚਾਹੁੰਦੇ ਸੀ, ਤਾਂ ਜੋ ਆਪਣੇ ਆਪ ਨੂੰ ਫੇਰ ਕਿਤਾਬਾਂ ਖੋਲ੍ਹਣ ਲਈ ਤਿਆਰ ਕਰ ਲਈਏ।

... ਮੇਰਾ ਬੀ.ਏ. ਦਾ ਅਖੀਰਲਾ ਸਾਲ ਸੀ। ਮੈਂ ਹੋਸਟਲ ਵਿਚ ਪਿਛਲੇ ਤਿੰਨ ਸਾਲਾਂ ਤੋਂ ਸੀ। ਮਨਦੀਪ, ਮੇਰੀ ਰੂਮਮੇਟ, ਬਹੁਤ ਸ਼ਰਾਰਤੀ ਤੇ ਹੱਸਣ-ਖੇਡਣ ਵਾਲੀ ਲੜਕੀ ਸੀ, ਪਰ ਮੈਂ ਥੋੜ੍ਹੀ ਜਿਹੀ ਸੰਜੀਦਾ। ਉਹ ਹਰ ਗੱਲ ਨੂੰ ਹਾਸੇ 'ਚ ਲੈਂਦੀ ਤੇ ਮੈਂ ਕਦੇ ਕਦੇ ਕਿਸੇ ਗੱਲ ਦੀ ਡੂੰਘਾਈ 'ਚ ਚਲੀ ਜਾਂਦੀ। ਉਹਦਾ ਪਿੰਡ ਪਟਿਆਲੇ ਤੋਂ ਪੰਜਾਹ ਕੁ ਕਿਲੋਮੀਟਰ ਦੂਰ ਸੀ। ਮੈਨੂੰ ਆਪਣੇ ਘਰ ਬਠਿੰਡੇ ਪਹੁੰਚਣ 'ਤੇ ਤਕਰੀਬਨ ਚਾਰ ਘੰਟੇ ਲੱਗ ਜਾਂਦੇ।

ਅੱਜ ਮਨਦੀਪ ਕਾਲਜ ਬੰਦ ਹੋਣ ਮਗਰੋਂ ਹੋਸਟਲ ਤਕ ਪਹੁੰਚਦਿਆਂ ਸਾਰੇ ਰਾਹ ਮੇਰੇ ਖਹਿੜੇ ਪਈ ਰਹੀ। ਉਹ ਮੈਨੂੰ ਅਕਸਰ ਆਪਣੇ ਪਿੰਡ ਲੈ ਕੇ ਜਾਣ ਵਾਸਤੇ ਮਿੰਨਤਾਂ ਕਰਦੀ।

"ਪਿੰਡ... ਚੱਲ ਵੜ ਭੈਣ ਬਣ ਕੇ,... ਪਿਛਲੇ ਤਿੰਨਾਂ ਵਰ੍ਹਿਆਂ ਤੋਂ ਲਾਰੇ ਲਾਈ ਜਾਨੀਂ ਏ। ਹਾਲੇ ਤਕ ਪਿੰਡ ਤੂੰ ਕਿਤਾਬਾਂ ਵਿਚ ਹੀ ਪੜ੍ਹਿਆ ਹੈ। ਅੱਖੀਂ ਵੇਖੀਂ। ਰੀਅਲ ਇੰਡੀਆ ਨਜ਼ਰ ਆਊਗਾ। ਤੁਹਾਡੇ ਸ਼ਹਿਰੀ ਕਲਚਰ ਤੋਂ ਵੱਖਰਾ।"

ਮੈਂ ਉਸਨੂੰ ਪਿੰਡ ਜਾਣ ਵਾਸਤੇ ਹਾਂ ਕਰ ਦਿੱਤੀ। ਉਹ ਖੁਸ਼ ਹੋ ਕੇ ਬੋਲੀ,

"ਓਏ ਪਿੰਕੇ... ਖੁਸ਼ ਕੀਤਾ ਐ, ਬੱਲੇ! ਬੱਲੇ!... ਅੱਜ ਤਾਂ ਮਜ਼ਾ ਆ ਗਿਆ,... ਮੈਂ ਕਾਲਜ ਤੋਂ ਫੋਨ ਕਰ ਦਿੱਤਾ। ਡੈਡੀ ਅੱਡੇ ਲੈਣ ਆ ਜਾਣਗੇ। ...ਹੋਰ ਦੱਸਾਂ ਮੰਮੀ ਨੂੰ ਵੀ ਆਖ ਦਿੱਤਾ... ਤੇਰੇ ਵਾਸਤੇ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ,... ਨਾਲੇ ਸਪੈਸ਼ਲ ਖੀਰ।"

ਮਨਦੀਪ ਦੇ ਘਰ 'ਚ ਪੈਰ ਰੱਖਦਿਆਂ ਹੀ ਕਿਸੇ ਵੱਡੀ ਹਵੇਲੀ ਵਰਗਾ ਨਜ਼ਾਰਾ ਸੀ।

ਚਾਹ ਪੀਣ ਮਗਰੋਂ, ਮਨਦੀਪ ਮੈਨੂੰ ਆਪਣਾ ਘਰ ਵਿਖਾਉਣ ਲੱਗੀ। ਵੱਡੇ-ਵੱਡੇ ਕਮਰੇ। ਉੱਚੇ ਤੇ ਮੋਟੇ ਥਮਲ੍ਹਿਆਂ ਤੇ ਟਿਕੇ ਵਰਾਂਡੇ। ਖੁੱਲ੍ਹਾ ਵਾਤਾਵਰਣ।

ਘਰ ਚੋਂ ਸਰਦਾਰੀ ਠਾਠ-ਬਾਠ ਝਲਕਦਾ ਸੀ। ਮਨਦੀਪ ਦੱਸਦੀ ਹੁੰਦੀ ਸੀ, ਕਿ ਉਹਨਾਂ ਕੋਲ ਕਾਫ਼ੀ ਜ਼ਮੀਨ ਤੇ ਬਾਗ ਨੇ।

"ਆਹ ਕਾਲੀਨ ਦੀ ਥਾਂ ਤੇ ਵਿਛਾਈਆਂ ਦਰੀਆਂ,... ਤੇ ਵੱਡੇ ਵੱਡੇ ਪਿੱਤਲ ਦੇ ਭਾਂਡੇ... ਕਿੰਨੇ ਸੋਹਣੇ ਨੇ। ਇਹ ਪਿੱਤਲ ਦੀਆਂ ਵੱਡੀਆਂ ਸੁਰਾਹੀਆਂ ਤੇ ਮੀਨਾਕਾਰੀ ਵਾਲੇ ਗਲਾਸ,... ਇਹ ਆਂਟੀ ਦੇ ਵਿਆਹ ਦੇ ਹੋਣਗੇ।"

ਮੈਂ ਅਜਿਹੇ ਤਰੀਕੇ ਨਾਲ ਪੁਰਾਣੀਆਂ ਚੀਜ਼ਾਂ ਨਾਲ ਸਜਿਆ ਹੋਇਆ ਘਰ ਪਹਿਲੀ ਵਾਰ ਵੇਖਿਆ। "ਆ ਪਿੰਕੀ ਵੇਖ ਸਾਡੀ ਵੱਡੀ ਬੇਬੇ ਦਾ ਚਰਖਾ। ਪਿੱਤਲ ਦੀਆਂ ਮੇਖਾਂ, ਸ਼ੀਸ਼ੇ... ਵੇਖ ਸਾਂਵੇਂ ਦੇ ਸਾਵੇਂ ਜੜ੍ਹੇ ਪਏ ਨੇ। ਮੰਮੀ ਤਾਂ ਇਸਨੂੰ ਵੀ ਪੂੰਝ ਸਵਾਰ ਕੇ ਸ਼ੋਅ-ਪੀਸ ਵਾਂਗ ਸਜਾਈ ਰੱਖਦੇ ਨੇ।" "ਮਨਦੀਪ ਇਹ ਓਹੀ ਚਰਖਾ ਤਾਂ ਨਹੀਂ ਜਿਸ ਦੀ ਘੂਕਰ ਸੁਣ ਕੇ ਜੋਗੀ ਪਹਾੜੋਂ ਉੱਤਰ ਆਉਂਦੇ ਸੀ।" ਮੈਂ ਹੱਸ ਕੇ ਪੁੱਛਿਆ।

"ਪਿੰਕੀ ਜੇ ਵੱਡੀ ਬੇਬੇ ਜਿਉਂਦੀ ਹੁੰਦੀ ਤਾਂ ਦੱਸਦੀ, ਇਸਦੀ ਘੂਕਰ ਨੇ ਕਿੰਨੇ ਕੁ ਜੋਗੀ ਪਹਾੜੋਂ ਉਤਾਰੇ ਸੀ। ਹੁਣ ਤਾਂ ਬੇਬੇ ਬਿਨਾਂ ਵਿਚਾਰਾ ਚਰਖਾ ਵੀ ਚੁੱਪ ਹੈ।" ਕਹਿ ਕੇ ਮਨਦੀਪ ਮੈਨੂੰ ਖੁੱਲ੍ਹੇ ਵੱਡੇ ਹਾਲ ਕਮਰੇ ਵਿਚ ਲੈ ਗਈ।

"ਇਹ ਸਾਡਾ 'ਡਰਾਇੰਗ ਰੂਮ' ਹੈ।" ਉੱਚੀਆਂ-ਉੱਚੀਆਂ ਕੰਧਾਂ 'ਤੇ ਇਕ ਪਾਸੇ ਸ਼ੇਰ ਦੀ ਜੜ੍ਹੀ ਖੱਲ੍ਹ। ਦੂਜੇ ਪਾਸੇ ਹਿਰਨਾਂ ਦੇ ਵੱਡੇ-ਵੱਡੇ ਸਿੰਗਾਂ ਵਾਲੇ ਮੂੰਹ। ਫਰਸ ਤੇ ਇਕ ਵੱਡਾ ਸਾਰਾ ਕਾਲੀਨ ਜਿਸ ਉੱਤੇ ਉੱਚੀਆਂ ਢੋਆਂ ਵਾਲੇ ਸ਼ਾਹੀ ਸੋਫ਼ੇ ਸਨ। ਕਮਰੇ ਦੇ ਇਕ ਪਾਸੇ ਬਹੁਤ ਵੱਡਾ ਦਿਵਾਨ। ਜਿਸ 'ਤੇ ਰੰਗ ਬਿਰੰਗੇ ਫੁੱਲਾਂ ਵਾਲੀ ਵਿਛੀ ਫੁਲਕਾਰੀ।

"ਵਾਹ! ਮਨਦੀਪ ਮਜਾ ਆ ਗਿਆ, ਚੰਗਾ ਕੀਤਾ ਮੈਂ ਤੇਰੇ ਨਾਲ ਆ ਗਈ, ਨਹੀਂ ਤਾਂ ਮੈਂ ਇਹ ਸਭ ਕੁਝ 'ਮਿਸ ਕਰਨਾ ਸੀ।" "ਪਿੰਕੇ, ਤੈਨੂੰ ਆਖਿਆ ਸੀ, ਇਹ ਸਭ ਤੇਰੇ 'ਟੇਸਟ' ਦਾ ਹੈ, ਮੈਨੂੰ ਪਤਾ ਸੀ, ਤੂੰ ਇਹ ਸਭ ਚੀਜ਼ਾਂ ਨੂੰ ਪਸੰਦ ਕਰੇਂਗੀ। ਆ ਜਾ ਤੈਨੂੰ ਡੈਡੀ-ਮੰਮੀ ਦਾ ਬੈਡਰੂਮ ਵਿਖਾਵਾਂ।"

ਬਹੁਤ ਵੱਡੇ ਬੈੱਡ ਦੀ ਉੱਚੀ ਢੋਅ ਨੇ ਸਾਰੀ ਕੰਧ ਮੱਲੀ ਹੋਈ ਸੀ। ਢੋਅ ਤੇ ਜੜ੍ਹੇ ਪਿੱਤਲ ਦੇ ਫੁੱਲ ਤੇ ਮੇਖਾਂ ਨੂੰ ਕਿਸੇ ਕਾਰੀਗਰ ਨੇ ਬੜੀ ਜੀ ਜਾਨ ਨਾਲ ਜਚਾ ਕੇ ਜੜਿਆ ਹੋਣੈ।"

"ਵੈਰੀ ਗੁੱਡ ਯਾਰ... ਐਹੋ ਜੇ ਬੈੱਡ ਤਾਂ ਆਪਾਂ ਰਾਜੇ ਮਹਾਰਾਜਿਆਂ ਵਾਲੀਆਂ ਫ਼ਿਲਮਾਂ ਵਿਚ ਹੀ ਵੇਖਦੇ ਹਾਂ।

"ਪਿੰਕੀ ਇਹ ਬੈੱਡ ਪਤੈ, ਕਿੰਨੇ ਪੁਰਾਣੇ ਨੇ... ਮੇਰੀ ਵੱਡੀ ਦਾਦੀ ਵੀ ਇਸ ਤੇ ਸੌਂਦੀ ਸੀ... ਫੇਰ ਦਾਦੀ ਤੇ ਹੁਣ ਮੰਮੀ। ਡੈਡੀ ਕਹਿੰਦੇ ਨੇ ਪੁਰਾਣੀ ਟਾਹਲੀ ਦੀ ਲੱਕੜ 'ਚ ਇੰਨੀ ਜਾਨ ਹੁੰਦੀ ਹੈ, ਜੇ ਅਸੀਂ ਸੰਭਾਲ ਕਰਦੇ ਰਹੇ ਤੇ ਇਹ ਹੋਰ ਵੀ ਕਈ ਸਾਲ ਸਾਡੇ ਨਾਲ ਹੰਢੂ। ਅਸੀਂ ਇਹਨਾਂ ਨੂੰ ਸਾਫ਼ ਕਰਕੇ ਪਾਲਿਸ਼ ਕਰਾਈ ਰੱਖਦੇ ਹਾਂ।"

"ਮਨਦੀਪ, ਇਹ ਕੁਰਸੀ...?" ਕਿਵੇਂ ਕਿਸੇ ਰਾਜੇ ਦੀ ਆਰਾਮ ਕੁਰਸੀ ਹੋਵੇ। ਉਸ ਉੱਤੇ ਬੈਠਾ ਭਾਰੀ ਤੇ ਕਾਲੀ ਲਿਸ਼ਕਦੀ ਜੱਤ ਵਾਲਾ ਕੁੱਤਾ ਬੈਠਾ ਸੀ।



ਕੁੱਤਾ ਐਡਾ ਵੱਡਾ ਸੀ ਕਿ ਮੈਂ ਡਰ ਕੇ ਪਿਛਾਂਹ ਹੋ ਗਈ।

"ਡਰ ਗਈ... ਕੁਝ ਨੀ ਕਹਿੰਦਾ,... ਆ ਜਾ ਤੂੰ ਬੈਠ ਮੈਂ ਇਸ ਨੂੰ ਬਾਹਰ ਛੱਡ ਆਉਦੀ ਆਂ।" ਕੁੱਤਾ ਬਾਹਰ ਚਲਾ ਗਿਆ, ਮੈਨੂੰ ਫੇਰ ਸਾਹ ਪਿਆ।"

"ਮਨਦੀਪ ਕਿੱਡਾ ਵੱਡਾ ਕੁੱਤਾ ਐ,... ਕਿੱਥੋਂ ਲਿਆਂਦੈ...?

"ਇਹ ਜੀਤ ਵੀਰੇ ਦੇ ਦੋਸਤ ਨੇ ਗਿਫ਼ਟ ਕੀਤਾ ਸੀ, ਉਹ ਤਾਂ ਬੱਸ ਸਾਰਾ ਦਿਨ ਏਸੇ ਦੀ ਖ਼ਾਤਰ ਕਰਦੈ, ਡੈਡੀ ਬਹੁਤ ਗੁੱਸੇ ਹੁੰਦੇ ਨੇ...!"

ਆਂਟੀ ਖੀਰ ਲੈ ਆਏ। "ਥੈਂਕ ਯੂ ਆਂਟੀ।" ਮੈਂ ਕੌਲੀ ਫੜ੍ਹ ਕੇ ਆਰਾਮ ਕੁਰਸੀ 'ਤੇ ਅੱਧ ਲੇਟੀ ਜਿਹੀ ਹੋ ਗਈ। ਅੰਕਲ ਵੀ ਆ ਗਏ। ਮੈਨੂੰ ਕੁਰਸੀ ਤੇ ਬੈਠੀ ਵੇਖ ਕੇ ਹੱਸ ਪਏ। "ਬੇਟਾ ਜੀ, ਇਹ ਮੇਰੇ ਦਾਦੇ ਦੀ ਕੁਰਸੀ ਹੈ।"

"ਹਾਂ ਜੀ ਅੰਕਲ, ਮੈਂ ਸਭ ਕੁਝ ਵੇਖ ਲਿਆ।" ਆਂਟੀ ਨੇ ਇਹਨਾਂ ਚੀਜ਼ਾਂ ਨੂੰ ਕਿੰਨੇ ਪਿਆਰ ਨਾਲ ਸੰਭਾਲ ਕੇ ਰੱਖਿਆ ਹੈ। ਅੰਕਲ, ਤੁਹਾਡੀ ਹਰ ਚੀਜ਼ ਐਂਟੀਕ ਹੈ।"

ਅੰਕਲ ਖੀਰ ਖਾਂਦੇ ਖਾਂਦੇ ਰੁੱਕ ਗਏ। "ਬੇਟਾ, ਇਹ ਤਾਂ ਸਾਰਾ ਅਮੀਰ ਵਿਰਸਾ ਹੈ, ਇਹਦੀ ਸੰਭਾਲ ਤਾਂ ਹਰ ਪੀੜ੍ਹੀ ਦਾ ਫਰਜ਼ ਹੈ। ਇਹ ਵਿਰਸਾ ਸਾਨੂੰ ਸਾਡੇ ਬਜ਼ੁਰਗਾਂ ਤੋਂ ਮਿਲਿਆ ਹੈ, ਜੇ ਸੰਭਾਲਾਂਗੇ ਤਾਂ ਅਸੀਂ ਆਪਣੇ ਬੱਚਿਆਂ ਨੂੰ ਦੇ ਸਕਾਂਗੇ।"

"ਹਾਲੇ ਤਾਂ ਮੰਮੀ ਦੀ ਪੇਟੀ 'ਚ ਪਤਾ ਨੀ ਕਿੰਨੇ ਕੁ "ਐਂਟੀਕ ਪੀਸ" ਪਏ ਨੇ...।" ਮਨਦੀਪ ਨੇ ਹੱਸ ਕੇ ਦੱਸਿਆ

"ਆਂਟੀ ਮੈਂ ਵੀ ਇਕ 'ਐਂਟੀਕ ਪੀਸ' ਗਿਫ਼ਟ ਲੈ ਕੇ ਜਾਣੈ।"

"ਜਰੂਰ, ਲੈ ਹੋਰ ਨੀ ਤਾਂ ਸਾਡੇ ਵੱਲੋਂ ਯਾਦਗਾਰ ਈ ਰਹਿਜੂ, ਨਾਲੇ ਯਾਦ ਕਰੇਂਗੀ ਕਿ ਤੂੰ ਵੀ ਕਦੇ ਮਨਦੀਪ ਦੇ ਪਿੰਡ ਗੇੜਾ ਮਾਰਿਆ ਸੀ।"

ਜਾਲੀ ਵਾਲੇ ਬੂਹੇ ਬਾਹਰ ਖੜ੍ਹਾ ਇਕ ਨਿੱਕਾ ਜਿਹਾ ਮੁੰਡਾ ਵਾਜ਼ ਦੇ ਰਿਹਾ ਸੀ, "ਬੀਬੀ... ਵੱਡੇ ਬਾਬੇ ਦੀ ਚਾਹ...।"

ਸ਼ਕਲ, ਸੂਰਤ ਤੇ ਪਹਿਰਾਵੇ ਤੋਂ ਨੌਕਰ ਜਾਪਦਾ ਸੀ। ਆਂਟੀ ਫਟਾਫਟ ਉਠ ਖਲੋਤੇ "ਓਹੋ ਕੁਵੇਲਾ ਹੋ ਗਿਆ... ਮੈਂ ਤਾਂ ਚਾਹ ਈ ਭੁੱਲ ਗਈ। ਇਕ ਤਾਂ ਮੱਘਰ ਦੇ ਦਿਨ ਨੇ, ਪਤਾ ਨੀ ਲੱਗਦਾ ਕਦੋਂ ਆਥਣ ਹੋ ਜਾਂਦੈ।"

ਹਨੇਰਾ ਹੋ ਗਿਆ। ਅਸੀਂ ਰਸੋਈ ਵਿਚ ਬਹਿ ਕੇ ਈ ਰੋਟੀ ਖਾਧੀ। ਰੋਟੀ ਖਾਂਦਿਆਂ ਕਈ ਵਾਰ ਮੇਰੇ ਕੰਨਾਂ 'ਚ ਕਿਸੇ ਦੇ ਖੰਘਣ ਦੀ ਆਵਾਜ਼ ਪਈ। ਰੋਟੀ ਖਾ ਕੇ ਮੈਂ ਬਾਹਰ ਵਿਹੜੇ ਵਿਚ ਆ ਗਈ।

ਵੱਡੇ ਬੂਹੇ ਦੇ ਵੜਦਿਆਂ ਸਾਰ ਇਕ ਨਿੱਕੇ ਜਿਹੇ ਬੂਹੇ ਵਿਚੋਂ ਪੀਲੇ ਬਲਬ ਦੀ ਮੱਧਮ ਰੌਸ਼ਨੀ ਆ ਰਹੀ ਸੀ। ਨਾਲੇ ਖੰਘਣ ਦੀ ਆਵਾਜ਼। ਜਿਵੇਂ ਕੋਈ ਬਹੁਤਾ ਬਿਮਾਰ ਖੰਘ ਰਿਹਾ ਹੋਵੇ।

"ਮਨਦੀਪ ਓਧਰ ਕੌਣ ਐ...?"

"ਹਾਂ ਸੱਚ ਆ ਚੱਲੀਏ ਓਧਰ ਤਾਂ ਸਾਡੀ ਪੁਰਾਣੀ ਸਬਾਤ ਹੈ। ਇਹ ਤਾਂ ਮੈਂ

ਤੈਨੂੰ ਵਖਾਉਣੀ ਭੁੱਲ ਈ ਗਈ। ਇੱਥੇ ਵੱਡੇ ਬਾਬਾ ਜੀ ਤੇ ਨੱਥੂ ਸੌਂਦੇ ਨੇ। ਵੱਡੇ ਬਾਬਾ ਜੀ ਡੈਡੀ ਦੇ ਦਾਦਾ ਜੀ ਨੇ। ਉਨ੍ਹਾਂ ਦੀ ਉਮਰ ਸੌ ਵਰ੍ਹੇ ਤੋਂ ਵੀ ਵੱਧ ਹੈ...।"

ਅੰਦਰ ਵੜ੍ਹਦਿਆਂ ਇਕ ਸਲ੍ਹਾਬੀ ਜਿਹੀ ਹਵਾਂਕ ਨੱਕ ਨੂੰ ਚੜ੍ਹ ਗਈ। ਇਸ ਵੱਡੀ ਸਬਾਤ 'ਚ ਇਕ ਨਿੱਕਾ ਜਿਹਾ ਬਲਬ ਰੌਸ਼ਨੀ ਦੇਣ ਦਾ ਪੂਰਾ ਯਤਨ ਕਰ ਰਿਹਾ ਸੀ। ਪਰ ਫੇਰ ਵੀ ਹਰ ਚੀਜ਼ ਨੂੰ ਵੇਖਣ ਵਾਸਤੇ ਅੱਖਾਂ 'ਤੇ ਜ਼ੋਰ ਦੇਣਾ ਪੈ ਰਿਹਾ ਸੀ। ਸਬਾਤ ਵਿਚ ਇਕ ਪਾਸੇ ਸੰਦੂਕ ਤੇ ਪੇਟੀਆਂ ਪਈਆਂ ਹੋਈਆਂ ਅਤੇ ਹੋਰ ਟੁੱਟਿਆ ਭੱਜਿਆ ਜਿਹਾ ਸਮਾਨ।

ਖੂੰਜੇ ਵਿਚ ਵੱਡੇ ਸਾਰੇ ਮੰਜੇ ਤੇ ਇਕ ਬਹੁਤ ਬਿਰਧ ਲੇਟਿਆ ਹੋਇਆ। ਉਸਨੇ ਕੰਧ ਨਾਲ ਮੈਲੇ ਜਿਹੇ ਸਰ੍ਹਾਣਿਆਂ ਦਾ ਢੋਅ ਬਣਾਇਆ ਹੋਇਆ ਸੀ। ਬਜ਼ੁਰਗ ਉੱਪਰ ਥਿੰਧੀ ਤੇ ਮੈਲੀ ਜਿਹੀ ਰਜਾਈ। ਜਿਹੜੀ ਅੱਧੀ ਕੁ ਮੰਜੇ ਤੋਂ ਹੇਠਾਂ ਲਮਕੀ ਹੋਈ। ਐਡੀ ਵੱਡੀ ਸਬਾਤ ਵਿਚ ਪਿਆ ਇਹ ਬਜ਼ੁਰਗ ਬਿਸਤਰੇ ਵਿਚ ਮਸਾਂ ਈ ਪਿਆ ਲੱਭਦਾ ਸੀ। ਜਿਵੇਂ ਕੋਈ ਹੱਡੀਆਂ ਦਾ ਪਿੰਜਰ। ਜਿਹਦੇ ਉਤੇ ਕਾਲੀ ਜਿਹੀ ਚਮੜੀ ਨੂੰ ਵੱਟਾਂ ਪਾ-ਪਾ ਕੇ ਗੂੰਦ ਨਾਲ ਚਮੇੜਿਆ ਹੋਵੇ। ਉਸਦੇ ਚਿਹਰੇ ਦੀਆਂ ਝੁਰੜੀਆਂ ਵਿਚ ਨੱਕ, ਬੁੱਲ੍ਹ ਅੱਖਾਂ ਕਿਤੇ ਲੱਭਦੀਆਂ ਨਹੀਂ। ਉਸਨੇ ਖੁਸ਼ਕ ਚਮੜੀ ਨੂੰ ਖੁਰਕ-ਖੁਰਕ ਕੇ ਚਿੱਟੀਆਂ ਚਿੱਟੀਆਂ ਲੀਕਾਂ ਬਣਾ ਲਈਆਂ ਸਨ।

"ਕੌਣ... ਐ...? ਨੱਥੂ... ਆ ਗਿਆ...।"

"ਨਹੀਂ ਬਾਪੂ, ਮੈਂ ਮਨਦੀਪ, ਆਹ ਵੇਖੋ ਮੇਰੀ ਸਹੇਲੀ ਵੀ ਆਈ ਐ...।"

"ਅੱਛਾ... ਅੱਛਾ... ਬਾਪੂ ਨੇ ਸਿਰ ਪਲੋਸਣ ਵਾਸਤੇ ਕੰਬਦਾ ਹੱਥ ਚੁੱਕਣ ਦੀ ਕੋਸ਼ਿਸ਼ ਕੀਤੀ।... ਪਰ ਹੱਥਾਂ 'ਚ ਸ਼ਾਇਦ ਇੰਨੀ ਜਾਨ ਨਹੀਂ ਸੀ, ਜੋ ਉਹ ਮੇਰੇ ਸਿਰ ਤਕ ਪਹੁੰਚਦਾ।

"ਦੀ...ਪ... ਰੋਟੀ... ਲਿਆ ਦਿਓ...। ਨੱਥੂ ਕਿੱਧਰ.... ਹੈ?"

ਮੈਨੂੰ ਹੈਰਾਨੀ ਹੋਈ। ਅਸੀਂ ਸਾਰਿਆਂ ਨੇ ਕਦੋਂ ਦੀ ਰੋਟੀ ਖਾ ਲਈ। ਪਰ ਬਾਪੂ ਕਿਸੇ ਨੂੰ ਯਾਦ ਹੀ ਨਹੀਂ।

"ਮੰਮੀ... ਬਾਪੂ ਦੀ ਰੋਟੀ...।" ਮਨਦੀਪ ਨੇ ਅੰਦਰੋਂ ਹੀ ਆਵਾਜ਼ ਦਿੱਤੀ।

ਨੱਥੂ ਰੋਟੀ ਲੈ ਆਇਆ ਤੇ ਬਾਪੂ ਮੂਹਰੇ ਧਰ ਦਿੱਤੀ! ਬਾਪੂ ਨੇ ਕਮਜ਼ੋਰ ਜਿਹੇ ਹੱਥਾਂ ਨਾਲ ਨਿੱਕੇ ਜਵਾਕ ਵਾਂਗ ਰੋਟੀ ਦੇ ਨਿੱਕੇ ਨਿੱਕੇ ਟੁਕੜੇ ਕਰਨੇ ਸ਼ੁਰੂ ਕਰ ਦਿੱਤਾ!

"ਬਾਪੂ ਜੀ ਦੇ ਦੰਦ ਹੈਨੀ, ਇਹ ਤਾਂ ਰੋਜ ਚੂਰੀ ਖਾਂਦੈ।" ਮਨਦੀਪ ਨੇ ਮਖੌਲ 'ਚ ਬਾਪੂ ਦੇ ਕੰਨ ਕੋਲ ਜਾ ਕੇ ਕਿਹਾ!

ਬਾਪੂ ਉੱਚੀ ਉੱਚੀ ਖੰਘ ਰਿਹਾ ਸੀ। ਮੈਂ ਪਾਣੀ ਦਾ ਗਲਾਸ ਫੜਾ ਦਿੱਤਾ। ਬਾਪੂ ਨੇ ਪਾਣੀ ਵੀ ਪੀਤਾ ਪਰ ਖੰਘ ਵੱਧਦੀ ਗਈ।

ਆਂਟੀ ਅੰਦਰ ਆ ਗਏ, "ਬਾਬਾ ਜਰਾਂਦ ਕਰਕੇ ਖਾ ਲਿਆ ਕਰ, ਦੰਦ ਨੀ, ਵਾਸਤਾ ਨੀ, ਇਕੋ ਵਾਰੀ ਵੱਡਾ ਬੁਰਕ ਧੱਕ ਲੈਨਾਂ ਏਂ।" ਆਂਟੀ ਬਾਪੂ ਨੂੰ ਝਿੜਕਾਂ ਮਾਰਨ ਲੱਗ ਪਏ। ਬਾਪੂ ਹਾਲੇ ਵੀ ਖੰਘੀ ਜਾਂਦਾ ਸੀ। ਉਸਨੂੰ ਹੱਥੂ ਆ



ਗਿਆ। ਉਸਨੇ ਰਜਾਈ ਉੱਤੇ ਹੀ ਉਲਟੀ ਕਰ ਦਿੱਤੀ।

"ਓ...ਹੋ.., ਇਕ ਇਹ ਕਸਰ ਈ ਰਹਿ ਗਈ ਸੀ...। ਨੱਥੂ... ਵੇ ਨੱਥੇ... ਆ। ਆ ਕੇ ਗਲਾਫ ਬਦਲ ਦੇ ਰਜਾਈ ਦਾ, ਨਾਲੇ ਬਾਬੇ ਦਾ ਮੂੰਹ ਪੂੰਝ ਦੇਵੀਂ। ਚਲੋ ਪੁੱਤ, ਸੌਂਵੋਂ ਜਾ ਕੇ, ਨੱਥੂ ਆਪੇ ਕਰ ਦਊ ਸਾਫ਼ ਸਫ਼ਾਈ।"

"ਆਂਟੀ ਖੰਘ ਦੀ ਦਵਾਈ ਦੇ ਦਿਉ।" ਮੈਂ ਤਰਸ ਖਾ ਕੇ ਸਲਾਹ ਦਿੱਤੀ।

"ਦਵਾ ਦਾਰੂ ਨੀ ਹੁਣ ਅਸਰ ਕਰਦੀ। ਲਟਕੀ ਜਾਂਦਾ ਐ। ਬਥੇਰੀ ਉਮਰ ਐ। ਏਸ ਉਮਰੇ ਤਾਂ ਬੰਦਾ ਛੁੱਟਜੇ ਤਾਂ ਚੰਗੈ। ਸਾਂਭ ਸੰਭਾਈ ਵਾਸਤੇ ਵੀ ਇਕ ਬੰਦਾ ਸਿਰ ਤੇ ਚਾਹੀਦੈ, ਕੀ ਕਰੀਏ...।" ਆਂਟੀ ਕਲਪੀ ਜਾਂਦੀ ਸੀ। ਬਾਪੂ ਦੇ ਖੰਘਣ ਦੀ ਆਵਾਜ਼ ਬਹੁਤ ਉੱਚੀ ਬਾਹਰ ਤਕ ਆ ਰਹੀ ਸੀ।

"ਹੁਣ ਨੀ ਸੌਣ ਦਿੰਦਾ ਸਾਰੀ ਰਾਤ... ਆਏਂ ਕਰ ਪਿੰਕੀ, ਆਹ ਸਾਡਾ ਵੱਡਾ ਬਾਬਾ ਲੈ ਜਾ... ਤੈਨੂੰ ਇਸ ਤੋਂ ਵੱਡਾ ਐਂਟੀਕ ਪੀਸ ਨੀ ਥਿਉਣਾਂ"...। ਆਂਟੀ ਮੂੰਹ ਮਰੋੜ ਕੇ ਹੱਸ ਪਏ ਤੇ ਬਾਹਰ ਨੂੰ ਚਲੇ ਗਏ। ਪਰ ਉਹਨਾਂ ਦੀ ਗੱਲ ਜਿਵੇਂ ਮੇਰੇ ਆਰ ਪਾਰ ਨਿੱਕਲ ਗਈ।

ਮਨਦੀਪ ਕਦੋਂ ਦੀ ਸੌਂ ਗਈ ਸੀ। ਮੇਰੀਆਂ ਅੱਖਾਂ ਅੱਗੇ ਵੱਡੇ ਬਾਪੂ ਜੀ ਵਾਰ ਵਾਰ ਆਉਂਦੇ... ਤੇ ਕਦੇ ਆਂਟੀ ਦੀ 'ਐਂਟੀਕ ਪੀਸ' ਵਾਲੀ ਗੱਲ ਮੇਰਾ ਮਨ ਦੁਖੀ ਕਰ ਜਾਂਦੀ। ਹਾਲੇ ਵੀ ਬਾਪੂ ਦੇ ਖੰਘਣ ਦੀ ਆਵਾਜ਼ ਮੇਰੇ ਕੰਨਾਂ ਵਿਚ ਪੈ ਰਹੀ ਸੀ। ਮੇਰੇ ਅੰਦਰ ਅਜਿਹੀ ਝੂਠੀ ਸਰਦਾਰੀ ਲਈ ਨਫ਼ਰਤ ਦੀ ਭਾਵਨਾ ਵਾਰ ਵਾਰ ਉੱਠਦੀ।

ਇਹ ਕਿਹੋ ਜੀ ਸਰਦਾਰੀ ਹੈ। ਬੇਜ਼ਾਨ ਚੀਜ਼ਾਂ ਨੂੰ ਤਾਂ ਸੰਭਾਲ-ਸੰਭਾਲ ਰੱਖਦੇ ਨੇ... ਪੁਰਾਣੀਆਂ ਚੀਜ਼ਾਂ ਨੂੰ ਐਂਟੀਕ ਪੀਸ ਬਣਾ ਕੇ ਕਮਰਿਆਂ ਦੀ ਸ਼ੋਭਾ ਬਣਾ ਦਿੱਤਾ... ਸ਼ਾਇਦ ਚੀਜ਼ਾਂ ਇਹਨਾਂ ਦੇ ਅਮੀਰ ਵਿਰਸੇ ਦੀ ਪਛਾਣ ਹੈ। ਏਸ ਵਿਰਸੇ 'ਚੋਂ ਉਹਨਾਂ ਦੀ ਸਰਦਾਰੀ ਤੇ ਠਾਠ-ਬਾਠ ਝਲਕਦਾ ਹੈ। ...ਪਰ ਅਸਲੀ ਵਿਰਸਾ ...ਜਿਹੜਾ ਜਿਉਂਦਾ ਜਾਗਦਾ ਹੈ... ਉਸਨੂੰ ਘਰ ਦੀ ਸਬਾਤ ਵਿਚ ਪੁਰਾਣੇ ਸਮਾਨ ਨਾਲ ਸੁੱਟਿਆ ਹੋਇਐ। ਇਹਨਾਂ ਨੇ ਬਾਪੂ ਦੀਆਂ ਝੁਰੜੀਆਂ ਨਹੀਂ ਵੇਖੀਆਂ। ਜਿਸਦੀ ਇਕ ਇਕ ਝੁਰੜੀ ਵਿਚ ਅਸਲ ਵਿਰਸਾ ਹਾਲੇ ਵੀ ਜਿਉਂਦਾ ਪਿਆ ਹੈ। ਬਾਪੂ ਇਕ ਯੁੱਗ ਦੇ ਤਜ਼ਰਬੇ ਦਾ ਜਿਉਂਦਾ ਜਾਗਦਾ ਮੁਜੱਸਮਾ ਹੈ।

ਆਂਟੀ ਨੇ ਬਾਪੂ ਦੇ ਜ਼ਮਾਨੇ ਦੀਆਂ ਚੀਜ਼ਾਂ ਦੀ ਬਹੁਤ ਸੰਭਾਲ ਕੀਤੀ ਹੈ... ਉਹਨਾਂ ਨੂੰ ਪੂੰਝਦੀ, ਸਵਾਰਦੀ ਹੈ। ਲਿਸ਼ਕਾਉਂਦੀ, ਪਾਲਸ਼ ਵੀ ਕਰਵਾਉਂਦੀ ਹੈ। ਕਿਉਂ? ਸ਼ਾਇਦ ਚੀਜ਼ਾਂ ਦੇ ਬਾਪੂ ਵਾਂਗ ਝੁਰੜੀਆਂ ਨਹੀਂ ਪੈਂਦੀਆਂ ਜਾਂ ਫੇਰ ਬਾਪੂ ਤੇ ਹਰ ਸਾਲ ਪਾਲਸ਼ ਨਹੀਂ ਹੋ ਸਕਦਾ ਜਾਂ ਚੀਜ਼ਾਂ ਬਾਪੂ ਵਾਂਗ ਰੋਟੀ ਨਹੀਂ ਮੰਗਦੀਆਂ..., ...ਖੰਘਦੀਆਂ ਨਹੀਂ।

ਪਰ ਇਹ ਚੀਜ਼ਾਂ ਕੋਲ ਬਾਪੂ ਵਾਂਗ ਨਿੱਘਾ ਪਿਆਰ ਵੀ ਨਹੀਂ। ਇਹਨਾਂ ਨੇ ਆਪਣੇ ਇੰਨੇ ਸਾਲ ਬੱਚਿਆਂ ਨੂੰ ਪਾਲਣ ਵਿਚ ਨਹੀਂ ਲੰਘਾਏ... ਇਹਨਾਂ ਚੀਜ਼ਾਂ ਨੇ ਰਾਤ ਨੂੰ ਰੋਂਦੇ ਵਿਲਕਦੇ ਬੱਚੇ ਨਹੀਂ ਸਾਂਭੇ... ਤੇ ਨਾ ਹੀ ਇਹਨਾਂ ਚੀਜ਼ਾਂ ਕੋਲ ਬਾਪੂ

ਵਾਂਗ ਸਿਰ ਪਲੋਸਣ ਵਾਲਾ ਹੱਥ ਹੈ।... ਫੇਰ ਆਂਟੀ ਬਾਪੂ ਨੂੰ ਐਂਟੀਕ ਪੀਸ ਕਿਉਂ ਕਹਿੰਦੀ ਹੈ। ਜੇ ਬਾਪੂ ਐਂਟੀਕ ਪੀਸ ਹੈ ਤਾਂ ਫੇਰ ਦੂਜੇ ਸਮਾਨ ਵਾਂਗ ਉਸਦੀ ਸੰਭਾਲ ਕਿਉਂ ਨਹੀਂ ਹੁੰਦੀ?

ਬਾਪੂ ਦਾ ਲਿਬੜਿਆ ਮੂੰਹ ਕਿਉਂ ਨਹੀਂ ਕੋਈ ਪੂੰਝਦਾ?... ਜੇ ਬਾਪੂ ਐਂਟੀਕ ਪੀਸ ਹੈ ਤਾਂ ਇਹ ਡਰਾਇੰਗ ਰੂਮ ਵਿਚ ਕਿਉਂ ਨਹੀਂ ਬਿਠਾਇਆ?... ਬਾਪੂ ਆਪਣੀ ਸ਼ਾਹੀ ਆਰਾਮ ਕੁਰਸੀ ਤੇ ਬਿਰਾਜਮਾਨ ਕਿਉਂ ਨਹੀਂ? ...ਬਾਪੂ ਉੱਚੇ ਸੋਫ਼ੇ ਉੱਤੇ ਢੋਅ ਲਾ ਕੇ ਕਿਉਂ ਨਹੀਂ ਬੈਠਾ? ਜੇ ਵੱਡਾ ਬਾਪੂ ਐਂਟੀਕ ਪੀਸ ਹੈ ਤਾਂ ਫੇਰ ਆਂਟੀ ਵੀ ਆਉਣ ਵਾਲੇ ਵਰ੍ਹਿਆਂ 'ਚ ਐਂਟੀਕ ਪੀਸ ਬਣ ਜਾਣਗੇ... ਕਦੇ ਆਂਟੀ ਦੇ ਬੈੱਡ 'ਤੇ ਜੀਤ ਵੀਰੇ ਦੀ ਘਰਵਾਲੀ ਸੌਂਵੇਗੀ ਤੇ ਆਂਟੀ ਵੱਡੇ ਬਾਪੂ ਵਾਲੀ ਸਬਾਤ 'ਚ ਐਂਟੀਕ ਪੀਸ ਬਣ ਜਾਵੇਗੀ।

ਮੈਨੂੰ ਇਹ ਵੱਡੀ ਹਵੇਲੀ, ਭੂਤਾਂ ਵਾਲਾ ਮਹਿਲ ਲੱਗ ਰਹੀ ਸੀ। ਸਾਰੇ ਪਾਸੇ ਹਨੇਰਾ ਤੇ ਚੁੱਪ। ਇਸ ਭੂਤ ਮਹਿਲ ਵਿਚ ਸਾਰੇ ਸਮਾਨ ਦੇ ਜਿਵੇਂ ਲੱਤਾਂ ਬਾਹਵਾਂ ਲੱਗ ਗਈਆਂ... ਚੀਜ਼ਾਂ ਕਮਰਿਆਂ, ਵਰਾਂਡਿਆਂ ਤੇ ਵਿਹੜੇ 'ਚ ਤੁਰ ਫਿਰ ਰਹੀਆਂ ਸਨ। ਇੰਜ ਲੱਗ ਰਿਹਾ ਸੀ ਜਿਵੇਂ ਏਸ ਵੇਲੇ ਇਹਨਾਂ ਦਾ ਰਾਜ ਹੋ ਜਾਂਦਾ ਹੋਵੇ। ਵੱਡੇ ਸੋਫ਼ੇ, ਬੈੱਡ, ਸੰਦੂਕ, ਕੁਰਸੀਆਂ, ਮੇਜ, ਪਿੱਤਲ ਦੇ ਭਾਂਡੇ ਸਭ ਖੜਕਾ-ਦੜਕਾ ਕਰੀ ਜਾਂਦੇ ਸਨ। ਡਰਾਇੰਗ ਰੂਮ ਦੀ ਕੰਧ ਵਾਲੀ ਸ਼ੇਰ ਦੀ ਖੱਲ੍ਹ, ਜਿਉਂਦਾ ਸ਼ੇਰ ਬਣ ਗਈ। ਉਹ ਪੂਰੀ ਸਰਦਾਰੀ ਨਾਲ ਸੋਫੇ ਉੱਤੇ ਚੜ੍ਹ ਜਾਂਦਾ ਤੇ ਕਦੇ ਦੀਵਾਨ ਤੇ ਚੜ੍ਹ ਜਾਂਦਾ। ਕੰਧਾਂ 'ਤੇ ਟੰਗੇ ਵਿੰਗੇ ਤੜਿੰਗੇ ਸਿੰਗਾਂ ਵਾਲੇ ਹਿਰਣ ਸ਼ੇਰ ਤੋਂ ਡਰ ਕੇ ਕੰਬੀ ਜਾਂਦੇ ਸੀ।... ਬਾਪੂ ਦੀ... ਆਰਾਮ ਕੁਰਸੀ ਆਪ ਮੁਹਾਰੀ ਹਿੱਲ ਰਹੀ ਸੀ। ...ਤੇ ਉਸ 'ਤੇ ਬੈਠਾ ਕੁੱਤਾ ਬੁੱਤ ਬਣ ਗਿਆ।

...ਵੱਡਾ ਬਾਪੂ ਵੀ ਬੁੱਤ ਬਣ ਗਿਆ। ...ਹੁਣ ਉਸਨੂੰ ਕੋਈ ਖੰਘ ਨਹੀਂ ਆ ਰਹੀ... ਨਾਂ ਹੀ ਉਸਦੇ ਹੱਥ ਕੰਬਦੇ। ਆਂਟੀ ਅੰਕਲ ਵੀ ਬੁੱਤ ਬਣ ਗਏ ਸਨ...। ਘਰ 'ਚ ਇਕ ਭਿਆਨਕ ਮਾਹੌਲ, ਹਰ ਪਾਸਿਓਂ ਡਰਾਉਣੀਆਂ ਅਵਾਜ਼ਾਂ ਆ ਰਹੀਆਂ ਸਨ...। ਘਰ ਦੀਆਂ ਸਾਰੀਆਂ ਬੇਜ਼ਾਨ ਚੀਜ਼ਾਂ ਵਿਚ ਜਾਨ ਆ ਗਈ ਅਤੇ ਜਿਉਂਦੇ ਬੰਦੇ ਬੁੱਤ ਬਣਨ ਲੱਗ ਪਏ।... ਨੱਥੂ ਵੀ ਹੌਲੀ ਹੌਲੀ ਬੁੱਤ ਬਣ ਰਿਹਾ ਸੀ। ਮੈਂ ਮਨਦੀਪ ਦਾ ਹੱਥ ਫੜ੍ਹ ਲਿਆ। ਉੱਚੀ ਉੱਚੀ ਚੀਕਣ ਲੱਗ ਪਈ..., "ਮਨਦੀਪ... ਮਨਦੀਪ ਭੱਜ ਲੈ ਛੇਤੀ ਭੱਜ ਲੈ..., ਨਹੀਂ ਤਾਂ ਆਪਾਂ ਵੀ ਬੁੱਤ ਬਣ ਜਾਵਾਂਗੇ।..."

"... ਪਿੰਕੀ, ਓਏ ਪਿੰਕੀ... ਕੀ ਹੋਇਆ? ...ਕਿਉਂ ਚੀਕਾਂ ਮਾਰ ਰਹੀ ਐਂ...? ਕੀ ਗੱਲ, ਕੋਈ ਡਰਾਉਣਾ ਸੁਫ਼ਨਾ ਵੇਖ ਲਿਆ...?" ਮਨਦੀਪ ਨੇ ਮੈਨੂੰ ਹਲੂਣ ਕੇ ਜਗਾ ਦਿੱਤਾ। ਮੇਰੇ ਚਿਹਰੇ 'ਤੇ ਪਸੀਨਾ ਆ ਗਿਆ... ਮੈਨੂੰ ਬਹੁਤ ਘਬਰਾਹਟ ਹੋ ਰਹੀ ਸੀ।... ਮੈਂ ਵਾਰ ਵਾਰ ਆਪਣੇ ਹੱਥ ਪੈਰ ਹਿਲਾ-ਹਿਲਾ ਕੇ ਵੇਖੇ, ਫੇਰ ਆਪਣੇ ਮੂੰਹ ਨੂੰ ਹੱਥ ਲਾ ਕੇ ਵੇਖਿਆ। ਮੈਨੂੰ ਡਰ ਸੀ... ਕਿਤੇ ਮੈਂ ਵੀ ਤਾਂ ਬੁੱਤ ਨਹੀਂ ਬਣ ਗਈ....।



## ਰੂਹ ਦਾ ਰੁਦਨ

ਵੱਡੇ ਸ਼ਹਿਰ ਦਾ ਸ਼ਮਸ਼ਾਨ ਘਾਟ। ਕਈ ਚੌਂਤਰਿਆਂ ਉੱਤੇ ਧੂੰ-ਧੂੰ ਕਰਕੇ ਮੱਚਦੇ ਸਿਵੇ। ਹਰ ਪਾਸੇ ਕੁਰਲਾਹਟ। ਚੀਕਾਂ, ਵੈਣ, ਸਿਆਪਾ। ਮੈਂ ਸੁਣਿਆ ਸੀ, ਨਰਕਾਂ ਵਿਚ ਅਜਿਹੀਆਂ ਡਰਾਉਣੀਆਂ ਅਵਾਜ਼ਾਂ ਆਉਂਦੀਆਂ ਨੇ। ਕਿਧਰੇ ਅੱਗਾਂ ਮੱਚਦੀਆਂ ਨੇ। ਕਿਧਰੇ ਰੂਹਾਂ ਅੱਗਾਂ ਵਿਚ ਤੜਪਦੀਆਂ ਨੇ। ਚੀਕਾਂ ਮਾਰਦੀਆਂ ਨੇ। ਇਹ ਕੋਈ ਨਰਕ ਨਜ਼ਾਰਾ ਹੈ? ਪਰ ਅੱਜ ਮੈਂ ਨਹੀਂ ਸੀ ਚੀਕਦੀ। ਮੈਨੂੰ ਕਿਉਂ ਸਕੂਨ ਮਹਿਸੂਸ ਹੋ ਰਿਹਾ ਹੈ? ਮੇਰੇ ਜ਼ਖ਼ਮਾਂ ਦਾ ਦਰਦ ਅੱਜ ਕਿਧਰ ਗਿਆ? ਸਿਲੰਡਰ ਫਟਣ ਨਾਲ ਮੇਰਾ ਅੱਧ ਮੱਚਿਆ ਸਰੀਰ ਪਿਛਲੇ ਦੋ ਮਹੀਨਿਆਂ ਤੋਂ ਮੰਜੇ ਤੇ ਤੜਪ ਰਿਹਾ ਹੈ। ਜ਼ਖ਼ਮਾਂ ਅੰਦਰ ਪਏ ਕੀੜੇ ਜਦੋਂ ਕੁਰਬਲ ਕੁਰਬਲ ਕਰਦੇ ਤਾਂ ਮੈਨੂੰ ਇੰਝ ਜਾਪਦੈ ਜਿਵੇਂ ਗਿਰਝਾਂ ਮੇਰਾ ਮਾਸ ਚੂੰਡਦੀਆਂ ਹੋਣ। ਦਰਦ ਭਰੀਆਂ ਲੇਰਾਂ ਤੀਜੇ ਘਰ ਸੁਣਦੀਆਂ ਤਾਂ ਸਤੀਸ਼ ਵੀ ਮੇਰੇ ਨਾਲ ਰੋਣ ਲੱਗ ਪੈਂਦਾ। ਪਰ ਅੱਜ ਤਾਂ ਮੈਨੂੰ ਕੋਈ ਦਰਦ ਨਹੀਂ ਹੋ ਰਿਹਾ। ਫੇਰ ਵੀ ਸਤੀਸ਼ ਕਿਉਂ ਬੇਜ਼ਾਰ ਰੋ ਰਿਹੈ? ਬੀਬੀ ਨਾਲ ਚੁੰਬੜ ਕੇ ਬੱਚਿਆਂ ਵਾਂਗ ਕਿਉਂ ਵਿਲਕਦਾ ਹੈ? ਬੀਬੀ ਵੀ ਦੁਹੱਥੜੀ ਪਿੱਟੀ ਜਾਂਦੀ ਹੈ, "ਸ਼ੀਲ ਪੁੱਤ-ਉੱਠ ਕੇ ਵੇਖ ਕੇਰਾਂ... ਅਸੀਂ ਪੱਟੇ ਗਏ। ਮੇਰੇ ਪੁੱਤ ਦਾ ਘਰ ਪੱਟਿਆ ਗਿਆ। ਸ਼ੀਲ ਤੇਰੇ ਬੱਚੇ ਅੱਜ ਮਾਂ ਬਾਹਰੇ ਹੋ ਗਏ।" ਬੀਬੀ ਮੇਰਾ ਨਾਂਅ ਲੈ ਕੇ ਕਿਉਂ ਰੋਂਦੀ ਐ? ਮੈਨੂੰ ਕਿਉਂ ਵਾਜਾਂ ਮਾਰਦੀ ਐ? ਮੈਨੂੰ ਤਾਂ ਮਸਾਂ ਆਰਾਮ ਆਇਆ ਸੀ, ਕਈ ਮਹੀਨਿਆਂ ਦੇ ਦਰਦ ਪਿੱਛੋਂ।

ਇਕ ਗੂੜ੍ਹੀ ਨੀਂਦ। ਕੀ ਮੈਂ ਸੁਪਨਾ ਵੇਖਿਆ। ਇਹ ਚੀਕਾਂ ਵਿਰਲਾਪ ਨੇ ਮੈਨੂੰ ਜਗਾ ਦਿੱਤਾ। ਇਹ ਤਾਂ ਸਾਰੇ ਮੈਨੂੰ ਰੋ ਰਹੇ ਨੇ। ਮੈਂ ਕਿੱਥੇ ਹਾਂ? ਮੈਂ ਖ਼ੁਦ ਆਪਣੇ ਸਰੀਰ ਨੂੰ ਵੇਖ ਰਹੀ ਹਾਂ। ਇਹ ਤਾਂ ਉਸੇ ਤਰ੍ਹਾਂ ਗਲਿਆ ਸੜਿਆ ਬੋ ਮਾਰਦਾ ਹੈ ਪਰ ਮੈਨੂੰ ਦਰਦ ਤੋਂ ਨਿਜ਼ਾਤ ਮਿਲ ਗਈ। ਮੈਂ ਆਪਣੇ ਸਰੀਰ ਤੋਂ ਵੱਖ ਕਿਉਂ ਹੋ ਗਈ? ਮੈਂ ਤਾਂ ਮਰ ਗਈ ਹਾਂ। ਨਹੀਂ, ਮੈਂ ਇੰਨੀ ਛੇਤੀ ਨਹੀਂ ਮਰ ਸਕਦੀ। ਮੇਰੇ ਤਾਂ ਛੋਟੇ ਛੋਟੇ ਬੱਚੇ ਨੇ। ਸਤੀਸ਼! ਸਤੀਸ਼! ਵੇਖੋ ਤੁਹਾਡੀ ਸ਼ੀਲ ਤੁਹਾਡੇ ਸਾਹਮਣੇ। ਮੈਂ ਕਿੱਧਰੇ ਨਹੀਂ ਗਈ। ਮੈਂ ਤਾਂ ਸੌਂ ਗਈ ਸੀ। ਕੁਝ ਪਲ ਵਾਸਤੇ। ਦਰਦ ਤੋਂ ਛੁਟਕਾਰਾ ਮਿਲ ਗਿਆ।... ਬਸ ਚੈਨ ਪੈ ਗਿਆ ਤੇ ਮੇਰੀ ਸ਼ਾਇਦ ਅੱਖ ਲੱਗ ਗਈ। ਸਤੀਸ਼ ਮੈਨੂੰ ਨਹੀਂ ਵੇਖ ਸੁਣ ਰਿਹਾ। ਬੰਦੇ ਬੁੜੀਆਂ ਦਾ ਵੱਡਾ ਇਕੱਠ। ਚਿੱਟੀਆਂ ਚੁੰਨੀਆਂ ਨਾਲ ਕੱਜੇ ਤੀਵੀਆਂ ਦੇ ਮੂੰਹ। ਧਾਹਾਂ ਮਾਰਦੀਆਂ। ਮੈਨੂੰ ਮੋਈ ਨੂੰ ਪਿੱਟ ਰਹੀਆਂ ਨੇ। ਪਰ ਮੇਰੇ ਬੱਚੇ। ਮੇਰੇ

ਜ਼ਿਗਰ ਦੇ ਟੁਕੜੇ, ਇਸ ਭੀੜ ਵਿਚ ਕਿੱਧਰ ਗਏ? ਮੈਂ ਤੜਪ ਉੱਠੀ। ਭੱਜ ਪਈ, ਇਕੱਠ ਵਿਚ। ਹਿੰਮਤ, ਮੇਰਾ ਵੱਡਾ ਬੇਟਾ, ਹਿੰਮਤ ਪਾਪਾ ਜੀ ਦੇ ਮੋਢੇ ਲੱਗਿਆ ਹੁੱਬਕੀਂ-ਹੁੱਬਕੀਂ ਰੋਈ ਜਾਂਦਾ ਹੈ। ਹੱਥ ਵਿਚ ਗੁਲਾਬ ਦਾ ਫੁੱਲ। ਉਹੀ ਫੁੱਲ, ਜਿਹੜਾ ਹਿੰਮਤ ਕੱਲ੍ਹ ਸ਼ਾਮ ਨੂੰ ਬਗੀਚੇ ਵਿਚੋਂ ਤੋੜ ਲਿਆਇਆ ਸੀ। ਅੱਜ ਓਹਦਾ ਪੰਜਵੀਂ ਦਾ ਰਿਜਲਟ ਆਉਣਾ ਸੀ। ਉਸਨੇ ਕਿਹਾ ਸੀ, "ਮੰਮਾ, ਮੈਂ ਪਾਸ ਹੋ ਜਾਵਾਂਗਾ, ਏਸ ਕਰਕੇ ਮੈਂ ਆਪਣੀ ਮੈਡਮ ਨੂੰ ਇਹ ਗੁਲਾਬ ਦਾ ਫੁੱਲ ਦੇਣਾ ਹੈ।" ਮੈਂ ਗੁੱਸੇ ਹੋਈ ਸੀ। "ਹਿੰਮਤ, ਫੁੱਲ ਨਹੀਂ ਤੋੜੀਦਾ। ਇਹ ਤਾਂ ਟਾਹਣੀ 'ਤੇ ਸੋਹਣਾ ਲੱਗਦੈ। ਹੁਣ ਤਾਂ ਇਹ ਛੇਤੀ ਮੁਰਝਾ ਜਾਵੇਗਾ।"

"ਮੰਮੀ ਮੈਂ ਏਸ ਨੂੰ ਦੁਬਾਰਾ ਨਹੀਂ ਜੋੜ ਸਕਦਾ?" ਹਿੰਮਤ ਨੇ ਭੋਲੇ ਜਿਹੇ ਮੂੰਹ ਨਾਲ ਮੈਨੂੰ ਪੁੱਛਿਆ ਸੀ। "ਨਹੀਂ ਬੇਟਾ, ਇਕ ਵਾਰ ਜਿਹੜਾ ਫੁੱਲ ਟਾਹਣੀ ਤੋਂ ਵੱਖ ਹੋ ਗਿਆ। ਉਹ ਫੇਰ ਨਹੀਂ ਜੁੜਦਾ।"

ਹਿੰਮਤ ਦੇ ਹੱਥੋਂ ਫੁੱਲ ਡਿੱਗ ਪਿਆ। ਗੁਲਾਬ ਦੇ ਫੁੱਲ ਨੂੰ ਦੁਨੀਆਂ ਦੇ ਇਕੱਠ ਨੇ ਪੈਰਾਂ ਹੇਠ ਮਸਲ ਦਿੱਤਾ। ਮੇਰਾ ਛੋਟਾ। ਮੇਰਾ ਨਵਦੀਪ। ਨਵੀ... ਕਿੱਧਰ ਐਂ ਤੂੰ? ਮੇਰੀ ਰੂਹ ਤੜਪ ਰਹੀ ਐ। ਆਪਣੇ ਚੌਹਾਂ ਵਰ੍ਹਿਆਂ ਦੇ ਨਵੀ ਨੂੰ ਮੈਂ ਏਧਰ ਓਧਰ ਲੱਭ ਰਹੀ ਹਾਂ। ਉਹ ਖੜ੍ਹਾ ਗੁਬਾਰੇ ਤੇ ਝੰਡੀਆਂ ਨਾਲ ਸਜਾਈ ਅਰਥੀ ਨੂੰ ਵੇਖ ਰਿਹੈ।... ਸ਼ਾਇਦ ਕਿਸੇ ਪੂਰੀ ਉਮਰ ਭੋਗ ਕੇ ਮਰੇ ਬਿਰਧ ਦੀ ਅਰਥੀ ਹੋਵੇਗੀ। ਅਰਥੀ ਦੇ ਨਾਲ ਵਜਦੇ ਵਾਜੇ ਸੁਣ ਕੇ ਨਵੀ ਤਾੜੀਆਂ ਮਾਰ ਰਿਹਾ ਹੈ। ਉਸਨੂੰ ਨਹੀਂ ਪਤਾ, ਆਪਣੀ ਮਾਂ ਦੇ ਵਿਛੜਣ ਦੇ ਕਹਿਰ ਦਾ। ਮੈਂ ਉਹਦੇ ਨੇੜੇ ਹੋ ਗਈ। ਨਵੀ ਨੇ ਅਰਥੀ ਦੇ ਉੱਤੋਂ ਦੀ ਸੁੱਟੀਆਂ ਖਿੱਲ੍ਹਾਂ ਚੁੱਕ ਕੇ ਮੂੰਹ ਵਿਚ ਪਾ ਲਈਆਂ। ਨਵੀ, ਬੇਟੇ ਭੁੱਖਾ ਹੋਵੇਂਗਾ। ਨਵੀ, ਮੰਮਾ ਨੂੰ ਸੁਣਦੈਂ? ਨਹੀਂ ਸੁਣ ਰਿਹਾ। ਨਹੀਂ ਵੇਖ ਰਿਹਾ। ਲਗਦੈ ਭੁੱਖਾ ਹੈ। ਸਤੀਸ਼ ਨੇ ਗੋਦੀ ਚੁੱਕ ਲਿਆ। ਮੈਂ ਸਤੀਸ਼ ਦੇ ਨਾਲ-ਨਾਲ ਤੁਰ ਪਈ। ਉਹਦੀਆਂ ਹੰਝੂਆਂ ਭਰੀਆਂ ਅੱਖਾਂ ਤੇ ਖਿਲ੍ਹਰੇ ਵਾਲ। ਜਿਵੇਂ ਕੋਈ ਫਕੀਰ। ਬੇਬਸ, ਲਾਚਾਰ, ਮੈਥੋਂ ਨਹੀਂ ਸਹਿਣ ਹੋ ਰਿਹੈ। ਸਤੀਸ਼! ਸਤੀਸ਼! ਸੁਣੋ ਮੈਨੂੰ, ਤੁਸੀਂ ਮੈਨੂੰ ਸਾਂਭਿਆ। ਗਲੀ ਸੜੀ ਬੋ ਮਾਰਦੀ ਨੂੰ। ਤੁਹਾਨੂੰ ਕਦੇ ਕਚਿਆਣ ਨਹੀਂ ਆਈ। ਫੇਰ ਰੱਬ ਨੇ ਤੁਹਾਡੀ ਸੇਵਾ ਸਦਕਾ ਮੈਨੂੰ ਠੀਕ ਕਿਉਂ ਨਹੀਂ ਕੀਤਾ? ਮੈਨੂੰ ਆਪਣੇ ਬੱਚਿਆਂ ਨਾਲ ਹੋਰ ਰਹਿਣ ਦਾ ਮੌਕਾ ਕਿਉਂ ਨਹੀਂ ਮਿਲਿਆ? ਮੇਰੇ ਬੱਚੇ, ਮੋਈ ਮਾਂ ਦੇ ਚੀਚਲੇ ਤੁਹਾਨੂੰ ਪੁੱਛਣਗੇ। ਮੰਮਾ ਕਿੱਥੇ ਗਈ, ਤੁਸੀਂ ਕੀ ਆਖੋਂਗੇ? ਸਤੀਸ਼ ਨੂੰ ਏਸ ਰੂਹ ਦੀ ਵੇਦਨਾ ਦਾ ਅਹਿਸਾਸ ਨਹੀਂ ਸੀ। ਉਹ ਕੀ ਆਖੇਗਾ ਬੱਚਿਆਂ ਨੂੰ? ਸ਼ਾਇਦ ਰਾਤ ਨੂੰ ਆਸਮਾਨ ਵਿਚ ਵੱਸਦੀ ਖਿੱਤੀ ਦਾ ਕੋਈ ਤਾਰਾ ਵਿਖਾ ਦੇਵੇਗਾ। ਉਹ ਵੇਖੋ ਮੰਮਾ ਤਾਰਾ ਬਣ ਗਈ। ਇਹ ਕੌਣ! ਭੋਇੰ ਲਿਟ ਲਿਟ ਕੇ ਚੀਕਦਾ ਹੈ। ਮੇਰੀ ਛੋਟੀ ਭੈਣ। ਮੇਰੇ ਸ਼ਹਿਰ ਵਸਦੀ ਸੀ ਪਰ ਮੇਰੇ ਕੀੜਿਆਂ ਭਰੇ ਬੋ ਮਾਰਦੇ ਸਰੀਰ ਨੇੜੇ ਕਦੇ ਨਹੀਂ ਆਈ। ਇਕ ਦਿਨ ਆਈ ਸੀ। ਨੱਕ ਤੇ ਰੁਮਾਲ ਰੱਖ ਕੇ ਉਲਟੀ ਕਰ ਦਿੱਤੀ। ਮੁੜ ਨਹੀਂ ਆਈ ਤੇ ਅੱਜ ਚੀਕਾਂ ਸਭ ਤੋਂ ਵੱਧ ਮਾਰਦੀ ਹੈ। ਦੂਜੇ ਪਾਸੇ ਵੱਡੀ ਭੈਣ।



ਜਿਹੜਾ ਮਿਲਦੈ, ਗਲੇ ਲੱਗ ਲੱਗ ਵੈਣ ਪਾਉਂਦੀ ਹੈ। ਇਹ ਰੋਂਦੀ ਨਹੀਂ, ਮੌਕਾ ਰੱਖਦੀ ਹੈ। ਮੈਨੂੰ ਅਕਸਰ ਹੀ ਕਹਿੰਦੀ ਹੈ, ਚੰਗੇ ਮਾੜੇ ਵੇਲੇ ਬੰਦੇ ਨੂੰ ਮੌਕਾ ਰੱਖਣਾ ਚਾਹੀਦੈ। ਇਹ ਤਾਂ ਆਪਣੀ ਗ੍ਰਹਿਸਥੀ ਤੋਂ ਵੇਹਲੀ ਸੀ। ਸਤੀਸ਼ ਨੇ ਵੱਡੀ ਭੈਣ ਦੀਆਂ ਮਿੰਨਤਾਂ ਵੀ ਕੀਤੀਆਂ ਕਿ ਕੁਝ ਦਿਨ ਸਾਡੇ ਵੀ ਕਟਾ ਜਾਵੇ। ਬੱਚੇ ਛੋਟੇ ਨੇ। ਮੇਰੀ ਭੈਣ ਜੀ ਨੂੰ ਸਮਾਂ ਨਹੀਂ। ਸੰਗਤਾਂ, ਤੀਰਥਾਂ ਤੇ ਮੰਦਰਾਂ ਵਿਚੋਂ ਵੇਹਲ ਨਹੀਂ। ਉਸ ਨੂੰ ਵੀ ਮੇਰੇ ਵਿਚੋਂ ਬੋ ਆਉਂਦੀ ਸੀ। ਮੇਰੀਆਂ ਮਾਂ ਜਾਈਆਂ ਦਾ ਖ਼ੂਨ ਸਫੈਦ ਸੀ। ਪਰ ਮੇਰੇ ਬੱਚਿਆਂ ਨੂੰ ਤਾਂ, ਮੇਰੇ ਵਿਚੋਂ ਕਦੇ ਬੋ ਨਹੀਂ ਆਈ। ਉਹ ਵੀ ਤਾਂ ਮੇਰੇ ਆਲੇ-ਦੁਆਲੇ ਰਹਿੰਦੇ ਸੀ। ਇਕ ਖੂੰਜੇ ਖੜ੍ਹਾ ਮੇਰਾ ਛੋਟਾ ਵੀਰ ਤੇ ਭਾਬੀ। ਜਾਰੋ ਜਾਰ ਰੋਂਦੇ। ਭਾਬੀ ਵੈਣ ਸਿਆਪਾ ਨਹੀਂ ਕਰ ਰਹੀ।... ਉਹ ਹਿੰਮਤ ਨੂੰ ਗਲ ਨਾਲ ਲਾਈ ਹੰਝੂਆਂ ਦਾ ਸਮੁੰਦਰ ਵਗਾ ਰਹੀ ਹੈ। ਮੈਨੂੰ ਪਤਾ ਹੈ, ਉਹ ਸਮਾਜਿਕ ਦਿਖਾਵੇ ਮੌਕਾ ਰੱਖਣ ਵਾਲੇ ਲੋਕਾਂ ਵਰਗੀ ਨਹੀਂ। ਜੇ ਕੋਈ ਮੇਰਾ ਪਤਾ ਲੈਣ ਆਇਆ ਸੀ, ਤਾਂ ਇਹੀ ਮੇਰਾ ਵੀਰ, ਮੇਰੀ ਹਾਲਤ ਦੇਖ ਕੇ ਭੁੱਬਾਂ ਮਾਰ ਉੱਠਿਆ ਸੀ। ਜਦੋਂ ਆਉਂਦਾ ਤਾਂ ਦਵਾ ਦਾਰੂ ਦਾ ਇੰਤਜ਼ਾਮ ਕਰਦਾ। ਸਤੀਸ਼ ਨੂੰ ਹੌਂਸਲਾ ਦਿੰਦਾ। ਰੋਜ ਫੋਨ ਕਰਦਾ। ਸਤੀਸ਼ ਦੀ ਪੈਸਿਆਂ ਨਾਲ ਵੀ ਮਦਦ ਕੀਤੀ। ਪਰ ਮੈਂ ਜਾਣਦੀ ਹਾਂ ਇਹਨਾਂ ਦੇ ਹੰਝੂਆਂ ਦਾ ਝੂਠੇ ਵੈਣ ਸਿਆਪੇ ਅੱਗੇ ਕੋਈ ਮੁੱਲ ਨਹੀਂ। ਮੇਰੇ ਵੀਰ ਨੇ ਮੇਰੇ ਰਿਸ਼ਤੇ ਦਾ ਮੁੱਲ ਜ਼ਰੂਰ ਪਾਇਆ ਸੀ। ਬਹੁਤੀਆਂ ਤੀਵੀਆਂ ਤਾਂ ਆਪਣੇ ਮੋਇਆਂ ਨੂੰ ਯਾਦ ਕਰਕੇ ਪਿੱਟਦੀਆਂ ਸੀ। ਮੇਰੇ ਬਲੂੰਗੜਿਆਂ ਵਾਂਗ ਵਿਲ੍ਹੂੰ ਵਿਲ੍ਹੂੰ ਕਰਦੇ ਬੱਚਿਆਂ ਨੂੰ ਕਿਸੇ ਨੇ ਗਲ ਨਾਲ ਨਹੀਂ ਲਾਇਆ। ਇਹ ਰਿਸ਼ਤੇ ਰੋਣ ਸਿਆਪਾ ਕਰਕੇ ਹੁਣ ਚੁੱਪ ਹੋ ਗਏ ਅਤੇ ਹੋਰ ਦੁਨੀਆਂਦਾਰੀ ਦੀਆਂ ਗੱਲਾਂ ਵਿਚ ਉਲਝ ਚੁੱਕੇ ਹਨ। ਮੈਂ ਭੱਜਦੀ ਫਿਰਦੀ ਹਰ ਇਕ ਦੇ ਨੇੜੇ ਜਾਂਦੀ ਹਾਂ। ਸ਼ਾਇਦ ਮੈਨੂੰ ਕੋਈ ਵੇਖੇ, ਸੁਣੇ, ਮਹਿਸੂਸ ਕਰੇ। ਵੱਡੀ ਮਾਸੀ ਨੇ ਤਾਂ ਇਕ ਜਨਾਨੀ ਦੀ ਚੁੰਨੀ ਫੜ ਲਈ, "ਨੀ ਭੈਣੇ, ਆਹ ਲੈਸ ਬੜੀ ਸੋਹਣੀ ਲਾਈ ਐ, ਕਿੱਥੋਂ ਲਿਆਂਦੀ ਐ? ਮੈਨੂੰ ਲੈ ਕੇ ਭੇਜ ਦੇਵੀਂ। ਚਿੱਟੇ ਦੁਪੱਟੇ ਨੂੰ ਲਾਵਾਂਗੀ। ਕਿਤੇ ਚੰਗੇ ਮਾੜੇ ਥਾਂ 'ਤੇ ਲੈਣਾ ਪੈਂਦਾ ਤਾਂ ਚੰਗਾ ਲੱਗਦੈ। ਮੇਰੀਆਂ ਗੁਆਂਢਣਾਂ, ਮੇਰੇ ਰਿਸ਼ਤੇਦਾਰਾਂ ਨਾਲ ਸਤੀਸ਼ ਦੇ ਦੂਜੇ ਵਿਆਹ ਦੀਆਂ ਵਿਉਂਤਾਂ ਵੀ ਬਨਾਉਣ ਲੱਗ ਪਈਆਂ। ਮੇਰੇ ਹਿੰਮਤ ਤੇ ਨਵੀ ਵਾਸਤੇ ਹੋਰ ਮੰਮੀ ਲਿਆਉਣਗੀਆਂ।

ਮੇਰਾ ਸਰੀਰ ਲੱਕੜਾਂ 'ਤੇ ਰੱਖ ਦਿੱਤਾ। ਮੇਰੀ ਰੂਹ ਕੰਬ ਗਈ। ਠਹਿਰੋ! ਠਹਿਰ ਜਾਓ! ਮੈਂ ਰੌਲਾ ਪਾਇਆ। ਕੌਣ ਠਹਿਰੇਗਾ ਜੋ ਚਾਲੇ ਪਿਆ ਹੈ... ਉਹ ਰੁਕਦਾ ਨਹੀਂ। ਠਹਿਰ ਤਾਂ ਮੈਂ ਗਈ। ਰਾਹ ਤਾਂ ਮੇਰਾ ਮੁੱਕ ਗਿਆ। ਮੇਰੇ ਹਿੰਮਤ ਨੂੰ ਚਿਖਾ ਨੂੰ ਅੱਗ ਦੇਣ ਲਈ ਅਗਾਂਹ ਕਰ ਦਿੱਤਾ। ਉਹ ਉੱਚੀ-ਉੱਚੀ ਰੋ ਰਿਹੈ, "ਪਾਪਾ, ਨਹੀਂ ਅੱਗ ਲਾਉਣੀ... ਮੰਮਾ ਨੂੰ ਪੀੜ ਹੋਵੇਗੀ। ਮੰਮਾ ਨੂੰ ਮੈਂ ਨਹੀਂ ਅੱਗ ਲਾਉਣੀ।" "ਪਰ ਪੁੱਤਰ ਇਹ ਤਾਂ ਰਸਮ ਐ।" ਵੱਡੀ ਭੈਣ ਨੇ ਸਿਆਣਪ ਵਿਖਾਉਣੀ ਸੀ, ਅੱਗੇ ਹੋ ਕੇ ਹਿੰਮਤ ਨੂੰ ਅੱਗ ਦੇਣ ਲਈ ਕਿਹਾ। ਸਿਵਾ ਮੱਚ ਪਿਆ। ਹਿੰਮਤ ਹੰਝੂ ਕੇਰਦਾ ਰਿਹਾ। ਲਾਟਾਂ ਉਤਾਂਹ ਨੂੰ ਉੱਠਣ ਲੱਗ ਪਈਆਂ। ਚੰਗਿਆੜੇ ਉੱਡ ਰਹੇ ਨੇ।

ਵਿਗਸਦੇ ਨੇ।... ਫੇਰ ਬੁਝ ਕੇ ਧਰਤੀ ਉੱਤੇ ਸਵਾਹ ਬਣ ਬਣ ਡਿੱਗ ਪੈਂਦੇ। ਸਭਨਾਂ ਨੇ ਮੇਰੇ ਮੱਚਦੇ ਸਿਵੇ ਤੋਂ ਪਿੱਠ ਭੁਆ ਲਈ। ਕੀ ਨੇ ਇਹ ਲੋਕ? ਸਭ ਅਜੂਬੇ ਨੇ। ਅਸਲੀ ਮੁਰਦੇ ਨੇ। ਤੁਰਦੇ ਫਿਰਦੇ। ਪਰ ਬਿਨਾਂ ਅਹਿਸਾਸ ਤੋਂ...।

ਤੀਵੀਆਂ ਨੇ ਠੰਡੇ ਪਾਣੀ ਨਾਲ ਅੱਖਾਂ ਧੋ ਲਈਆਂ। ਹਰ ਇਕ ਨੇ ਧਰਤੀ ਦੀ ਕੁੱਖ 'ਚੋਂ ਇਕ ਇਕ ਡੱਕਾ ਪੁੱਟ ਲਿਆ। ਡੱਕਾ ਤੋੜ ਕੇ ਆਪਣੇ ਸਿਰੋਂ ਪਿੱਛੇ ਸੁੱਟ ਦਿੱਤਾ। ਮੇਰੇ ਵੱਲ ਪਿੱਠ ਕਰਕੇ। ਫਿਰ ਮੁੜ ਨਹੀਂ ਵੇਖਿਆ। ਇਹਨਾਂ ਡੱਕਾ ਨਹੀਂ ਤੋੜਿਆ, ਮੋਈ ਸ਼ੀਲ ਨਾਲੋਂ ਰਿਸ਼ਤਾ ਤੋੜ ਦਿੱਤਾ। ਇਹ ਟੁੱਟੇ ਡੱਕੇ ਮੇਰੀ ਰੂਹ ਵਿਚ ਖੁੱਭ ਗਏ। ਕੱਚ ਦੀਆਂ ਕਿਰਚਾਂ ਵਾਂਗ।... ਮੇਰੀ ਰੂਹ ਨੂੰ ਜ਼ਖਮੀ ਕਰ ਗਏ। ਲੋਕ ਸਿਵਿਆਂ ਵਿਚੋਂ ਬਾਹਰ ਚਲੇ ਗਏ। ਇਕੋ ਪਲ ਵਿਚ ਹੀ ਬਦਲ ਗਏ। ਉਨ੍ਹਾਂ ਦੀਆਂ ਗੱਲਾਂ ਵੀ ਬਦਲ ਗਈ। ਕਿੰਨੀ ਬੇਪਰਵਾਹ ਹੁੰਦੀ ਹੈ ਜ਼ਿੰਦਗੀ, ਤੇ ਕਿੰਨੀ ਤੜਪ ਭਰੀ ਹੁੰਦੀ ਹੈ ਅਣਹੋਣੀ ਮੌਤ। ਸਤੀਸ਼ ਤੇ ਮੇਰੇ ਬੱਚੇ ਹਾਲੇ ਵੀ ਮੇਰਾ ਮੱਚਦਾ ਸਿਵਾ ਵੇਖ ਕੇ ਰੋ ਰਹੇ ਨੇ। ਸਤੀਸ਼ ਨੇ ਹਿੰਮਤ ਨੂੰ ਉਂਗਲ ਲਾ ਲਿਆ। ਵੀਰੇ ਨੇ ਨਵੀ ਨੂੰ ਗੋਦੀ ਚੁੱਕ ਲਿਆ। ਉਹ ਵੀ ਤੁਰ ਪਏ। ਮੈਥੋਂ ਦੂਰ। ਮੈਂ ਤੜਪ ਰਹੀ ਹਾਂ। ਨਾਲ ਜਾਣਾ ਚਾਹੁੰਦੀ ਹਾਂ। ਪਰ ਜਕੜੀ ਗਈ। ਭੱਜ ਨਹੀਂ ਸਕਦੀ। ਮੈਂ ਹੁਣ ਕਿੱਥੇ ਜਾਵਾਂਗੀ? ਮੈਂ ਤਾਰਿਆਂ ਦੀ ਖਿੱਤੀ ਨਾਲ ਨਹੀਂ ਰਲਣਾ। ਮੈਂ ਤਾਂ ਏਥੇ ਹੀ ਰੁਦਨ ਕਰਾਂਗੀ। ਏਥੇ ਹੀ ਭਟਕਦੀ ਰਹਾਂਗੀ। ਪਰ ਕਿੰਨੀ ਕੁ ਦੇਰ?... ਸ਼ਾਇਦ ਉਨੀ ਦੇਰ ਤੜਪਾਂਗੀ,... ਜਿੰਨਾ ਚਿਰ ਮੇਰੇ ਬੋਟ ਆਲ੍ਹਣੇ 'ਚੋਂ ਉਡਣ ਯੋਗ ਨਹੀਂ ਹੁੰਦੇ। ਉਨ੍ਹਾਂ ਦੇ ਖੰਭ ਨਹੀਂ ਲੱਗ ਜਾਂਦੇ। ਜਿੰਨੀ ਦੇਰ ਉਹ ਅੱਧ ਨੰਗੇ, ਅੱਧ ਭੁੱਖੇ ਸੌਣਗੇ। ਮੈਂ ਰੁਦਨ ਕਰਦੀ ਰਹਾਂਗੀ।



# ਇਕ ਮੁੱਠੀ ਆਸਮਾਂ

ਆਪਣੇ ਫਲੈਟ ਦੇ ਟੈਰਿਸ ਉੱਤੇ ਖੜ੍ਹੀ-ਖੜ੍ਹੀ ਮੇਰੀ ਨਜ਼ਰ ਸਾਹਮਣੇ ਬਗ਼ੀਚੇ ਵੱਲ ਚਲੀ ਗਈ। ਬਹਾਰ ਦਾ ਮੌਸਮ, ਰੰਗ-ਬਰੰਗੇ ਫੁੱਲ ਤੇ ਖਿੜ੍ਹੇ ਹੋਏ ਗੁਲਾਬਾਂ ਦੀ ਖੁਸ਼ਬੋਈ। ਕਿੰਨੀ ਸੋਹਣੀ ਹੈ, ਇਹ ਕੁਦਰਤ। ਕਾਸ਼! ਉਦੈ ਕੋਲ ਵੀ ਇਸ ਕੁਦਰਤ ਨੂੰ ਵੇਖਣ ਦਾ ਸਮਾਂ ਹੁੰਦਾ। ਜਿੱਥੇ ਫੁੱਲ ਆਪਣੀਆਂ ਟਾਹਣੀਆਂ ਨਾਲ ਪਲਮ-ਪਲਮ ਕੇ ਬਹਾਰ ਦਾ ਨਜ਼ਾਰਾ ਲੈਂਦੇ ਨੇ। ਉੱਡੀਆਂ ਫਿਰਦੀਆਂ ਤਿਤਲੀਆਂ, ਫੁੱਲਾਂ ਨਾਲ ਕਲੋਲਾਂ ਕਰਦੀਆਂ, ਫੁੱਲਾਂ ਨੂੰ ਕਲਾਵੇ ਵਿਚ ਲੈ ਕੇ ਖੁਸ਼ਬੋਈ ਦੇ ਘੁੱਟ ਭਰਦੀਆਂ। ਆਜ਼ਾਦ, ਦੁਨੀਆਂ ਦੇ ਝਗੜੇ, ਨਫ਼ਰਤਾਂ ਤੋਂ ਬਿਲਕੁਲ ਨਾਵਾਕਿਫ਼। ਇਹ ਹਸੀਨ ਕੁਦਰਤ, ਜਿਥੇ ਸਕੂਨ ਹੀ ਸਕੂਨ ਹੈ। ਨਿਰੋਲ, ਸੱਚੀ-ਸੁੱਚੀ ਪਿਆਰ ਦੀ ਧੁਨ ਸੁਣਾਈ ਦਿੰਦੀ ਹੈ। ਮੈਂ ਅੱਖਾਂ ਬੰਦ ਕਰਕੇ ਹਵਾ ਵਿਚ ਤਰਦੀ ਖੁਸ਼ਬੋਈ ਨੂੰ ਆਪਣੇ ਅੰਤਰੀਵ ਤਾਈਂ ਵਸਾ ਲਿਆ। "ਹੈਲੋ ਦੀਦੀ" ਹੇਠਲੇ ਫਲੈਟ ਦੇ ਟੈਰਿਸ 'ਤੇ ਕੈਂਡੀ ਹਰ ਰੋਜ਼ ਵਾਂਗ ਕੁਰਸੀ 'ਤੇ ਬੈਠੀ ਪੜ੍ਹ ਰਹੀ ਸੀ। ਉਸਨੇ ਮੈਨੂੰ ਪੁਕਾਰਿਆ। ਮੇਰੀਆਂ ਅੱਖਾਂ ਖੁੱਲ੍ਹ ਗਈਆਂ। "ਹੈਲੋ ਕੈਂਡੀ, ਕੀ ਹਾਲ ਹੈ? ਹੁਣ ਤਾਂ ਕਿਤਾਬਾਂ ਦਾ ਖਹਿੜਾ ਛੱਡ ਦੇ। ਵਿਆਹ ਦੀ ਤਿਆਰੀ ਕਦੋਂ ਕਰਨੀ ਹੈ?"

"ਨਹੀਂ ਦੀਦੀ, ਕਿਤਾਬ ਕਿਵੇਂ ਛੱਡ ਸਕਦੀ ਹਾਂ। ਹਾਲੇ ਤਾਂ ਮੈਂ ਪੀ.ਐਚ.ਡੀ. ਦਾ ਥੀਸਿਸ ਕੰਪਲੀਟ ਕਰਨਾ ਹੈ। ਮੈਰਿਜ ਬਾਰੇ ਬਾਅਦ ਵਿਚ ਸੋਚਾਂਗੀ। ਯੂ ਨੋ, ਅੱਜਕੱਲ੍ਹ ਸੈਲਫ ਸਟੈਂਡ ਹੋਣਾ ਕਿੰਨਾ ਜ਼ਰੂਰੀ ਹੈ।" ਜਵਾਬ ਦੇ ਕੇ ਕੈਂਡੀ ਫੇਰ ਆਪਣੀ ਕਿਤਾਬ ਵਿਚ ਗੁਆਚ ਗਈ। ਕਿੰਨੀ ਪਿਆਰੀ ਹੈ ਕੈਂਡੀ। ਕਿੰਨੀ ਸਮਝਦਾਰ। ਮੈਨੂੰ ਇਕ ਪਲ ਵਾਸਤੇ ਕੈਂਡੀ 'ਤੇ ਈਰਖਾ ਹੋ ਗਈ। ਇਸ ਲੜਕੀ ਦੀ ਸੋਚ ਕਿੰਨੀ ਮੈਚਿਉਰ ਹੈ। ਇਸ ਦੇ ਮੰਮੀ ਡੈਡੀ ਪੜ੍ਹੇ-ਲਿਖੇ ਨੇ, ਜ਼ਰੂਰ ਇਹ ਪ੍ਰੇਰਣਾ ਉਨ੍ਹਾਂ ਤੋਂ ਹੀ ਮਿਲੀ ਹੋਵੇਗੀ। ਸੈਲਫ ਸਟੈਂਡ ਹੋਣਾ ਮਤਲਬ ਤੁਹਾਡੇ ਪੈਰਾਂ ਹੇਠ, ਤੁਹਾਡੀ ਆਪਣੀ ਧਰਤੀ ਦਾ ਟੁਕੜਾ। ਜਿੱਥੇ ਕੈਂਡੀ ਆਜ਼ਾਦ ਹੋਵੇਗੀ। ਆਪਣਾ ਵਜੂਦ ਜਿਉਂਦਾ ਰੱਖ ਸਕੇਗੀ। ਪਰ ਮੇਰੀ ਕਿਸਮਤ ਕੈਂਡੀ ਵਰਗੀ ਨਹੀਂ। ਮੇਰੀ ਤਾਂ ਕਿਤਾਬ ਹੀ ਖੋਹੀ ਗਈ। ਮੇਰੇ ਮਾਂ-ਪਿਓ ਨੇ ਮੇਰੀ ਕਿਤਾਬ ਨਹੀਂ, ਸਗੋਂ ਮੇਰੇ ਪੈਰਾਂ ਹੇਠਲੀ ਧਰਤੀ ਵੀ ਖੋਹ ਲਈ। ਮੇਰੇ ਬਾਊ ਜੀ ਆੜ੍ਹਤ ਦੀ ਦੁਕਾਨ 'ਤੇ ਬੈਠੇ-ਬੈਠੇ ਪੈਸੇ ਟਕੇ ਦਾ ਹਿਸਾਬ ਲਾਉਣ ਤੋਂ ਵੱਧ ਕੁਝ ਸੋਚ ਹੀ ਨਹੀਂ ਸਕਦੇ ਸੀ। ਉਹਨਾਂ ਨੂੰ ਲੱਗਦਾ, ਪੈਸੇ ਨਾਲ ਇਨਸਾਨ ਸਭ ਕੁਝ ਪਾ ਸਕਦੈ। ਉਨ੍ਹਾਂ ਦੀ ਬੇਸ਼ੁਮਾਰ ਦੌਲਤ ਕਰਕੇ ਉਹਨਾਂ ਦਾ ਮੰਡੀ ਵਿਚ

ਨਾਂਅ ਸੀ। ਦੂਰ-ਦੂਰ ਤਕ ਦੌਲਤ ਕਰਕੇ ਉਹਨਾਂ ਦੀ ਸ਼ੋਹਰਤ ਸੀ। ਇਸੇ ਕਰਕੇ ਜਦੋਂ ਮੈਂ ਬੀ.ਏ. ਫਸਟ ਈਅਰ ਵਿਚ ਹੋਈ ਤਾਂ ਉਦੈ ਦਾ ਰਿਸ਼ਤਾ ਮੇਰੇ ਲਈ ਆਇਆ।

"ਐਡਾ ਵੱਡਾ ਘਰ ਐ। ਦੋ ਸ਼ੈਲਰ, ਕੋਠੀ, ਕਾਰ ਤੇ ਇਕੱਲਾ ਮੁੰਡਾ। ਹੋਰ ਕੀ ਚਾਹੀਦੈ?" ਬਾਊ ਜੀ ਨੇ ਮੰਮੀ ਨਾਲ ਸਲਾਹ ਕਰਦਿਆਂ ਆਖਿਆ।

ਮੰਮੀ ਨੇ ਇਕ ਵਾਰ ਜ਼ਰੂਰ ਕਿਹਾ ਸੀ, "ਬੀ.ਏ. ਤਾਂ ਪੂਰੀ ਕਰ ਲਵੇ, ਹਾਲੇ ਬਹੁਤ ਛੋਟੀ ਹੈ।"

"ਦੋ ਜਮਾਤਾਂ ਵੱਧ ਪੜ੍ਹਕੇ ਵੀ ਤਾਂ ਇਹੀ ਕੁਝ ਲੱਭਾਂਗੇ। ਹੁਣ ਮੂੰਹੋਂ ਆਪ ਰਿਸ਼ਤਾ ਮੰਗਦੇ ਨੇ। ਮੁੰਡਾ ਐਮ.ਬੀ.ਏ. ਐ। ਕੰਪਨੀ ਨੇ ਦਿੱਲੀ 'ਚ ਫਲੈਟ ਤੇ ਕਾਰ ਦਿੱਤੀ ਹੋਈ ਹੈ। ਚਾਲੀ ਹਜ਼ਾਰ ਤਨਖ਼ਾਹ ਤਾਂ ਹੁਣੇ ਈ ਲੈ ਰਿਹੈ। ਅਗਾਂਹ ਨੂੰ ਹੋਰ ਵੀ ਤਰੱਕੀ ਕਰੂ।" ਬਾਊ ਜੀ ਨੇ ਮੰਮੀ ਦੀ ਗੱਲ ਦਾ ਜਵਾਬ ਦਿੱਤਾ।

ਮੰਮੀ ਹਾਲੇ ਵੀ ਦੁਚਿੱਤੀ ਵਿਚ ਸੀ, "ਐਨਾ ਪੜ੍ਹਿਆ-ਲਿਖਿਆ ਮੁੰਡਾ। ਕੁੜੀ ਨੇ ਹਾਲੇ ਬੀ.ਏ. ਵੀ ਪੂਰੀ ਨਹੀਂ ਕੀਤੀ। ਫੇਰ ਵੀ ਰਿਸ਼ਤਾ ਕਿਉਂ ਮੰਗਦੇ ਨੇ? ਅੱਜਕੱਲ੍ਹ ਦੇ ਮੁੰਡੇ ਤਾਂ ਨੌਕਰੀ ਵਾਲੀ, ਬਰਾਬਰ ਦੀ ਪੜ੍ਹੀ-ਲਿਖੀ ਭਾਲਦੇ ਨੇ। ਨਾਲੇ ਵਿਆਹ ਵੀ ਛੇਤੀ ਮੰਗਦੇ ਨੇ।"

"ਰਿਸ਼ਤਾ ਤਾਂ ਅਗਲੇ ਆਪਣਾ ਘਰ-ਬਾਰ ਦੇਖ ਕੇ ਮੰਗਦੇ ਨੇ। ਐਨੇ ਅਮੀਰ ਬੰਦੇ, ਕੁੜੀ ਦੀ ਪੰਦਰਾਂ-ਸੋਲਾਂ ਹਜ਼ਾਰ ਦੀ ਨੌਕਰੀ ਨੂੰ ਕੀ ਸਮਝਦੇ ਨੇ। ਐਨੇ ਨਾਲ ਤਾਂ ਬਿਜਲੀ, ਟੈਲੀਫੋਨਾਂ ਦੇ ਬਿੱਲ ਵੀ ਨਹੀਂ ਭਰੇ ਜਾਂਦੇ।" ਬਾਊ ਜੀ ਨੇ ਮੰਮੀ ਨੂੰ ਪੂਰੀ ਤਰ੍ਹਾਂ ਕਨਵਿੰਸ ਕਰ ਲਿਆ। ਵਿਆਹ ਵਾਸਤੇ ਸਭ ਰਾਜੀ ਹੋ ਗਏ। ਮੇਰੀ ਪੜ੍ਹਾਈ ਅਧੂਰੀ ਰਹਿ ਗਈ। ਮੈਂ ਸ਼ਾਇਦ ਕੈਂਡੀ ਵਾਂਗ ਏਨੀ ਮੈਚਿਊਰ ਨਹੀਂ ਸੀ। ਜ਼ਿੰਦਗੀ ਦੇ ਉਸ ਪੜਾਅ 'ਤੇ ਖੜ੍ਹੀ ਸੀ, ਜਦੋਂ ਹਰ ਲੜਕੀ ਨੂੰ ਆਪਣੇ ਵਿਆਹ ਬਾਰੇ ਸੋਚ ਕੇ ਚੰਗਾ ਲੱਗਦੈ। ਮੈਂ ਕਦੇ ਕੈਂਡੀ ਵਾਂਗ ਸੋਚ ਹੀ ਨਹੀਂ ਸਕੀ, 'ਸੈਲਫ ਸਟੈਂਡ' ਹੋਣਾ ਕਿੰਨਾ ਜ਼ਰੂਰੀ ਹੈ।

ਮੇਰੀਆਂ ਪੜ੍ਹਾਈ ਦੀਆਂ ਕਿਤਾਬਾਂ ਬੋਰੀ ਵਿਚ ਬੰਨ੍ਹ ਦਿੱਤੀਆਂ ਗਈਆਂ। ਹੁਣ ਤਕ ਤਾਂ ਸ਼ਾਇਦ ਰੱਦੀ ਵਿਚ ਵੀ ਵੇਚ ਦਿੱਤੀਆਂ ਹੋਣਗੀਆਂ। ਨਰੋਈ ਉਮਰੇ ਵਿਆਹ ਬਾਰੇ ਸੋਚ ਕੇ ਮੈਂ ਸਭ ਕੁਝ ਭੁੱਲ ਗਈ। ਪੜ੍ਹਾਈ ਦੀਆਂ ਕਿਤਾਬਾਂ ਵੀ। ਮੇਰੇ ਜ਼ਿਹਨ ਅੰਦਰ ਇਕ ਨਵੀਂ ਕਿਤਾਬ ਖੁੱਲ੍ਹ ਗਈ। ਏਸ ਦੇ ਪੰਨੇ ਮੈਂ ਦਿਨ-ਰਾਤ ਪਲਟਦੀ। ਬੜੇ ਹੀ ਰੰਗੀਨ ਪੰਨੇ। ਲਲਾਰੀ ਦੇ ਰੰਗਾਂ ਵਾਂਗ ਚਮਕਦਾਰ। ਤਿਲਸਮੀ। ਜਿਨ੍ਹਾਂ ਉੱਤੇ ਆਉਣ ਵਾਲੀ ਜ਼ਿੰਦਗੀ ਦੀਆਂ ਖ਼ੂਬਸੂਰਤ ਇਬਾਰਤਾਂ ਉੱਕਰੀਆਂ ਸਨ। ਪਿਆਰ ਦੇ ਆਬਸ਼ਾਰ ਵਹਿੰਦੇ ਸਨ। ਅੱਲ੍ਹੜ ਪਿਆਰ ਦੀਆਂ ਰਮਜ਼ਾਂ ਨੂੰ ਜਗਾਉਣ ਵਾਲੇ ਚਮਕਦੇ ਅੱਖਰ। ਹੁਣ ਤਾਂ ਇਸ ਕਿਤਾਬ ਦੇ ਪੰਨੇ ਵੀ ਧੁੰਦਲੇ ਹੋ ਗਏ। ਪਰ ਇਕ ਪੰਨਾ ਅਜਿਹਾ ਸੀ, ਜਿਹੜਾ ਮੈਂ ਵਾਰ-ਵਾਰ ਪੜ੍ਹਦੀ। 'ਇਕ ਮੁੱਠੀ ਆਸਮਾਂ' ਵਾਲਾ। ਏਸ ਪੰਨੇ 'ਤੇ ਤਾਰਿਆਂ ਨਾਲ ਜੜੇ ਆਸਮਾਨ ਦਾ ਜ਼ਿਕਰ ਸੀ। ਮੈਂ ਅਕਸਰ ਉਸ ਨੂੰ ਦਿਮਾਗ ਵਿਚ ਵਸਾ ਲੈਂਦੀ। ਇਕ ਅਜਿਹਾ ਆਸਮਾਂ। ਤਾਰਿਆਂ



ਜੜ੍ਹਿਆ। ਠੰਡੀ ਚਾਨਣੀ ਦੀ ਲਿਸ਼ਕੋਰ ਨਾਲ ਝਿਲਮਿਲ ਕਰਦਾ। ਜਿਥੇ ਮੈਂ ਤੇ ਮੇਰਾ ਉਦੈ ਆਜ਼ਾਦ ਪੰਛੀਆਂ ਵਾਂਗ ਵਿਚਰਦੇ। ਦੁਨੀਆਂ ਤੋਂ ਬੇਸੁਰਤੇ। ਇਹ ਹਾਲੇ ਵੀ ਮੇਰੇ ਅੰਦਰ ਜਿਉਂਦਾ ਹੈ। ਪਰ ਮੈਂ ਏਸ ਆਸਮਾਂ ਨੂੰ ਲੱਭ ਨਹੀਂ ਸਕੀ। ਅਕਸਰ ਹੀ ਆਪਣੇ ਟੈਰਿਸ 'ਤੇ ਰਾਤ ਨੂੰ ਖੜ੍ਹੀ ਹੋ ਕੇ ਵਿਸ਼ਾਲ ਆਸਮਾਂ ਵਿਚੋਂ ਇਹ ਟੁਕੜਾ ਲੱਭਦੀ ਫਿਰਦੀ ਹਾਂ।

ਕਲਾਕ ਦੀ ਟਣ-ਟਣ ਨੇ ਮੇਰੇ ਵਿਚਾਰਾਂ ਦੀ ਲੜੀ ਨੂੰ ਤੋੜ ਦਿੱਤਾ। ਮੈਂ ਫਲੈਟ ਅੰਦਰ ਆ ਗਈ। ਬਹਾਰ ਦਾ ਮੌਸਮ ਜਿਵੇਂ ਬਾਹਰ ਹੀ ਰਹਿ ਗਿਆ। ਦਿੱਲੀ ਦੇ ਫਲੈਟ ਕੁਦਰਤ ਨੂੰ ਅੰਦਰ ਤਾਈਂ ਆਉਣ ਦੀ ਘੱਟ ਦੀ ਇਜਾਜ਼ਤ ਦਿੰਦੇ ਨੇ।

ਇਹਨਾਂ ਭੀੜੇ, ਭੀੜੇ ਫਲੈਟਾਂ ਅੰਦਰ ਤਾਂ ਹਮੇਸ਼ਾ ਮੌਸਮ ਇਕੋ ਜਿਹਾ ਹੀ ਰਹਿੰਦਾ। ਹਨ੍ਹੇਰੇ ਤੇ ਘੁਟਣ ਭਰਿਆ। ਮੈਂ ਅੰਦਰ ਆ ਕੇ ਟੀ.ਵੀ. ਆਨ ਕਰ ਦਿੱਤਾ। ਰਸੋਈ ਵਿਚ ਜਾ ਕੇ ਸਬਜ਼ੀ ਕੱਟਣ ਲੱਗ ਪਈ। ਟੀ.ਵੀ. ਦੇ ਕਿਸੇ ਚੈਨਲ 'ਤੇ ਬਾਬਾ ਜੀ ਦੇ ਪ੍ਰਵਚਨ ਚੱਲ ਰਹੇ ਸਨ। ਮੇਰੇ ਕੰਨਾਂ ਵਿਚ ਸਾਫ਼ ਆਵਾਜ਼ ਸੁਣ ਰਹੀ ਸੀ—"ਮਨੁੱਖ ਪ੍ਰਮਾਤਮਾ ਦੀ ਸਭ ਤੋਂ ਉੱਤਮ ਰਚਨਾ ਹੈ। ਪ੍ਰਮਾਤਮਾ ਨੇ ਮਨੁੱਖ ਨੂੰ ਵਿਕਸਿਤ ਦਿਮਾਗ ਦਿੱਤਾ ਹੈ। ਹੋਰ ਜਨੌਰਾਂ ਨਾਲੋਂ ਜ਼ਿਆਦਾ ਸੋਝੀ। ਜੀਵਨ ਬੜਾ ਖ਼ੂਬਸੂਰਤ ਹੈ।" ਮੈਂ ਫਟਾਫਟ ਟੀ.ਵੀ. ਬੰਦ ਕਰ ਦਿੱਤਾ। ਪਤਾ ਨਹੀਂ ਕਿਉਂ ਗੁੱਸਾ ਆ ਗਿਆ। ਮਨੁੱਖ ਉੱਤਮ ਹੈ? ਕਿਵੇਂ? ਮਨੁੱਖ ਜਦੋਂ ਜ਼ਿੰਦਗੀ 'ਚੋਂ ਪਿਆਰ ਮਨਫੀ ਕਰ ਦਿੰਦਾ ਹੈ ਤਾਂ ਕਿਵੇਂ ਜ਼ਿੰਦਗੀ ਖ਼ੂਬਸੂਰਤ ਹੋ ਸਕਦੀ ਹੈ? ਫੇਰ ਮੈਨੂੰ ਬਾਹਰ ਫੁੱਲਾਂ 'ਤੇ ਉੱਡਦੀ ਫਿਰਦੀ ਤਿੱਤਲੀ ਯਾਦ ਆਈ। ਉਸ ਕੋਲ ਤਾਂ ਮਨੁੱਖ ਵਾਂਗ ਵਿਕਸਿਤ ਦਿਮਾਗ ਵੀ ਨਹੀਂ। ਫੇਰ ਵੀ ਮਹਿਕਦੇ ਫੁੱਲਾਂ ਨੂੰ ਪਿਆਰ ਕਰਦੀ ਹੈ। ਆਪਣੀ ਛੋਟੀ ਜਿਹੀ ਜ਼ਿੰਦਗੀ ਵਿਚ ਮਿਠਾਸ ਦੇ ਘੁੱਟ ਭਰਦੀ ਹੈ। ਕੀ ਕਰਨਾ ਹੈ ਵਿਕਸਿਤ ਦਿਮਾਗ? ਜਿਹੜਾ ਜ਼ਿਆਦਾ ਸੰਵੇਦਨਸ਼ੀਲ ਹੋਵੇ। ਹਰ ਪੀੜ ਉਸ ਨੂੰ ਜ਼ਿਆਦਾ ਡੂੰਘੀ ਲੱਗਦੀ ਹੈ। ਇਸ ਤਿੱਤਲੀ ਨੂੰ ਅਜਿਹੀ ਸੰਵੇਦਨਾ ਦਾ ਕੋਈ ਅਹਿਸਾਸ ਨਹੀਂ। ਨਫ਼ਰਤ ਤੇ ਰਿਸ਼ਤਿਆਂ ਦਾ ਕੋਈ ਦਰਦ ਨਹੀਂ। ਮੈਂ ਵੀ ਕਿਹੜੀ ਤੁਲਨਾ ਵਿਚ ਪੈ ਗਈ? ਹਾਲੇ ਤਾਂ ਰਾਤ ਦਾ ਖਾਣਾ ਵੀ ਤਿਆਰ ਕਰਨਾ ਸੀ। ਉਦੈ ਦੇ ਆਉਣ ਦਾ ਟਾਈਮ ਹੋ ਗਿਆ। ਵਿਆਹ ਤੋਂ ਬਾਅਦ ਹੁਣ ਮੈਂ ਇਹੀ ਕਿਤਾਬ ਪੜ੍ਹਦੀ ਹਾਂ। ਜਿਸਦੇ ਪੰਨਿਆਂ ਉੱਤੇ ਉਹੀ ਸਵੇਰ। ਉਹੀ ਸ਼ਾਮ। ਉਦੈ ਨੂੰ ਆਫ਼ਿਸ ਭੇਜਣਾ। ਘਰ ਸੰਭਾਲਣਾ। ਫੇਰ ਸ਼ਾਮ ਵੇਲੇ ਉਸਦੇ ਆਉਣ ਦਾ ਇੰਤਜ਼ਾਰ। ਇਹੀ ਫਰਮਾਬਰਦਾਰੀ। ਜਿਵੇਂ ਇਕ ਬੱਚਾ ਹਰ ਰੋਜ਼ ਇਕੋ ਹੀ ਪਾਠ ਰੱਟਦਾ ਹੋਵੇ। ਮੈਨੂੰ ਫੇਰ ਕੈਂਡੀ ਦੀ ਸੈਲਫ ਸਟੈਂਡ ਵਾਲੀ ਗੱਲ ਯਾਦ ਆ ਗਈ। ਮੈਨੂੰ ਆਪਣਾ-ਆਪ ਅਧੂਰਾ ਲੱਗਦਾ। ਸ਼ਾਇਦ ਇਹੀ ਭਟਕਣਾ ਮੈਨੂੰ ਆਸਮਾਨਾਂ ਵਿਚ ਜ਼ਿੰਦਗੀ ਤਲਾਸ਼ਣ ਲਈ ਉਕਸਾਉਂਦੀ ਹੋਵੇ। ਮੈਨੂੰ ਆਪਣਾ ਇਕ ਮੁੱਠੀ ਆਸਮਾਂ ਯਾਦ ਆਉਂਦਾ ਹੋਵੇ। ਤਾਰਿਆਂ ਭਰਿਆ, ਜਿਥੇ ਖੁੱਲ੍ਹੀ, ਠੰਡੀ ਤੇ ਨਿਰਮਲ ਹਵਾ ਹੋਵੇ। ਨਾ ਕੋਈ ਮੋਬਾਇਲ ਰਿੰਗ। ਨਾ ਕੋਈ ਡੋਰ ਬੈੱਲ। ਨਾ ਦਿੱਲੀ ਦੀ ਅਸ਼ਾਂਤ ਜ਼ਿੰਦਗੀ। ਨਾ ਟੀ.ਵੀ. ਦੇ

ਬਦਲਦੇ ਚੈਨਲ। ਜਿਥੇ ਉਦੈ ਮੇਰੇ ਨਾਲ ਹੋਵੇ। ਸਿਰਫ਼ ਤੇ ਸਿਰਫ਼ ਮੇਰੇ ਨਾਲ ਹੀ ਗੱਲਾਂ ਕਰੇ। ਉਦੈ ਦੇ ਵਕਤ ਦਾ ਹਰ ਪਲ ਮੇਰਾ ਹੋ ਜਾਵੇ।

'ਟਣ-ਟਣ।' ਡੋਰ ਬੈੱਲ ਵੱਜ ਗਈ। ਉਦੈ ਆ ਗਿਆ। ਹਮੇਸ਼ਾਂ ਵਾਂਗ ਟੈਨਸ ਬੈਗ ਟੇਬਲ 'ਤੇ ਰੱਖ ਕੇ ਟਾਈ ਖੋਲ੍ਹਣ ਲੱਗਾ। ਰੋਜ਼ ਵਾਂਗ ਆਉਂਦਿਆਂ ਹੀ ਆਪਣੀ ਕੰਪਨੀ ਦੀਆਂ ਗੱਲਾਂ ਸੁਣਾਉਣ ਲੱਗ ਪਿਆ। ਟੀ.ਵੀ. ਆਨ ਕਰ ਦਿੱਤਾ ਤੇ ਬਾਥਰੂਮ ਅੰਦਰ ਚਲਾ ਗਿਆ। ਦੁੱਧ ਵਾਲੇ ਨੇ ਫੇਰ ਡੋਰ-ਬੈੱਲ ਦਿੱਤੀ। ਉਪਰੋਂ ਮੋਬਾਇਲ ਰਿੰਗ ਵੱਜ ਗਈ। ਰਸੋਈ ਅੰਦਰ ਕੁੱਕਰ ਦੀ ਸੀਟੀ ਦੀ ਆਵਾਜ਼। ਨਿੱਕੇ ਜਿਹੇ ਫਲੈਟ ਅੰਦਰ ਇਕ ਅਜੀਬ ਜਿਹਾ ਸ਼ੋਰ ਮੱਚਣ ਲੱਗ ਪਿਆ। ਲੱਗਦਾ ਜਿਵੇਂ ਸਿਰਫ਼ ਬੇਜਾਨ ਚੀਜ਼ਾਂ ਹੀ ਬੋਲਦੀਆਂ ਹੋਣ। ਦੋ ਜਿਉਂਦੇ ਜੀਅ ਤਾਂ ਨਿਰੇ ਰੋਬੋਟ ਵਾਂਗ ਲੱਗਦੇ। ਮੈਂ ਚਾਹ ਦੇ ਦੋ ਕੱਪ ਲੈ ਆਈ। ਉਦੈ ਨੇ ਚਾਹ ਫੜ੍ਹ ਲਈ ਤੇ ਇਕ ਹੱਥ ਵਿਚ ਰਿਮੋਟ ਫੜ ਕੇ ਟੀ.ਵੀ. ਦੇ ਚੈਨਲ ਬਦਲਣ ਲੱਗ ਪਿਆ। ਕਹਿਣ ਨੂੰ ਤਾਂ ਅਸੀਂ ਸ਼ਾਮ ਦੀ ਚਾਹ ਇਕੱਠੇ ਪੀਂਦੇ ਹਾਂ। ਪਰ ਉਦੈ ਚਾਹ ਪੀਣ ਵੇਲੇ ਟੀ.ਵੀ. ਵੱਲ ਧਿਆਨ ਰੱਖਦਾ। ਪਹਿਲਾਂ ਤਾਂ ਮੈਂ ਖਿੱਝ ਜਾਂਦੀ। ਅਕਸਰ ਸ਼ਿਕਾਇਤ ਕਰਦੀ, "ਮੇਰੇ ਕੋਲ ਬੈਠ ਕੇ ਤੁਹਾਨੂੰ ਟੀ.ਵੀ. ਵੇਖਣਾ ਈ ਚੰਗਾ ਲੱਗਦੈ। ਮੈਂ ਤਾਂ ਸਵੇਰ ਤੋਂ ਸ਼ਾਮ ਤਕ ਤੁਹਾਨੂੰ ਉਡੀਕਦੀ ਰਹਿੰਦੀ ਹਾਂ। ਆਪਣੇ ਸਾਰੇ ਦਿਨ ਵਿਚੋਂ ਦਸ ਮਿੰਟ ਵੀ ਮੇਰੇ ਲਈ ਨਹੀਂ ਤੁਹਾਡੇ ਕੋਲ।" ਉਹ ਹੱਸ ਪੈਂਦਾ, "ਨਿਊਜ਼ ਤਾਂ ਸੁਣ ਲਵਾਂ, ਆਲੇ-ਦੁਆਲੇ ਕੀ ਹੋ ਰਿਹੈ? ਪਤਾ ਹੋਣਾ ਚਾਹੀਦੈ। ਤੂੰ ਵੀ ਟੀ.ਵੀ. ਦੇਖਣ ਦਾ ਟੇਸਟ ਡਿਵੈਲਪ ਕਰ। ਹਰ ਫੀਲਡ ਦੀ ਜਾਣਕਾਰੀ ਹੋਣੀ ਬੜੀ ਜ਼ਰੂਰੀ ਹੈ।" ਏਨਾ ਕਹਿ ਕੇ ਉਹ ਫੇਰ ਟੀ.ਵੀ. ਵੇਖਣ ਲੱਗ ਪੈਂਦਾ। ਫੇਰ ਕੰਪਿਊਟਰ 'ਤੇ ਰਾਤ ਤਕ ਆਪਣਾ ਕੰਮ ਕਰਦਾ। ਹੁਣ ਤਾਂ ਮੈਂ ਇਹ ਸ਼ਿਕਾਇਤ ਵੀ ਨਹੀਂ ਕਰਦੀ। ਮੈਂ ਉਦੈ ਜਿੰਨੀਆਂ ਕਿਤਾਬਾਂ ਨਹੀਂ ਪੜ੍ਹੀਆਂ। ਮੇਰਾ ਦਿਮਾਗ ਏਨਾ ਵਿਕਸਿਤ ਨਹੀਂ। ਮੈਨੂੰ ਆਲੇ-ਦੁਆਲੇ ਬਾਰੇ ਉਦੈ ਜਿੰਨੀ ਜਾਣਕਾਰੀ ਨਹੀਂ। ਮੇਰੇ ਆਲੇ-ਦੁਆਲੇ ਸਿਰਫ਼ ਉਦੈ ਸੀ ਅਤੇ ਉਸ ਵਾਸਤੇ ਪਿਆਰ। ਮੈਂ ਉਸ ਨਾਲ ਕੁਝ ਪਲ ਬੈਠ ਕੇ ਗੱਲਾਂ ਕਰਨਾ ਚਾਹੁੰਦੀ ਹਾਂ। ਅਜਿਹੇ ਪਲ ਜਿਹੜੇ ਮੇਰੇ ਤੇ ਉਦੈ ਦੇ ਹੋਣ, ਉਹਨਾਂ ਪਲਾਂ ਵਿਚ ਕੋਈ ਸ਼ੋਰ ਨਾ ਪੈਂਦਾ ਹੋਵੇ। ਕੋਈ ਟੀ.ਵੀ. ਜਾਂ ਕੰਪਿਊਟਰ ਨਾ ਹੋਵੇ। ਕੋਈ ਮੋਬਾਇਲ ਰਿੰਗ ਨਾ ਹੋਵੇ। ਅੱਜ ਵੀ ਉਹੀ ਪਲ ਤਲਾਸ਼ਦੀ ਰਹਿੰਦੀ ਹਾਂ। ਉਦੈ ਤਾਂ ਆਲੇ-ਦੁਆਲੇ ਦੀ ਜਾਣਕਾਰੀ ਰੱਖਦਾ ਹੈ, ਫੇਰ ਉਸਨੂੰ ਮੈਂ ਕਿਉਂ ਨੀ ਵਿਖਾਈ ਦਿੰਦੀ। ਉਹ ਸ਼ਾਇਦ ਮੈਨੂੰ ਪਿਆਰ ਹੀ ਨਾ ਕਰਦਾ ਹੋਵੇ। ਉਸ ਲਈ ਤਾਂ ਪਿਆਰ ਦੀ ਪਰਿਭਾਸ਼ਾ ਹੀ ਹੋਰ ਹੈ। ਜਿਸਮਾਂ ਦੇ ਰਿਸ਼ਤੇ ਤਕ ਸੀਮਤ। ਇਹ ਰਿਸ਼ਤਾ ਤਾਂ ਚਿੜ੍ਹੀਆਂ-ਕਾਵਾਂ ਵਿਚ ਵੀ ਹੁੰਦਾ ਹੈ। ਉਹਨਾਂ ਨੂੰ ਤਾਂ ਮਨੁੱਖ ਵਾਂਗ ਜ਼ਿਆਦਾ ਸੋਝੀ ਵੀ ਨਹੀਂ ਹੁੰਦੀ। ਜੇ ਉਦੈ ਦਾ ਦਿਮਾਗ ਵਿਕਸਿਤ ਹੈ, ਤਾਂ ਫਿਰ ਉਸਨੂੰ ਪਿਆਰ ਦੀ ਸੋਝੀ ਕਿਉਂ ਨਹੀਂ?

ਛੁੱਟੀ ਵਾਲੇ ਦਿਨ ਸਾਰਾ-ਸਾਰਾ ਦਿਨ ਮੋਬਾਇਲ ਫੋਨ 'ਤੇ ਗੱਲਾਂ ਕਰਨਾ ਜਾਂ ਫੇਰ ਕੰਪਿਊਟਰ 'ਤੇ ਕੰਮ ਕਰਦੇ ਰਹਿਣਾ। ਸਦਾ ਮਸ਼ਰੂਫ ਤੇ ਗੁਆਚਿਆ



ਹੋਇਆ। ਹੁਣ ਤਾਂ ਅਹੁਦਾ ਹੋਰ ਵੀ ਉਚਾ ਹੋ ਗਿਆ। ਤਨਖਾਹ ਵੀ ਵੱਧ ਗਈ, ਉਹ ਖੁਸ਼ ਹੈ। ਹੋਰ ਵੀ ਕੰਮ ਕਰੇਗਾ। ਹੋਰ ਪੈਸੇ ਕਮਾਵੇਗਾ। ਇਹੀ ਤਾਂ ਕਹਿੰਦੇ ਸੀ ਮੇਰੇ ਬਾਊ ਜੀ। ਉਸਨੇ ਬਾਰਾਂ-ਪੰਦਰਾਂ ਹਜ਼ਾਰ ਕਮਾਉਣ ਵਾਲੀ ਕੁੜੀ ਕੀ ਕਰਨੀ ਹੈ। ਸਾਡੀ ਕੁੜੀ ਰਾਜ ਕਰੂਗੀ। ਉਦੈ ਕੋਲ ਤੇਜ਼ ਰਫ਼ਤਾਰ ਹੈ। ਉਹ ਐਨੀ ਅਗਾਂਹ ਜਾ ਰਿਹੈ। ਮੈਨੂੰ ਨਾਲ ਰਲਣਾ ਔਖਾ ਹੋ ਗਿਆ ਹੈ।

ਮੈਂ ਸੋਚਦੀ-ਸੋਚਦੀ ਰੋਟੀ ਪਕਾਉਣ ਲੱਗ ਪਈ। ਉਦੈ ਕਿਸੇ ਨਾਲ ਮੋਬਾਇਲ 'ਤੇ ਗੱਲ ਕਰ ਰਿਹਾ ਸੀ। ਸ਼ਾਇਦ ਕੱਲ੍ਹ ਨੂੰ ਛੁੱਟੀ ਵਾਲੇ ਦਿਨ ਕਿੱਧਰੇ ਜਾਣ ਦਾ ਪ੍ਰੋਗਰਾਮ ਬਣਾ ਰਿਹੈ। ਉਸਨੇ ਆਪਣੇ ਕਮਰੇ ਵਿਚੋਂ ਹੀ ਮੈਨੂੰ ਆਵਾਜ਼ ਦਿੱਤੀ, "ਕੱਲ੍ਹ ਸੰਦੀਪ ਦੇ ਘਰ ਕੱਪਲ ਕਿੱਟੀ ਹੈ... ਚੱਲਾਂਗੇ।" ਕੱਲ੍ਹ ਦਾ ਦਿਨ ਵੀ ਉਸਨੇ ਲੋਕਾਂ ਵਾਸਤੇ ਬੁੱਕ ਕਰ ਲਿਆ। ਮੈਨੂੰ ਉਸ ਦੀਆਂ ਪਾਰਟੀਆਂ ਤੇ ਕਿੱਟੀਆਂ ਤੇ ਜਾਣਾ ਬਿਲਕੁਲ ਪਸੰਦ ਨਹੀਂ। ਪਿਛਲੀ ਕਿੱਟੀ 'ਤੇ ਮੈਂ ਗਈ ਸੀ। ਇਕ ਅਜੀਬ ਦੁਨੀਆਂ ਦੇ ਚਿਹਰੇ ਸਾਹਮਣੇ ਆਏ। ਨਿਰੇ ਬਨਾਵਟੀ। ਯਥਾਰਥ ਤੋਂ ਕੋਹਾਂ ਦੂਰ। ਜਿਵੇਂ ਕਿਸੇ ਕਾਫ਼ਲੇ ਵਿਚੋਂ ਭਟਕੇ ਹੋਣ। ਆਪਣੇ-ਆਪ ਨੂੰ ਜ਼ਬਰਦਸਤੀ ਵੈਸਟਰਨਾਈਜ਼ ਕਰਨ ਦੀ ਕੋਸ਼ਿਸ਼ ਕਰਦੇ ਹੋਏ। ਲੱਗਦਾ ਸੀ ਜਿਵੇਂ ਉਹਨਾਂ ਨੇ ਮਖੌਟੇ ਪਾਏ ਹੋਣ ਤੇ ਆਪਣੀ ਅਸਲੀਅਤ ਨੂੰ ਛੁਪਾਉਣਾ ਚਾਹੁੰਦੇ ਹੋਣ। ਸਭ ਕੁਝ ਇਕ ਸ਼ੋਅ ਵਾਂਗ। ਮਹਿੰਗੇ ਕੱਪੜੇ ਅਤੇ ਗਹਿਣਿਆਂ ਦਾ ਸ਼ੋਅ। ਵੱਧ ਤੋਂ ਵੱਧ ਅਮੀਰੀ ਦੇ ਵਿਖਾਵੇ ਦਾ ਸ਼ੋਅ। ਉਦੈ ਤਾਂ ਮੇਰੇ ਕੋਲ ਇਕ ਪਲ ਵੀ ਨਹੀਂ ਬੈਠਾ। ਉਹ ਆਪਣੇ ਬੌਸ ਤੇ ਉਸਦੀ ਪਤਨੀ ਨਾਲ ਹੱਸ-ਹੱਸ ਕੇ ਗੱਲਾਂ ਕਰਦਾ ਰਿਹਾ। ਮੈਂ ਦੂਰੋਂ ਦੇਖਦੀ ਰਹੀ। ਕਿੰਨਾ ਅਜੀਬ ਤੇ ਓਪਰਾ ਹਾਸਾ ਸੀ ਉਦੈ ਦੇ ਚਿਹਰੇ 'ਤੇ। ਮੇਰੇ ਨਾਲ ਤਾਂ ਕਦੇ ਵੀ ਇੰਝ ਨਹੀਂ ਹੱਸਿਆ। ਮੈਂ ਘਰ ਆ ਕੇ ਉਦੈ ਨੂੰ ਕਿਹਾ ਸੀ, "ਮੈਂ ਅੱਗੇ ਤੋਂ ਨਹੀਂ ਜਾਣਾ ਐਹੋ ਜਿਹੀ ਪਾਰਟੀ ਵਿਚ। ਤੁਸੀਂ ਤਾਂ ਮੇਰੇ ਕੋਲ ਹੀ ਨਹੀਂ ਬੈਠੇ।"

"ਤੇਰੇ ਕੋਲ ਹੀ ਤਾਂ ਰਹਿੰਦਾ ਹਾਂ, ਦੋ ਮਿੰਟ ਬੌਸ ਨਾਲ ਵੀ ਖੜ੍ਹਨਾ ਸੀ। ਏਸੇ ਨੇ ਤਾਂ ਮੇਰੀ ਤਰੱਕੀ ਨੂੰ ਪੌੜੀ ਲਾਉਣੀ ਐ।" ਉਦੈ ਨੇ ਅਸਲੀ ਗੱਲ ਦੱਸ ਦਿੱਤੀ।

"ਤੁਹਾਨੂੰ ਇਹਨਾਂ ਦਾ ਸਾਥ ਚਾਹੀਦਾ ਹੈ। ਪਰ ਮੈਨੂੰ ਤਾਂ ਕੁਝ ਪਲ ਤੁਹਾਡੇ ਕੋਲ ਬੈਠਣ ਦਾ ਸਮਾਂ ਦੇ ਦਿਆ ਕਰੋ। ਕਦੇ ਤਾਂ ਮੇਰੀਆਂ ਫੀਲਿੰਗਜ਼ ਨੂੰ ਸਮਝੋ। ਕੀ ਆਪਾਂ ਏਸੇ ਤਰ੍ਹਾਂ ਹੀ ਜ਼ਿੰਦਗੀ ਗੁਜ਼ਾਰ ਦਿਆਂਗੇ। ਕਦੋਂ ਤਕ ਮਸ਼ੀਨੀ ਯੰਤਰ ਬਣੇ ਰਹਾਂਗੇ।" ਮੈਂ ਆਪਣੇ ਵੱਲੋਂ ਇਕ ਰਿਕਵੈਸਟ ਕੀਤੀ। ਉਦੈ ਚਿੜ ਗਿਆ ਤੇ ਕਹਿਣ ਲੱਗਾ, "ਤੂੰ ਬੜੀ ਡਿਸ-ਸੈਟੇਸਫਾਈਡ ਜਿਹੀ ਪਰਸਨੈਲਿਟੀ ਹੈਂ। ਅੱਜਕੱਲ੍ਹ ਬੈਠਣ ਦਾ ਸਮਾਂ ਕਿਸ ਕੋਲ ਹੈ। ਜ਼ਿੰਦਗੀ ਵਿਚ ਬਹੁਤ ਕੁਝ ਚਾਹੀਦਾ ਹੈ। ਹਾਲੇ ਬਹੁਤ ਮਿਹਨਤ ਕਰਨੀ ਹੈ। ਤੂੰ ਬੜੀ ਨੈਰੋ-ਮਾਈਂਡਿਡ ਜਿਹੀ ਐਂ।" "ਨਹੀਂ ਉਦੈ... ਮੈਂ ਤਾਂ ਸੈਟੇਸਫਾਈਡ ਹਾਂ। ਇਹ ਕੋਠੀਆਂ, ਕਾਰਾਂ, ਗਹਿਣੇ ਤਾਂ ਮੋਹਤਬਰ ਔਰਤਾਂ ਦੀ ਜ਼ਰੂਰਤ ਹੈ, ਮੇਰੀ ਨਹੀਂ। ਮੈਂ ਤਾਂ ਬੱਸ..." ਮੇਰੀ ਗੱਲ ਉਦੈ ਨੇ ਟੁੱਕ ਦਿੱਤੀ, "ਫੇਰ ਤੇਰੀ ਜ਼ਰੂਰਤ ਕੀ ਹੈ?" ਮੈਂ ਅੱਖਾਂ ਹੰਝੂਆਂ ਨਾਲ ਭਰ ਲਈਆਂ ਤੇ ਉਦੈ ਵੱਲ ਵੇਖਦਿਆਂ ਹੀ

ਦੋ ਹੰਝੂ ਮੇਰੀਆਂ ਗੱਲ੍ਹਾਂ 'ਤੇ ਤਿਲਕ ਗਏ। ਮੈਂ ਏਨਾ ਹੀ ਆਖ ਸਕੀ, "ਮੇਰੀ ਜ਼ਰੂਰਤ... ਬਸ ਇਕ ਮੁੱਠੀ ਆਸਮਾਂ।" ਮੈਨੂੰ ਪਤਾ ਹੈ ਨਾ ਚਾਹੁੰਦਿਆਂ ਹੋਇਆਂ ਵੀ ਕੱਲ੍ਹ ਪਾਰਟੀ 'ਤੇ ਜਾਣਾ ਪਵੇਗਾ।

ਉਦੈ ਆਪਣੀ ਕੰਪਨੀ ਵੱਲੋਂ ਛੇ ਮਹੀਨੇ ਲਈ ਕੈਨੇਡਾ ਜਾ ਰਿਹਾ ਹੈ। ਮੈਂ ਹੋਰ ਵੀ ਇਕੱਲੀ ਹੋ ਜਾਵਾਂਗੀ। ਉਦੈ ਬਹੁਤ ਖ਼ੁਸ਼ ਹੈ। ਹੁਣ ਉਸਨੂੰ ਹੋਰ ਵੀ ਤਰੱਕੀ ਮਿਲੇਗੀ, ਜਿਸਦੀ ਉਹ ਹਰ ਵਕਤ ਇੱਛਾ ਰੱਖਦਾ ਹੈ। ਸ਼ਾਇਦ ਫੇਰ ਉਹ ਮੇਰੇ ਲਈ ਦੋ ਪਲ ਕੱਢ ਲਵੇ। ਥੋੜ੍ਹੀ ਦੇਰ ਆਰਾਮ ਨਾਲ ਬੈਠੇ। ਸਕੂਨ ਨਾਲ। ਬਿਨਾਂ ਸ਼ੋਰ ਵਾਲੇ ਮਾਹੌਲ ਤੋਂ। ਉਦੋਂ ਤਕ ਤਾਂ ਸ਼ਾਇਦ ਸਮਾਂ ਵੀ ਲੰਘ ਜਾਵੇਗਾ। ਫੇਰ ਜ਼ਿੰਦਗੀ ਕਿੰਨੀ ਕੁ ਰਹਿ ਜਾਵੇਗੀ। ਸਮਾਂ ਤਾਂ ਪਲ-ਪਲ ਛੜੱਪੇ ਮਾਰ ਕੇ ਭੱਜ ਰਿਹਾ ਹੈ। ਮੈਂ ਇਸ ਨੂੰ ਕਿਵੇਂ ਕੈਦ ਕਰ ਲਵਾਂ। ਸਭ ਭੱਜ ਰਹੇ ਨੇ, ਪਰ ਮੈਂ ਤਾਂ ਉਥੇ ਦੀ ਉਥੇ ਹੀ ਖੜ੍ਹੀ ਰਹਿ ਗਈ।

ਮੇਰੀ ਜ਼ਿੰਦਗੀ ਦੀ ਕਿਤਾਬ ਦਾ ਅਗਲਾ ਪੰਨਾ ਪਲਟਿਆ ਗਿਆ। ਉਦੈ ਨੂੰ ਗਿਆਂ ਚਾਰ ਮਹੀਨੇ ਹੋ ਗਏ। ਮੇਰੇ ਜ਼ਿਹਨ ਅੰਦਰ ਆਸਮਾਂ 'ਤੇ ਖਿੱਲ੍ਹਰੇ ਤਾਰਿਆਂ ਦੀ ਲੋਅ ਵੀ ਮੱਠੀ ਪੈ ਗਈ। ਦਿੱਲੀ ਦਾ ਮੌਸਮ ਬਹੁਤ ਜ਼ਿਆਦਾ ਗਰਮ ਹੋ ਗਿਆ। ਮੈਂ ਇਕੱਲੀ ਪਹਾੜ ਜਿੱਡੀ ਦੁਪਹਿਰ ਵਿਚ ਟੈਰਿਸ 'ਤੇ ਆ ਗਈ। ਅੱਜਕੱਲ੍ਹ ਮੈਂ ਏਸੇ ਤਰ੍ਹਾਂ ਦੁਪਹਿਰ ਵੇਲੇ ਵੀ ਦਿੱਲੀ ਦੀ ਅਸ਼ਾਂਤ ਜ਼ਿੰਦਗੀ ਨੂੰ ਵੇਖਦੀ ਰਹਿੰਦੀ ਹਾਂ। ਦੂਰੋਂ ਤਪਦੀਆਂ, ਪਿਘਲਦੀਆਂ ਸੜਕਾਂ ਇਕੋ ਥਾਵੇਂ ਵਿਛੀਆਂ ਰਹਿੰਦੀਆਂ। ਲੋਕਾਂ ਦੇ ਕਦਮ ਉਹਨਾਂ ਨੂੰ ਲਤਾੜਦੇ, ਮੰਜ਼ਿਲਾਂ ਤੈਅ ਕਰਦੇ ਰਹਿੰਦੇ। ਜਦੋਂ ਕਦੇ ਮੈਂ ਇਹ ਸੜਕਾਂ ਨੂੰ ਅੱਧੀ ਰਾਤ ਵੇਲੇ ਤਕਦੀ ਹਾਂ ਤਾਂ ਇਹ ਸੁੰਨਸਾਨ, ਠੰਡੀਆਂ, ਸਕੂਨ ਨਾਲ ਸੁੱਤੀਆਂ ਲੱਗਦੀਆਂ ਨੇ। ਕਿੰਨਾ ਚੰਗਾ ਹੈ। ਇਹਨਾਂ ਸੜਕਾਂ ਕੋਲ ਨਾੜੀ ਤੰਤਰ ਨਹੀਂ। ਵਿਕਸਿਤ ਦਿਮਾਗ ਨਹੀਂ। ਕੰਨ ਨਹੀਂ। ਨਹੀਂ ਤਾਂ ਇਹ ਵੀ ਚੀਕਾਂ ਮਾਰਦੀਆਂ। ਮੋਟਰਾਂ-ਕਾਰਾਂ ਹੇਠ ਦਬੀਆਂ, ਸਹਿਕਦੀਆਂ ਰਹਿੰਦੀਆਂ। ਪਰ ਇਕੋ ਥਾਂ 'ਤੇ ਸਥਿਤ ਵੱਲ ਕੌਣ ਵੇਖਦਾ ਹੈ। ਉਦੈ ਠੀਕ ਹੀ ਤਾਂ ਕਹਿੰਦਾ ਹੈ। ਕੀਹਦੇ ਕੋਲ ਐਨਾ ਸਮਾਂ ਹੈ। ਸਭ ਭੱਜ ਰਹੇ ਨੇ। ਕਿਸ ਦੀ ਭਾਲ ਵਿਚ? ਸ਼ਾਇਦ ਮੇਰੇ ਵਾਂਗ, 'ਇਕ ਮੁੱਠੀ ਆਸਮਾਂ' ਦੀ ਭਾਲ ਵਿਚ। ਜਾਂ ਫੇਰ ਇਹਨਾਂ ਦਾ ਆਸਮਾਂ ਕਿਸੇ ਹੋਰ ਪਾਸੇ ਹੈ। ਇਹ ਆਸਮਾਂ ਵਿਚੋਂ ਕੀ ਭਾਲਣ ਜਾ ਰਹੇ ਨੇ? ਕੀ ਮੇਰੇ ਵਾਂਗ ਖੁੱਲ੍ਹੀ... ਨਿਰਮਲ, ਠੰਡੀ ਹਵਾ? ਬਿਨਾਂ ਸ਼ੋਰ ਵਾਲੀ, ਸਕੂਨ ਭਰੀ ਜ਼ਿੰਦਗੀ? ਜਾਂ ਫਿਰ ਪਿਆਰ ਤੇ ਆਰਾਮ ਦੇ ਦੋ ਪਲ? ਇਹ ਸਭ ਤਾਂ ਇਹਨਾਂ ਦੀ ਮੁੱਠੀ ਵਿਚ ਹੀ ਬੰਦ ਨੇ। ਫੇਰ ਕਿਉਂ ਨਹੀਂ ਖੋਲ੍ਹਦੇ ਮੁੱਠੀ?... ਕਿਵੇਂ ਖੋਲ੍ਹਣਗੇ? ਇਹਨਾਂ ਦੀਆਂ ਮੁੱਠੀਆਂ ਤਾਂ ਪੈਸੇ ਨਾਲ ਭਰੀਆਂ ਨੇ। ਪੈਸੇ ਖਿੰਡ ਜਾਣਗੇ।

ਉਦੈ ਤਾਂ ਕਹਿੰਦਾ ਹੈ, ਜੇ ਹਰ ਕੋਈ ਤੇਰੇ ਵਾਂਗ ਇਕੋ ਥਾਂ 'ਤੇ ਖੜ੍ਹਾ ਖੜ੍ਹਾ ਆਸਮਾਨਾਂ ਦੀ ਤਮੰਨਾ ਕਰਦਾ ਰਹੇ ਤਾਂ ਕੁਝ ਨਹੀਂ ਹੋ ਸਕਦਾ। ਇਹ ਸਭ ਕੁਝ ਪਾਉਣ ਵਾਸਤੇ ਵੀ ਅਣਥੱਕ ਮਿਹਨਤ ਕਰਨੀ ਪੈਂਦੀ ਹੈ। ਜ਼ਿੰਦਗੀ ਵਿਚ ਮੰਜ਼ਿਲ



ਪਾਉਣ ਵਾਸਤੇ ਬਹੁਤ ਭੱਜਣਾ ਪੈਂਦਾ ਹੈ। ਮੈਂ ਕਿਵੇਂ ਭੱਜ ਸਕਦੀ ਹਾਂ। ਮੇਰੇ ਕੋਲ ਰਫ਼ਤਾਰ ਨਹੀਂ। ਮੈਨੂੰ ਤਾਂ ਆਪਣੀ ਮੰਜ਼ਿਲ ਸਿਰਫ਼ ਉਦੈ ਲੱਗਦਾ ਹੈ। ਪਰ ਉਦੈ ਤਾਂ ਹੋਰ ਦੂਰ, ਹੋਰ ਦੂਰ ਭੱਜ ਰਿਹਾ ਹੈ। ਮੈਂ ਕਿਵੇਂ ਰਲ ਸਕਾਂਗੀ ਉਸ ਨਾਲ?

'ਟਣ-ਟਣ'। ਡੋਰ ਬੈੱਲ ਵੱਜ ਗਈ। ਕੈਂਡੀ ਆ ਗਈ। ਬੜੀ ਖੁਸ਼, "ਹੈਲੋ ਦੀਦੀ, ਮੂੰਹ ਮਿੱਠਾ ਕਰੋ।" ਕਹਿ ਕੇ ਉਸਨੇ ਮਠਿਆਈ ਦਾ ਡੱਬਾ ਟੇਬਲ 'ਤੇ ਰੱਖ ਦਿੱਤਾ।

"ਕੋਈ ਖੁਸ਼ਖਬਰੀ ਹੈ?" ਮੈਂ ਹੱਸ ਕੇ ਪੁੱਛਿਆ।

"ਮੇਰੀ ਪੀ.ਐਚ.ਡੀ. ਕੰਪਲੀਟ ਹੋ ਗਈ।" ਉਸ ਨੇ ਬੜੀ ਖ਼ੁਸ਼ ਹੋ ਕੇ ਦੱਸਿਆ। ਅੱਜ ਸੱਚਮੁੱਚ ਹੀ ਕੈਂਡੀ ਮੈਨੂੰ ਆਪਣੇ ਆਪ ਵਿਚ ਕੰਪਲੀਟ ਲੱਗ ਰਹੀ ਸੀ। ਕੈਂਡੀ ਦੇ ਪੈਰਾਂ ਨੂੰ ਅੱਜ ਧਰਤੀ ਦਾ ਅਜਿਹਾ ਟੁਕੜਾ ਮਿਲ ਗਿਆ, ਜਿਹੜਾ ਉਸ ਦਾ ਆਪਣਾ ਸੀ। ਸਿਰਫ਼ ਆਪਣਾ। ਠੋਸ। ਜਿਸ ਉਤੇ ਉਹ ਭੱਜ ਸਕਦੀ ਹੈ। ਦੁਨੀਆਂ ਦੀ ਰਫ਼ਤਾਰ ਦੇ ਨਾਲ ਕਦਮ ਨਾਲ ਕਦਮ ਮਿਲਾ ਸਕਦੀ ਹੈ। ਆਪਣੇ ਵਜੂਦ ਨੂੰ ਜਿਉਂਦਾ ਰੱਖ ਸਕਦੀ ਹੈ। ਕੀ ਕੈਂਡੀ ਹੁਣ ਮੇਰੇ ਵਾਂਗ 'ਇਕ ਮੁੱਠੀ ਆਸਮਾਂ' ਦੀ ਵੀ ਤਲਾਸ਼ ਕਰੇਗੀ? ਸ਼ਾਇਦ ਉਸਨੂੰ ਤਲਾਸ਼ ਨਹੀਂ ਕਰਨੀ ਪਵੇਗੀ। ਕੈਂਡੀ ਵਰਗੀ ਕੁੜੀ ਨੂੰ ਆਸਮਾਂ ਜ਼ਰੂਰ ਮਿਲ ਜਾਂਦਾ ਹੋਵੇਗਾ।... ਜਾਂ ਫਿਰ ਉਹ ਵਿਸ਼ਾਲ ਆਸਮਾਂ ਦਾ ਕੋਈ ਵੀ ਸੋਹਣਾ ਟੁਕੜਾ ਆਪਣੀ ਮਰਜ਼ੀ ਨਾਲ ਚੁਣ ਸਕੇਗੀ। ਹੁਣ ਸ਼ਾਇਦ ਕੈਂਡੀ ਨੂੰ ਮੇਰੇ ਵਾਂਗ ਇਹ ਸਭ ਕੁਝ ਲੱਭਣ ਦੀ ਲੋੜ ਹੀ ਨਹੀਂ ਪਵੇਗੀ।

# ਕੇਹਾ ਵਿਸਾਖੀ ਵਾਲਾ ਮੇਲਾ...?

ਬਾਬੇ ਜਾਗਰ ਨੇ ਵੱਡੇ ਦਰਵਾਜ਼ੇ ਅੰਦਰ ਵੜਦਿਆਂ ਈ ਖੰਘੂਰਾ ਮਾਰ ਦੇਣਾ। ਘਰ ਦੇ ਸਾਰੇ ਨਿਆਣੇ ਬੁੱਕ ਅੱਡ ਕੇ ਦੁਆਲੇ ਹੋ ਜਾਂਦੇ— ਬਾਬਾ ਭੋਗ ਦੇ... ਬਾਬਾ ਖਿੱਲ੍ਹਾਂ ਦੇ... ਪਹਿਲਾਂ ਮੈਨੂੰ ਦੇ... ਬਾਬਾ ਹੋਰ ਦੇ। ਇਹ ਤਾਂ ਬਾਬੇ ਜਾਗਰ ਦਾ ਨਿੱਤ ਦਾ ਕੰਮ ਸੀ। ਰੋਜ਼ ਗੁਰਦੁਆਰੇ ਮੱਥਾ ਟੇਕ ਕੇ ਆਉਂਦਾ ਤੇ ਜਵਾਕਾਂ ਦੇ ਹੱਥ ’ਤੇ ਚਾਰ-ਚਾਰ ਦਾਣੇ ਮਿੱਠੀਆਂ ਖਿੱਲ੍ਹਾਂ ਦੇ ਧਰ ਦਿੰਦਾ। ਬਾਕੀ ਦੀਆਂ ਖਿੱਲ੍ਹਾਂ ਸੰਤੀ ਵਾਸਤੇ ਗੀਝੇ ’ਚ ਪਾ ਲੈਂਦਾ। ਰੋਟੀ ਖਾਣ ਮਗਰੋਂ ਜਾਗਰ ਤੇ ਸੰਤੀ ਰੋਜ਼ ਮਿੱਠੀਆਂ ਖਿੱਲ੍ਹਾਂ ਖਾਂਦੇ। ਖਿੱਲ੍ਹਾਂ ਮੂੰਹ ਵਿਚ ਖੁਰਦੀਆਂ ਰਹਿੰਦੀਆਂ ਤੇ ਦੋਵੇਂ ਬੁੜ੍ਹਾ-ਬੁੜ੍ਹੀ ਘੰਟਿਆਂ ਬੱਧੀ ਬੀਤੇ ਵਰ੍ਹਿਆਂ ਦਾ ਸੁਆਦਲਾ ਸਿਮਰਨ ਕਰਦੇ। ਜਾਗਰ ਮੰਜੇ ’ਤੇ ਪਿਆ-ਪਿਆ ਸੰਤੀ ਨੂੰ ਕਹਿੰਦਾ, “ਸੰਤੀਏ ਜਾਣੈਂ ਐਤਕੀ ਵਿਸਾਖੀ ਦੇ ਮੇਲੇ ’ਤੇ। ਅਗਲੇ ਮਹੀਨੇ ਆਉਣ ਵਾਲਾ ਐ। ਬਾਜੀਗਰਾਂ ਨੇ ਤਾਂ ਪਿੜਾਂ ’ਚ ਡੇਰੇ ਵੀ ਲਾ ਲਏ।”

ਸੰਤੀ ਚੁੱਪ ਕੀਤੀ ਭਾਂਡੇ ਮਾਂਜੀ ਗਈ। ਜਾਗਰ ਨੇ ਫੇਰ ਗੱਲ ਤੋਰ ਲਈ, “ਕਿਉਂ ਸੰਤੀਏ ਤੈਨੂੰ ਜਾਦ ਐ... ਇਕ ਵੇਰਾਂ ਜੀਤ ਛੋਟਾ ਹੁੰਦਾ ਸੀ। ਜਦੋਂ ਸਹੁਰੀ ਦਾ ਮੇਲੇ ’ਚ ਗੁਆਚ ਗਿਆ। ਡੂਢ ਘੰਟਾ ਨਾ ਲੱਭਿਆ। ਤੂੰ ਤਾਂ ਰੋ-ਰੋ ਕੇ ਭੋਇੰ ਡਿੱਗ ਪਈ। ਫੇਰ ਕਰਤਾਰੇ ਨੇ ਦੱਸਿਆ– ਬਈ ਜਾਗਰਾ ਤੂੰ ਬੇਹਾਲ ਹੋਇਆ ਫਿਰਦੈਂ। ਤੇਰਾ ਮੁੰਡਾ ਤਾਂ ਔਹ ਬੈਠਾ ਖੁੰਢ ’ਤੇ। ਜਦੋਂ ਮੈਂ ਗਿਆ ਤਾਂ ਮੌਜ ਨਾਲ ਬੈਠਾ ਜਲੇਬੀਆਂ ਖਾਈ ਜਾਵੇ। ਬਾਹਲਾ ਸ਼ਕੀਨ ਸੀ ਜਲੇਬੀਆਂ ਖਾਣ ਦਾ।” ਜਾਗਰ, ਜੀਤ ਦਾ ਬਚਪਨ ਯਾਦ ਕਰਕੇ ਹੱਸ ਪਿਆ। ਸੰਤੀ ਹਾਲੇ ਵੀ ਕੰਮ-ਕਾਰ ’ਚ ਰੁੱਝੀ ਗੱਲ ਸੁਣੀ ਗਈ ਪਰ ਬੋਲੀ ਕੁਝ ਨਾ। ਨੀਵੀਂ ਜਿਹੀ ਕੰਧ ਦੇ ਪਰਲੇ ਪਾਸੇ ਬੈਠਾ ਜੀਤ ਬਾਪੂ ਦੇ ਮੂੰਹੋਂ ਆਪਣੇ ਬਚਪਨ ਦੀ ਗੱਲ ਸੁਣ ਕੇ ਮੋਹ ਨਾਲ ਭਿੱਜ ਗਿਆ। ਜੀਅ ਕੀਤਾ ਭੱਜ ਕੇ ਬਾਪੂ ਦੇ ਵਿਹੜੇ ਚਲਾ ਜਾਵੇ। ਹੋਰ ਵੀ ਬਚਪਨ ਦੀਆਂ ਗੱਲਾਂ ਸਾਂਝੀਆਂ ਕਰੇ ਪਰ ਜਦੋਂ ਦੇ ਅੱਡ ਵਿੱਢ ਹੋਏ ਸੀ, ਉਦੋਂ ਦਾ ਚਰਨੋਂ ਦੇ ਕਲੇਸ਼ ਤੋਂ ਡਰਦਾ ਸੀ। ਕਦੇ ਉਸਨੂੰ ਮਮਤਾ ਦੀ ਛੱਲ ਅੰਦਰੋਂ ਵੱਜਦੀ ਤਾਂ ਡਾਹਢਾ ਤੜਪਦਾ। ਵੱਡੇ ਬਾਈ ਬਿੰਦਰ ਤੇ ਸੁੱਖੋ ਭਰਜਾਈ ਨੇ ਵੰਡੀਆਂ ਪਾਉਣ ਦਾ ਚਾਹਗਾ ਚੁੱਕਿਆ ਸੀ। ਚਰਨੋਂ ਵੀ ਸੁਭਾਅ ਦੀ ਖਰ੍ਹਵੀਂ। ਉਹ ਵੀ ਨਾਲ ਰਲਗੀ। ਨਾ ਚਾਹੁੰਦਿਆਂ ਹੋਇਆਂ ਵੀ ਜੀਤ ਨੂੰ ਸਾਥ ਦੇਣਾ ਪਿਆ। ਨਿੱਤ ਦਾ ਰੇੜਕਾ ਮੁੱਕੂ। ਇਹੀ ਸੋਚ ਕੇ ਪਹਿਲਾਂ ਦੋਹਾਂ ਭਰਾਵਾਂ ਨੇ ਜ਼ਮੀਨ ਵੰਡਣ ਦਾ ਫੈਸਲਾ ਕੀਤਾ। ਫੇਰ ਘਰ। ਫੇਰ ਬੀਬੀ



ਤੇ ਬਾਪੂ ਨੂੰ ਵੀ ਵੰਡਣ ਦਾ ਫੈਸਲਾ ਕੀਤਾ। ਚਰਨੋਂ ਆਂਹਦੀ ਸੀ– “ਕਬੀਲਦਾਰੀ ਤਾਂ ਨਬੇੜੀ ਬੈਠੇ ਐ। ਇਕ ਕੁੜੀ ਸੀ ਵਿਆਹ ਦਿੱਤੀ। ਬੀਬੀ ਸਾਡੇ ਨਾਲ ਰਹੇ ਤੇ ਬਾਪੂ ਬਿੰਦਰ ਹੁਰਾਂ ਵੱਲ। ਹੁਣ ਐਸ ਉਮਰੇ ਦੋ ਟੁੱਕ ਈ ਤਾਂ ਖਾਣੇ ਐਂ।” ਜਾਗਰ ਨੂੰ ਇਹ ਫੈਸਲਾ ਮਨਜ਼ੂਰ ਨਹੀਂ ਸੀ। ਉਹ ਨੂੰਹਾਂ ਦੇ ਵਿਹਾਰ ਤੇ ਸੰਤੀ ਦੇ ਧੀਰਜ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਉਸਨੇ ਸਾਫ਼ ਲਫ਼ਜਾਂ ’ਚ ਕਹਿ ਦਿੱਤਾ– “ਬਈ ਅਸੀਂ ਥੋਡੀ ਲੜਾਈ ’ਚ ਪੈ ਕੇ ਪਿਛਲੇ ਪਹਿਰੇ ਇਹ ਸੰਤਾਪ ਨਹੀਂ ਭੋਗਣਾ। ਪੁੱਤਾਂ ਦੇ ਸ਼ਰੀਕਪੁਣੇ ਦੇ ਪੁੜਾਂ ’ਚ ਫਸ ਕੇ ਉਹ ਤੇ ਸੰਤੀ ਕਿਉਂ ਅੱਡ-ਅੱਡ ਰਹਿਣ। ਜਦੋਂ ਤਕ ਅਸੀਂ ਜਿਉਂਦੇ ਆਂ... ਆਪਣਾ ਤੀਜਾ ਹਿੱਸਾ ਰੱਖਾਂਗੇ। ਪੈਲੀ ਠੇਕੇ ਹਿੱਸੇ ਦੇਈਏ.. ਭਾਵੇਂ ਕਿਮੇਂ ਕਰਏ। ਅਸੀਂ ਮੁਥਾਜ ਨਹੀਂ ਹੋਣਾ।”

ਜ਼ਮੀਨ ਦੇ ਤਿੰਨ ਹਿੱਸੇ ਹੋ ਗਏ ਤੇ ਨੂੰਹਾਂ ਪੁੱਤਾਂ ਦੇ ਮੂੰਹ ਮੋਟੇ। ਨਿੱਤ ਦੇ ਤਾਹਨੇ-ਮਿਹਣੇ, ਕਜੀਏ-ਕਲੇਸ਼ ਨੇ ਬਾਬੇ ਜਾਗਰ ਦੇ ਵਿਹੜੇ ’ਚ ਨਫ਼ਰਤ ਭਰੀਆਂ ਕੰਧਾਂ ਖੜ੍ਹੀਆਂ ਕਰ ਦਿੱਤੀਆਂ। ਬਿੰਦਰ ਨੇ ਤਾਂ ਵਿਹੜੇ ਵਿਚ ਸਵਾਰ ਕੇ ਉੱਚੀ ਕੰਧ ਕੱਢ ਲਈ। ਕੋਈ ਬੂਹਾ ਬਾਰੀ ਵੀ ਨਾ ਛੱਡਿਆ। ਆਪਣੇ ਘਰ ਦਾ ਬੂਹਾ ਵੀ ਮਗਰਲੀ ਗਲੀ ਵਿਚ ਕੱਢ ਲਿਆ। ਜੀਤ ਨੇ ਬਾਪੂ ਤੇ ਆਪਣੇ ਵਿਹੜੇ ਵਿਚਾਲੇ ਨਿੱਕੀ ਜਿਹੀ ਕੱਚੀ ਕੰਧ ਉਸਾਰ ਲਈ। ਏਸ ਕੰਧ ਦੇ ਆਰ-ਪਾਰ ਮੂੰਹ ਦੇ ਬੋਲ ਤਾਂ ਆ ਜਾ ਸਕਦੇ ਸੀ। ਬਾਪੂ ਦੇ ਵਿਹੜੇ ਖੜ੍ਹੀ ਨਿੰਮ ਦੀ ਛਾਂ ਵੀ ਆਪ-ਮੁਹਾਰੇ ਜੀਤ ਦੇ ਵਿਹੜੇ ਆਉਂਦੀ। ਪਰ ਘਰ ਦਾ ਹੋਰ ਕੋਈ ਜੀਅ ਏਧਰੋਂ-ਓਧਰ ਨਾ ਜਾਂਦਾ। ਸਾਂਝੇ ਬੂਹੇ ’ਚੋਂ ਵੜਦਿਆਂ ਜੀਤ ਪਹਿਲਾਂ ਬਾਪੂ ਦੇ ਵਿਹੜੇ ਵੱਲ ਨਿਗਾਹ ਮਾਰਦਾ ਫੇਰ ਕੰਧ ਨਾਲ ਮੰਜਾ ਡਾਹ ਕੇ ਬਹਿੰਦਾ। ਬਾਪੂ ਹੋਰਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਦਾ ਨਿੱਘ ਮਾਣਦਾ ਰਹਿੰਦਾ। ਜਿਵੇਂ ਬਚਪਨ ਵਿਚ ਬੀਬੀ ਦੇ ਮੰਜੇ ’ਤੇ ਪਿਆ-ਪਿਆ ਬਾਤਾਂ ਸੁਣਦਾ ਹੋਵੇ। ਬੀਬੀ ਤਾਂ ਹੁਣ ਬਹੁਤਾ ਚੁੱਪ ਰਹਿੰਦੀ। ਨਿਸੱਤੇ ਜਿਹੇ ਸਰੀਰ ਨਾਲ ਲੱਤਾਂ ਧਰੀਕਦੀ ਕੰਮ ਕਾਰ ਕਰਦੀ। ਵਿਹਲੇ ਸਮੇਂ ਮਾਲਾ ਫੜ ਕੇ ਸਿਮਰਨ ਕਰਦੀ। ਹੁਣ ਕਦੇ ਘਰੋਂ ਵੀ ਬਾਹਰ ਨਾ ਜਾਂਦੀ। ਜੀਤ ਸੋਚ-ਸੋਚ ਕੇ ਦੁਖੀ ਹੋ ਰਿਹਾ ਸੀ। ਜਾਗਰ ਹਾਲੇ ਵੀ ਮੇਲੇ ਦੀ ਗੱਲ ਕਰੀ ਜਾ ਰਿਹਾ ਸੀ।

“ਕਿਉਂ ਸੰਤੀਏ, ਤੇਰੀ ਭੂਆ ਦੀ ਧੀ ਵੀ ਆਈ ਸੀ, ਪਿਛਲੇ ਵਿਸਾਖੀ ਮੇਲੇ ’ਤੇ। ਆਂਹਦੀ ਸੀ ਐਤਕੀ ਵੀ ਜ਼ਰੂਰ ਆਉਗੀਂ।”

“ਆਹੋ ਆਂਹਦੀ ਤਾਂ ਸੀ। ਪਰ ਨਾ ਈ ਆਵੇ ਤਾਂ ਚੰਗੈ।” ਸੰਤੀ ਨੇ ਦੁਖੀ ਜਿਹੀ ਹੋ ਕੇ ਜੁਆਬ ਦਿੱਤਾ।

“ਸੰਤੀਏ ਤੂੰ ਤਾਂ ਬਾਹਲੀ ਪ੍ਰਾਹੁਣਚਾਰੀ ਕਰਨ ਵਾਲੀ ਐਂ। ਭੂਆ ਦੀ ਧੀ ਨਾਲ ਤੇਰੀ ਕਾਹਦੀ ਨਰਾਜ਼ਗੀ?” ਜਾਗਰ ਨੇ ਪਾਸਾ ਲੈ ਕੇ ਚੁੱਲ੍ਹੇ ਮੂਹਰੇ ਬੈਠੀ ਸੰਤੀ ਨੂੰ ਸਵਾਲ ਕੀਤਾ।

“ਹੁਣ ਕਾਹਦੀ ਪ੍ਰਾਹੁਣਚਾਰੀ... ਅਗਲੀ ਕੀ ਆਖੂਗੀ ਵਿਹੜਾ ਵੰਡਿਆ ਵੇਖ ਕੇ।” ਸੰਤੀ ਨੇ ਅੱਡ-ਵਿੱਢ ਹੋਣ ’ਤੇ ਸ਼ਰਮਿੰਦਗੀ ਜਾਹਰ ਕੀਤੀ। ਜਾਗਰ ਨੂੰ

ਪਤਾ ਸੀ ਅੰਦਰੋਂ ਸੰਤੀ ਕਿੰਨੀ ਦੁਖੀ ਸੀ। ਓਹ ਤਾਂ ਢੱਕ ਕੇ ਰਿੰਨ੍ਹਣ ਵਾਲੀ, ਧੀਰੇ ਸੁਭਾਅ ਦੀ ਜਨਾਨੀ ਐ। ਹੋਰ ਕੋਈ ਹੁੰਦੀ ਤਾਂ ਖੌਰੂ ਪਾ ਦਿੰਦੀ। ਥਾਂ-ਥਾਂ ਨੂੰਹਾਂ-ਪੁੱਤਾਂ ਨੂੰ ਭੰਡਦੀ। ਪਤਾ ਨਹੀਂ ਰੱਬ ਨੇ ਕਿਹੋ ਜਿਹਾ ਸਬਰ ਦਾ ਖੂਹ ਲਾਇਆ ਅੰਦਰ। ਸੋਚਦਾ-ਸੋਚਦਾ ਜਾਗਰ ਆਪਣੀ ਧੀ ਨਿੰਦੀ ਨੂੰ ਵੀ ਯਾਦ ਕਰਨ ਲੱਗ ਪਿਆ। ਮਾਂ ਵਰਗਾ ਸਬਰ ਰੱਬ ਨੇ ਉਸਨੂੰ ਵੀ ਦਿੱਤੈ। ਦੋਹੇਂ ਜਣੀਆਂ ਢਿੱਡ ਦਾ ਦੁੱਖ ਢਿੱਡ 'ਚ ਪਾ ਲੈਂਦੀਆਂ ਨੇ। ਮਜਾਲ ਐ ਸੀਅ ਵੀ ਕਰ ਜਾਣ। ਚਾਰ ਮਹੀਨੇ ਹੋ ਗਏ ਨਿੰਦੀ ਨੂੰ ਆਇਆਂ। ਜਿੱਦਣ ਵੰਡ ਪਈ ਸੀ। ਆਪਣੇ ਹੱਥੀਂ ਲਿਖ ਕੇ ਦੇ ਗਈ। ਮੈਨੂੰ ਕੋਈ ਹਿੱਸਾ ਨਹੀਂ ਚਾਹੀਦਾ। ਪਰ ਮਾਂ-ਪਿਓ ਦੇ ਫੈਸਲੇ ਤੇ ਉਸਨੇ ਕੋਈ ਕਿੰਤੂ ਪ੍ਰੰਤੂ ਨਹੀਂ ਕੀਤਾ। ਏਸੇ ਕਰਕੇ ਕੁੜੀ ਨਾਲ ਵੀ ਸਾਰਿਆਂ ਨੇ ਮੂੰਹ ਮੋਟੇ ਕਰ ਲਏ। ਮੁੜ ਕੇ ਨਹੀਂ ਆਈ। ਮੈਨੂੰ ਤਾਂ ਜਿਵੇਂ ਸ਼ਕਲ ਈ ਭੁੱਲਗੀ। ਸੋਚ ਕੇ ਜਾਗਰ ਦੇ ਕਾਲਜੇ ਖੋਹ ਪੈਣ ਲੱਗ ਪਈ।

ਅਗਲੇ ਦਿਨ ਆਥਣੇ ਜਿਹੇ ਨਿੰਦੀ ਆ ਗਈ। ਪਿਉ ਦੇ ਵਿਹੜੇ ਪੈਰ ਧਰਦਿਆਂ ਥਾਈਂ ਅਹਿਲ ਰਹਿ ਗਈ। ਸੋਚਿਆ ਨਹੀਂ ਸੀ ਇੰਜ ਗਿੱਠ-ਗਿੱਠ ਕਰਕੇ ਵਿਹੜਾ ਵੀ ਵੰਡ ਲੈਣਗੇ। ਕੰਧਾਂ ਖੜ੍ਹੀਆਂ ਵੇਖ ਕੇ ਕਾਲਜੇ ਸੱਲ੍ਹ ਲੱਗਿਆ। ਅੰਦਰੋਂ-ਅੰਦਰੀ ਜਿਵੇਂ ਆਪ ਵੀ ਟੋਟੇ-ਟੋਟੇ ਹੋ ਗਈ। ਜਮਾਂ ਈ ਧ੍ਰਿਕਾਰ ਤਾ ਮਾਂ-ਪਿਉ ਨੂੰ। ਭਰਾ-ਭਰਾ ਤਾਂ ਸ਼ਰੀਕ ਹੁੰਦੇ ਨੇ। ਪਿਉ-ਪੁੱਤਾਂ ਦਾ ਕਾਹਦਾ ਸ਼ਰੀਕਾ। ਅੱਖਾਂ ਦੀਆਂ ਝਿੰਮਣਾਂ 'ਤੇ ਹੰਝੂ ਆ ਕੇ ਠਹਿਰ ਗਏ। ਜੀਅ ਕੀਤਾ ਧਾਹਾਂ ਮਾਰ ਕੇ ਰੋਵੇ। ਜਾਂ ਉਹਨੀਂ ਪੈਰੀਂ ਚੁੱਪ-ਚੁਪੀਤੇ ਆਪਣੇ ਘਰ ਮੁੜ ਜਾਵੇ। ਚਿੱਤ ਕਰੜਾ ਕਰਕੇ ਅਗਾਂਹ ਹੋਈ ਤਾਂ ਚਰਨੋਂ ਗੋਡਿਆਂ 'ਚ ਬਾਲਟੀ ਰੱਖੀ ਮਹਿੰ ਦੀ ਧਾਰ ਕੱਢੀ ਜਾਂਦੀ ਸੀ। ਕੌੜੀ ਜਿਹੀ ਅੱਖ ਨਾਲ ਨਨਾਣ ਨੂੰ ਤਕ ਕੇ ਅਣਡੱਕਿਆ ਕਰ ਦਿੱਤਾ। ਨਿੰਦੀ ਨੇ ਨੇੜੇ ਹੋ ਕੇ ਸਤਿ ਸ੍ਰੀ ਅਕਾਲ ਬੁਲਾਈ।

"ਤਕੜੀ ਐਂ... ਹੋਰ ਸਭ ਰਾਜੀ ਬਾਜੀ।" ਕਹਿ ਕੇ ਚਰਨੋਂ ਫੇਰ ਧਾਰ ਕੱਢਣ ਲੱਗ ਪਈ। ਨਿੰਦੀ ਨੇ ਵੇਖਿਆ ਕੱਚੀ ਤੇ ਨੀਵੀਂ ਜਿਹੀ ਕੰਧ ਨੇ ਪੁਰਾਣੇ ਕਮਰਿਆਂ ਨੂੰ ਪਲਸਤਰ ਕੀਤੇ ਕਮਰਿਆਂ ਨਾਲੋਂ ਵੱਖਰਾ ਕਰ ਦਿੱਤਾ। ਪਰ ਅੱਜ ਵੀ ਉਹ ਸਾਂਵੇਂ ਸਾਂਵੇਂ ਖੜ੍ਹੇ। ਜਿਵੇਂ ਨਿੰਦੀ ਨੂੰ ਬਾਹਾਂ ਕੱਢ ਕੇ ਜੀ ਆਇਆਂ ਕਹਿੰਦੇ ਹੋਣ। ਪੋਲੇ ਜਿਹੇ ਪੈਰੀ ਨਿੰਦੀ ਕੰਧੋਲੀ ਕੋਲ ਜਾ ਖਲੋਤੀ। ਸੰਤੀ ਚੁੱਲ੍ਹੇ ਮੂਹਰੇ ਬੈਠੀ ਸਬਜੀ ਕੱਟੀ ਜਾਂਦੀ ਸੀ। ਬੀਬੀ ਕਹਿ ਕੇ ਸੱਦਣ ਤੋਂ ਪਹਿਲਾਂ ਨਿੰਦੀ ਨੇ ਗਿੱਲੀਆਂ ਅੱਖਾਂ ਪੂੰਝ ਲਈਆਂ। ਆਪਣੇ ਖਿੰਡੇ ਵਜੂਦ ਨੂੰ ਪਰਦੇ ਅੰਦਰ ਕੱਜ ਲਿਆ। "ਬੀਬੀ... ਕੀ ਧਰੀ ਜਾਨੀ ਐਂ?" ਮੱਲੋ-ਮੱਲੀ ਚਿਹਰੇ 'ਤੇ ਮੁਸਕਾਨ ਲਿਆ ਕੇ ਨਿੰਦੀ ਨੇ ਕਿਹਾ।

"ਵਾਗਰੂ! ਵਾਗਰੂ! ਕਿੱਡਾ ਚੰਗਾ ਦਿਨ ਚੜ੍ਹਿਐ। ਪੁੱਤ ਆ ਜਾ।" ਕਹਿ ਕੇ ਸੰਤੀ ਨੰ ਕੰਧੋਲੀ ਦਾ ਸਹਾਰਾ ਲੈ ਕੇ ਸਰੀਰ ਨੂੰ ਸਿੱਧਾ ਕੀਤਾ। ਦੋਹੇਂ ਬਾਹਾਂ ਖੋਲ੍ਹ ਕੇ ਧੀ ਨੂੰ ਕਾਲਜੇ ਨਾਲ ਲਾ ਲਿਆ। ਅੱਖਾਂ ਦੇ ਕੋਏ ਗਿੱਲੇ ਹੋ ਗਏ। ਚੁੰਨੀ ਨਾਲ ਅੱਖਾਂ ਪੂੰਝ ਕੇ ਸੰਤੀ ਨੇ ਕਿਹਾ- "ਕਾਲਜਾ ਠਰ ਗਿਆ ਪੁੱਤ... ਰਾਜੀ ਐਂ... ਤੇ 'ਕੱਲੀ



ਕਾਹਤੋਂ ਆਈ ਐਂ?"

"ਜਵਾਕਾਂ ਨੂੰ ਛੁੱਟੀ ਨਹੀਂ ਸੀ। ਮੇਰਾ ਤਾਂ ਕੱਲ੍ਹ ਦਾ ਚਿੱਤ ਓਦਰਿਆ ਪਿਆ ਸੀ। ਕਿਹੜਾ ਵੇਲਾ ਹੋਵੇ ਜਾ ਕੇ ਥੋਨੂੰ ਵੇਖ ਆਵਾਂ। ਫੇਰ ਸੁਰਜੀਤ ਆਂਹਦਾ ਜਾ ਵੜ। ਇਕ ਰਾਤ ਲਾ ਆ। ਨਾਲੇ ਬੀਬੀ ਹੋਰਾਂ ਦਾ ਚਿੱਤ ਰਾਜੀ ਹੋਜੂ।"

"ਆਹ ਤਾਂ ਬਾਹਲਾ ਚੰਗਾ ਕੀਤਾ। ਤੂੰ ਬਹਿ, ਮੈਂ ਚਾਹ ਕਰਦੀ ਆਂ। ਤੇਰਾ ਬਾਪੂ ਵੀ ਆਉਂਦਾ ਹੋਣੈ। ਤੈਨੂੰ ਪਤੈ ਏਸ ਵੇਲੇ ਗੁਰਦੁਆਰੇ ਜਾਂਦੈ। ਨਾਲੇ ਹੁਣ ਤਾਂ ਮੇਲਾ ਲੱਗਣ ਵਾਲਾ। ਛੋਰ ਛੱਡਿਆਂ ਵਾਂਗੂ ਸਾਰਾ ਦਿਨ ਮੇਲਾ-ਮੇਲਾ ਕਰਦੈ। ਰਾਹ 'ਚ ਖੜ੍ਹ ਗਿਆ ਹੋਊ ਕਿਸੇ ਕੋਲ। ਸਾਰਾ ਦਿਨ ਮੇਲੇ ਦੀਆਂ ਗੱਲਾਂ ਬਾਤਾਂ। ਘਰੇ ਵੀ, ਬਾਹਰ ਵੀ।" ਕਹਿ ਕੇ ਸੰਤੀ ਹੱਸ ਪਈ। ਨਿੰਦੀ ਗਹੁ ਨਾਲ ਬੀਬੀ ਵੱਲ ਤਕਦੀ ਰਹੀ। ਅੱਗੇ ਨਾਲੋਂ ਅੱਧੀ ਰਹਿ ਗਈ। ਪਤਝੜ ਦੇ ਝੰਬੇ ਦਰਖ਼ਤ ਵਾਂਗ। ਉਤਲੇ ਹਾਸੇ, ਓਹਲੇ ਸੰਸਿਆਂ ਦੀ ਸਿਉਂਕ ਨਾਲ ਖੋਖਲੀ ਹੋਈ ਬੀਬੀ ਨਿੰਦੀ ਨੂੰ ਸਾਫ਼ ਨਜ਼ਰ ਆ ਰਹੀ ਸੀ। ਬੀਬੀ ਦੀ ਆਤਮਾ ਵਿਚ ਵੀ ਕੰਡੇ ਉੱਠਦੇ ਹੋਣਗੇ। ਪਰ ਪੁੜਦੇ ਨਹੀਂ ਸਨ। ਨਿੰਦੀ ਦੇ ਧੁਰ ਅੰਦਰ ਚੀਸ ਜਿਹੀ ਉੱਠੀ। ਕੋਈ ਪੀੜ ਦਾ ਵੇਗ ਉਛਾਲੇ ਲੈ ਕੇ ਮੱਲੋ-ਮੱਲੀ ਬਾਹਰ ਨੂੰ ਆਉਂਦਾ। ਘੁੱਟ ਕੇ ਅੱਖਾਂ ਦੀਆਂ ਬਰੂਹਾਂ ਬੰਦ ਕਰ ਲਈਆਂ। ਅੰਦਰਲੇ ਹੜ੍ਹ ਨੂੰ ਸਾਂਭਣ ਦਾ ਯਤਨ ਕਰ ਰਹੀ ਸੀ। ਹੱਥ ਧੋਣ ਦੇ ਬਹਾਨੇ ਨਲਕੇ ਕੋਲ ਆ ਗਈ। ਓਹੀ ਵਿਹੜਾ... ਜਦੋਂ ਤਿੰਨੇ ਭੈਣ-ਭਰਾ ਆਥਣੇ ਪਾਣੀ ਛਿੜਕਦੇ ਤਾਂ ਮਹਿਕਣ ਲੱਗ ਪੈਂਦਾ। ਰਾਤ ਨੂੰ ਕਤਾਰ ਵਿਚ ਡਾਹੇ ਮੰਜਿਆਂ ਤੇ ਲਡਿਕੜਿਆਂ ਕਰਦੇ। ਕਦੇ ਤਾਰੇ ਗਿਣਦੇ ਤੇ ਕਦੇ ਪੂਰੇ। ਦਿਓ ਪਰੀਆਂ ਦੀਆਂ ਬਾਤਾਂ ਸੁਣਦੇ। ਕਦੇ ਅੱਡੀ-ਟੱਪਾ ਤੇ ਕਦੇ ਬਾਂਦਰ ਕਿੱਲਾ ਖੇਡਦੇ। ਕਿੰਨਾ ਨਿੱਘ ਸੀ ਇਨ੍ਹਾਂ ਰਿਸ਼ਤਿਆਂ ਵਿਚ। ਸੋਚ ਕੇ ਅੰਦਰ ਕੁਝ ਪੰਘਰਣ ਲੱਗ ਪਿਆ।

ਜੀਤ ਬਾਈ ਨੂੰ ਬੂਹੇ ਵੜਦਿਆਂ ਵੇਖ ਕੇ ਅੰਦਰ ਇਕ ਮੋਹ ਦੀ ਛੱਲ ਵੱਜੀ। ਭੱਜ ਕੇ ਨੇੜੇ ਹੋ ਗਈ। ਜੀਤ ਨੇ ਸਿਰ ਪਲੋਸਿਆ- "ਰਾਜੀ ਐਂ ਨਿੰਦੀਏ... ਕਦੋਂ ਆਈ ਸੀ?"

"ਬੱਸ ਥੋੜ੍ਹਾ ਚਿਰ ਹੋਇਐ। ਤੂੰ ਸੁਣਾ ਬਾਈ ਠੀਕ-ਠਾਕ ਐਂ?"

"ਠੀਕ-ਠਾਕ... ਖੇਤੋਂ ਆਇਆਂ। ਲੀੜੇ ਬਦਲ ਕੇ ਆਉਨੈਂ।" ਕਹਿ ਕੇ ਜੀਤ ਕਾਹਲੇ ਜਿਹੇ ਕਦਮਾਂ ਨਾਲ ਆਪਣੇ ਵਿਹੜੇ ਵੱਲ ਚਲਾ ਗਿਆ। ਨਿੰਦੀ ਜਾਂਦੇ ਦੀ ਪਿੱਠ ਵੇਂਹਦੀ ਰਹੀ। ਸੰਤੀ ਨੇ ਨਿੰਦੀ ਨੂੰ ਚਾਹ ਵਾਸਤੇ ਅਵਾਜ਼ ਮਾਰ ਲਈ। ਜੀਤ ਦਾ ਵਿਹਾਰ ਵੇਖ ਕੇ ਚਾਹ ਦਾ ਘੁੱਟ ਵੀ ਸੰਘ 'ਚੋਂ ਹੇਠਾਂ ਜਾਣਾ ਔਖਾ ਹੋ ਗਿਆ। ਸੰਤੀ ਨੇ ਨੇੜੇ ਹੋ ਕੇ ਝੱਟ ਦੇਣੇ ਕਈ ਸਵਾਲ ਪੁੱਛ ਲਏ।

"ਜੀਤ ਮਿਲਿਆ ਸੀ... ਕੀ ਆਂਹਦਾ ਸੀ?... ਚਰਨੋਂ ਟੱਕਰੀ ਸੀ?"

ਨਿੰਦੀ ਉੱਠ ਕੇ ਚਾਹ ਵਾਲਾ ਗਲਾਸ ਮਾਂਜਣ ਲੱਗ ਪਈ। ਬੀਬੀ ਵੱਲ ਪਿੱਠ ਭੁਆ ਕੇ ਕਹਿਣ ਲੱਗੀ-

"ਹਾਂ, ਜੀਤ ਬਾਈ ਸੀ। ਹਾਲ-ਚਾਲ ਪੁੱਛਦਾ ਸੀ। ਆਂਹਦਾ ਸੀ ਆ ਜਾ

ਚਾਹ 'ਕੱਠੇ ਪੀਣੇ ਆਂ। ਮੈਂ ਕਿਹਾ ਬੀਬੀ ਧਰੀ ਬੈਠੀ ਐ।"

"ਤੇ ਚਰਨੋਂ ਕੀ ਆਂਹਦੀ?" ਸੰਤੀ ਦੇ ਸਵਾਲ ਅੰਦਰ ਇਕ ਕਾਹਲ ਸੀ।

"ਓਹ ਤਾਂ ਧਾਰ ਕੱਢੀ ਜਾਂਦੀ ਸੀ। ਆਂਹਦੀ ਸੀ ਬਹਿ ਜਾ। ਜਵਾਕਾਂ ਦਾ ਹਾਲ-ਚਾਲ ਪੁੱਛਦੀ ਸੀ।... ਬੀਬੀ ਬਿੰਦਰ ਤੇ ਸੁੱਖੋ ਮਿਲਦੇ ਹੁੰਦੇ ਐ?" ਨਿੰਦੀ ਨੇ ਸੰਤੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਿਆ। ਸੰਤੀ ਉੱਠ ਖਲੋਤੀ। ਚੁੱਲ੍ਹੇ ਮੂਹਰੇ ਬਹਿ ਕੇ ਫੇਰ ਸਬਜੀ ਕੱਟਣ ਲੱਗ ਪਈ। ਹੌਲੀ ਜਿਹੀ ਕਹਿਣ ਲੱਗੀ, "ਬਿੰਦਰ ਤਾਂ ਦਿਸਣੋਂ ਈ ਹਟ ਗਿਆ। ਇਕ ਤਾਂ ਬੂਹਾ ਮਗਰਲੀ ਬੀਹੀ 'ਚ ਐ। ਕਰੇ ਵੀ ਕੀ, ਕੁਵੇਲੇ ਆਉਂਦੈ। ਸੁੱਖੋਂ ਊਂ ਢਿੱਲੀ ਰਹਿੰਦੀ ਐ। ਗੋਬਿੰਦ ਡਾਕਟਰ ਮੈਨੂੰ ਦਵਾਈ ਦੇਣ ਆਇਆ ਸੀ। ਦੱਸਦਾ ਸੀ ਸੁੱਖੋਂ ਨੂੰ ਕਈ ਦਿਨਾਂ ਤੋਂ ਤਾਪ ਚੜ੍ਹਦੈ। ਮੈਥੋਂ ਵੀ ਜਾਇਆ ਨੀ ਗਿਆ।" ਬੀਬੀ ਦੇ ਬੋਲ ਤੇ ਚਿਹਰੇ ਦੇ ਹਾਵ-ਭਾਵ ਮੇਲ ਨਹੀਂ ਖਾ ਰਹੇ ਸੀ। ਫੇਰ ਵੀ ਨਿੰਦੀ ਨੇ ਬਹਾਨੇ ਨਾਲ ਬਿੰਦਰ ਦੇ ਬੱਚਿਆਂ ਬਾਰੇ ਵੀ ਜਾਣਕਾਰੀ ਲੈਣੀ ਚਾਹੀ। "ਬੀਬੀ ਮੀਤੀ ਤੇ ਜਿੰਦੂ ਦਾ ਕੀ ਹਾਲ ਹੈ... ਆਉਂਦੇ ਹੁੰਦੇ ਨੇ?"

"ਕਿੱਥੇ ਜਵਾਕਾਂ ਕੋਲ ਟੈਮ... ਪੜ੍ਹਾਈਆਂ ਈ ਨੀ ਮਾਣ... ਆਹ ਜੀਤ ਆਲੇ ਦੋਹੇਂ ਰੌਣਕ ਲਾਈ ਰੱਖਦੇ ਐ।" ਸੰਤੀ ਨੇ ਬਿਨਾਂ ਨਜ਼ਰਾਂ ਉਤਾਂਹ ਕੀਤਿਆਂ ਜਵਾਬ ਦਿੱਤਾ।

ਬਾਪੂ ਦਾ ਖੰਘੂਰਾ ਸੁਣ ਗਿਆ। ਨਿੰਦੀ ਝੱਟ ਦੇਣੇ ਉੱਠ ਖਲੋਤੀ। ਧੀ ਨੂੰ ਵੇਖ ਕੇ ਜਾਗਰ ਖਿੜ੍ਹ ਗਿਆ। ਨਿੰਦੀ ਨੂੰ ਜੱਫੀ ਵਿਚ ਲੈ ਲਿਆ। "ਵਾਹ ਬਈ ਪੁੱਤਰਾ... ਕਾਲਜੇ ਠੰਡ ਪੈ ਗਈ... ਰਾਤ ਤੈਨੂੰ ਮੈਂ ਜਾਦ ਕੀਤਾ ਸੀ। ਕੱਲ੍ਹ ਪਰਸੋਂ ਦਾ ਚਿੱਤ ਕਾਹਲਾ ਪਈ ਜਾਂਦਾ ਸੀ। ਫੇਰ ਸੋਚਿਆ ਨਿੰਦੀ ਨੂੰ ਵੇਖਿਆਂ ਬਾਹਲਾ ਚਿਰ ਹੋ ਗਿਆ। ਏਸੇ ਕਰਕੇ ਖੋਹ ਪੈਂਦੀ ਐ।" ਨਿੰਦੀ ਤੋਂ ਮੂੰਹੋਂ ਕੁਛ ਨਾ ਬੋਲਿਆ ਗਿਆ। ਸਮਝ ਰਹੀ ਸੀ ਬਿਨਾਂ ਵੇਖੇ-ਸੁਣੇ ਈ ਕੋਹਾਂ ਦੂਰੋਂ ਆਂਦਰਾਂ ਕਿਵੇਂ ਖਿੱਚ ਕੇ ਮਿਲਾ ਦਿੰਦੀਆਂ ਨੇ।

ਬਾਪੂ ਘਰ ਦੀ ਸੁਖ-ਸਾਂਦ ਪੁੱਛਦਾ ਰਿਹਾ। 'ਕੱਲੀ ਆਉਣ 'ਤੇ ਕਈ ਵਾਰ ਗਿਲਾ ਜਾਹਰ ਕੀਤਾ। ਸੰਤੀ ਨੂੰ ਮੰਜੇ 'ਤੇ ਬੈਠਿਆਂ ਵੇਖ ਕੇ ਹੱਸ ਪਿਆ। "ਅੱਜ ਕਿਮੇਂ ਧੀ ਦੀ ਮਾਂ ਮੇਲਣ ਬਣੀ ਬੈਠੀ ਐ... ਨਹੀਂ ਤਾਂ ਆਉਂਦੇ ਨੂੰ ਭੂਕਣਾ ਫੜੀ ਚੁੱਲ੍ਹੇ 'ਚ ਫੂਕਾਂ ਮਾਰੀ ਜਾਂਦੀ ਹੁੰਦੀ ਐਂ...।"

"ਕੀ ਕਰਾਂ... ਆਉਂਦੀ ਨੇ ਕੰਮ ਨੂੰ ਜੱਫਾ ਪਾ ਲਿਆ। ਆਂਹਦੀ ਤੂੰ ਰਾਮ ਕਰ... ਮੈਂ ਆਪੇ ਕਰ ਲੂੰਗੀ।" ਸੰਤੀ ਨੇ ਕੰਮ ਕਰਦੀ ਨਿੰਦੀ ਵੱਲ ਇਸ਼ਾਰਾ ਕਰਦੇ ਕਿਹਾ।

"ਆਹ ਵੇਖ ਜਗਸੀਰ, ਭੂਆ ਆਈ ਐ।" ਜੀਤ ਦਾ ਮੁੰਡਾ ਦੁੱਧ ਦੇਣ ਆਇਆ ਸੀ। ਸੰਤੀ ਨੇ ਜਗਸੀਰ ਨੂੰ ਰੋਕ ਕੇ ਕਿਹਾ। ਕੰਮ ਛੱਡ ਕੇ ਨਿੰਦੀ ਚੌਂਕੇ 'ਤੋਂ ਬਾਹਰ ਆ ਗਈ। ਜਗਸੀਰ ਨੂੰ ਹਿੱਕ ਨਾਲ ਲਾ ਲਿਆ। ਕਈ ਵਾਰੀ ਮੂੰਹ ਚੁੰਮਿਆਂ। ਫੇਰ ਉਸਦੀਆਂ ਕੂਲੀਆਂ-ਕੂਲੀਆਂ ਤਲੀਆਂ ਨੂੰ ਆਪਣੇ ਹੱਥਾਂ ਵਿਚ ਲੈ ਲਿਆ।



"ਸੀਰੇ ਭੂਆ ਯਾਦ ਨੀ ਆਉਂਦੀ?... ਲੱਕੀ ਤੇ ਰੇਸ਼ਮ ਤੈਨੂੰ ਬਹੁਤ ਯਾਦ ਕਰਦੇ ਐ... ਐਤਕੀਂ ਚੱਲ ਮੇਰੇ ਨਾਲ।" ਸੀਰੇ ਨੇ ਆਪਣੀਆਂ ਦੋਹੇਂ ਬਾਹਾਂ ਨਿੰਦੀ ਦੁਆਲੇ ਵਲ ਲਈਆਂ।

"ਭੂਆ ਮੇਲਾ ਵੇਖਣ ਆਏਂਗੀ?" ਭੋਲੇ ਜਿਹੇ ਮੂੰਹ ਨਾਲ ਪੁੱਛਣ ਲੱਗਾ।

ਸੰਤੀ ਹੱਸ ਪਈ, "ਦਾਦੇ ਵਰਗਾ... ਹੋਰ ਨਾ ਕੋਈ ਗੱਲ ਕਰ... ਮੇਲੇ ਦੀ ਗੱਲ ਕਰ।"

"ਆਉਂਗੀ... ਨਿਕੜਾ ਕੀ ਕਰਦੈ?" ਨਿੰਦੀ ਨੇ ਛੋਟੇ ਮੁੰਡੇ ਬਾਰੇ ਪੁੱਛਿਆ।"

"ਸੁੱਤਾ ਪਿਐ।"

"ਸੀਰੇ ਛੇਤੀ ਆ... ਤਾਈ ਘਰੇ ਦਾਲ ਫੜ੍ਹਾ ਕੇ ਆ।" ਚਰਨੋਂ ਨੇ ਕੰਧ ਦੇ ਪਾਰ ਖੜ੍ਹੀ ਹੋ ਕੇ ਤਿੱਖੀ ਆਵਾਜ਼ ਨਾਲ ਮੋਹ ਭਰੀ ਤੰਦ ਤੋੜ ਦਿੱਤੀ। ਜਗਸੀਰ ਭੱਜ ਗਿਆ। ਸੰਤੀ ਤੇ ਨਿੰਦੀ ਨੇ ਇਕ-ਦੂਜੇ ਦੇ ਮੂੰਹ ਵੱਲ ਤੱਕਿਆ। ਪਰ ਦੋਹੇਂ ਚੁੱਪ ਸਨ। ਜਾਗਰ ਵੇਂਹਦਾ ਸੀ। ਹੁਣ ਸ਼ਰੀਕਣੀਆਂ ਇਕ-ਮਿੱਕ ਹੋ ਗਈਆਂ ਤੇ ਮਾਪੇ ਮਾੜੇ। ਐਡਾ ਕਿਹੜਾ ਗੁਨਾਹ ਹੋ ਗਿਆ। ਦੂਜੇ ਪਾਸੇ ਜੀਤ ਦੇ ਅੰਦਰ ਗਰਾਹੀ ਨਹੀਂ ਲੰਘਦੀ ਸੀ। ਬੀਬੀ ਹੁਰਾਂ ਦੇ ਵਿਹੜੇ ਵਿਚੋਂ ਮੋਹ ਦਾ ਸੇਕ ਅੱਜ ਦੁੱਗਣਾ ਆਉਂਦਾ ਸੀ। ਚਰਨੋਂ ਦੇ ਮੱਥੇ 'ਤੇ ਪਈਆਂ ਤਿਉੜੀਆਂ ਤੇ ਕਲੇਸ਼ ਤੋਂ ਡਰਦਾ ਅੰਦਰੋ ਅੰਦਰੀ ਨਪੀੜਿਆ ਪਿਆ ਸੀ।

ਰਾਤ ਨੂੰ ਨਿੰਦੀ, ਬੀਬੀ ਤੇ ਬਾਪੂ ਨਾਲ ਕਦੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ। ਫੇਰ ਤਿੰਨਾਂ ਵਿਚਾਲੇ ਖਾਮੋਸ਼ ਖੰਜਰ ਜਿਹੀ ਚੁੱਪ ਪੱਸਰ ਜਾਂਦੀ। ਜਿਹੜੀ ਸਾਰਿਆਂ ਦੇ ਕਾਲਜੇ ਚੀਰ ਰਹੀ ਸੀ।

ਸਦੇਹਾਂ ਹੀ ਨਿੰਦੀ ਜਾਣ ਲਈ ਤਿਆਰ ਹੋ ਗਈ। ਜਾਗਰ ਨੇ ਫੇਰ ਕਿਹਾ ਸੀ। "ਵਿਸਾਖੀ ਦੇ ਮੇਲੇ ਤੇ ਜੁਆਕਾਂ ਨੂੰ ਵੀ ਤੇ ਸੁਰਜੀਤ ਨੂੰ ਵੀ ਲੈ ਕੇ ਆਈਂ।" ਤੁਰ ਪਈ ਸੀ ਝੋਲਾ ਚੁੱਕ ਕੇ। ਬੀਬੀ ਤੇ ਬਾਪੂ ਦੇ ਚਿਹਰੇ ਪੜ੍ਹਦੀ ਤਾਂ ਕਿੰਨੇ ਸੱਖਣੇ ਤੇ ਵਿਚਾਰੇ ਜਿਹੇ ਲੱਗੇ। ਗਿੱਲੀਆਂ ਅੱਖਾਂ ਨੂੰ ਮੂੰਦ ਕੇ ਧੁਰੋਂ ਮਾਂ-ਪਿਓ ਤੇ ਭਰਾਵਾਂ ਦੀ ਸੁੱਖ ਮੰਗਦੀ ਬੂਹੇ ਤੋਂ ਬਾਹਰ ਕਦਮ ਪੁੱਟ ਲਏ। ਨਿੰਦੀ ਦੇ ਜਾਣ ਮਗਰੋਂ ਸੰਤੀ ਕਿੰਨੀ ਦੇਰ ਝੁਰਦੀ ਰਹੀ। "ਦੋ ਘੜੀਆਂ ਕੁੜੀ ਆਈ ਵੀ। ਇਹ ਕਾਹਦਾ ਆਉਣ ਹੋਇਆ। ਆਉਂਦੀ ਨੇ ਛੱਤੀ ਕੰਮ ਸਵਾਰਤੇ।"

ਜਾਗਰ ਵੀ ਉਦਾਸ ਸੀ। "ਸੰਤੀਏ ਧੀਆਂ ਨੇ ਕਿਹੜਾ ਜ਼ਮੀਨ ਵੰਡਾਉਣੀ ਐ... ਦੋ ਘੜੀ ਦੁੱਖ ਵੰਡਾਉਣ ਆਉਂਦੀਆਂ ਨੇ।"

"ਦੁੱਖ ਕੀ ਵੰਡਾਉਂਦੀ... ਖੌਰੇ ਢਿੱਡ 'ਚ ਕਿੰਨੀਆਂ ਕੁ ਗੰਢਾਂ ਬੰਨ੍ਹ ਕੇ ਲੈਗੀ।" ਲੀੜੇ ਧੋਂਦੀ ਸੰਤੀ ਨੇ ਹੰਝੂ ਪੂੰਝ ਕੇ ਕਿਹਾ।

"ਸੰਤੀਏ ਆਏਂ ਕਰ ਮੈਂ ਚਾਹ ਕਰਦਾਂ... ਤੇ ਤੂੰ ਧੋ ਲੀੜੇ।" ਜਾਗਰ ਨੇ ਗੱਲ ਬਦਲਣ ਦੀ ਕੋਸ਼ਿਸ਼ ਕੀਤੀ।

"ਕਿਉਂ ਸੰਤੀਏ, ਕੱਲ੍ਹ ਸੱਥ 'ਚ ਬੈਠਿਆਂ ਦੀਪਾ ਆਂਹਦਾ- ਬਈ ਬਾਬੇ

ਜਾਗਰਾ, ਤਾਈ ਤੇਰੇ ਲੀੜੇ ਬਲਾਂ ਸਮਾਰ ਕੇ ਧੋਂਦੀ ਐ। ਨਿੱਤ ਚੀਨਾਂ ਕਬੂਤਰ ਬਣ ਕੇ ਰਹਿਣੈ।" "ਫੇਰ ਤੈਂ ਕੀ ਕਿਹਾ।" ਸੰਤੀ ਨੇ ਹੱਸ ਕੇ ਪੁੱਛਿਆ।

"ਮੈਂ ਆਖਿਆ ਬਈ ਤੇਰੀ ਤਾਈ ਲੀੜੇ ਕਾਹਦੇ ਧੋਂਦੀ ਐ, ਬੱਸ ਚਾਂਦੀ ਲਾਉਂਦੀ ਐ।"

ਜੀਤ ਪਰਲੇ ਪਾਸੇ ਬੈਠਾ ਬੀਬੀ-ਬਾਪੂ ਦੀਆਂ ਗੱਲਾਂ ਸੁਣ ਰਿਹਾ ਸੀ। ਤੇ ਚਰਨੋਂ ਚੁੱਲ੍ਹੇ ਮੂਹਰੇ ਬੈਠੀ ਨੱਕ-ਬੁੱਲ੍ਹ ਕੱਢ ਕੇ ਬੋਲੀ- "ਲੈ ਹੋ ਗਏ ਬੁੜੇ-ਬੁੜੀ ਦੇ ਚੋਜ ਸ਼ੁਰੂ।"

"ਓਹਨਾਂ ਵੀ ਤਾਂ ਆਪਣਾ ਟੈਮ ਟਪਾਉਣਾ ਐ।" ਜੀਤ ਨੇ ਚਰਨੋਂ ਦੀ ਗੱਲ ਨੂੰ ਟੋਕ ਦਿੱਤਾ।

"ਟਪਾਉਣੈ ਟੈਮ... ਤੜਕਸਾਰ ਤਾਂ ਜੰਞ ਜਾਣ ਵਾਲਿਆਂ ਵਾਂਗੂ ਲੀੜਾ-ਲੱਤਾ ਪਾ ਕੇ ਤੁਰ ਪੈਂਦੈ। ਲੋਕਾਂ ਦੇ ਕੌਲੇ ਕੱਛਣ। ਗੇੜਾ ਕੱਢ ਕੇ ਫੇਰ ਆਜੂ ਬੁੜੀ ਦੇ ਸਰ੍ਹਾਣੇ। ਕਿਉਂ ਸੰਤੀਏ... ਕਿਉਂ ਸੰਤੀਏ। ਸਾਰਾ ਦਿਨ ਏਸੇ ਦੇ ਸੋਹਲੇ ਗਾਉਂਦਾ ਰਹਿੰਦੈ। ਜਿਵੇਂ ਸੱਜਰੀ ਮੁਕਲਾਵੇ ਆਈ ਹੋਵੇ। ਵੇਖਾਂ ਸੰਗ ਨੀ ਆਉਂਦੀ ਧੌਲੀ ਦਾਹੜੀ ਆਲੇ ਨੂੰ?" ਚਰਨੋਂ ਜੀਤ ਦੇ ਟੋਕਣ ਕਰਕੇ ਹੋਰ ਵੀ ਹਰਖ ਕੇ ਬੋਲ ਰਹੀ ਸੀ।

ਓਹੀ ਆਥਣ ਦਾ ਵੇਲਾ, ਬਾਬੇ ਜਾਗਰ ਦਾ ਖੰਘੂਰਾ ਤੇ ਜਵਾਕਾਂ ਦੇ ਨਿੱਕੇ-ਨਿੱਕੇ ਹੱਥਾਂ 'ਤੇ ਮਿੱਠੀਆਂ ਖਿੱਲ੍ਹਾਂ ਦੇ ਦਾਣੇ। ਪਰ ਅੱਜ ਸੰਤੀ ਨੇ ਚੁੱਲ੍ਹੇ ਅੱਗ ਨਹੀਂ ਪਾਈ। ਮੰਜੇ 'ਤੇ ਖੇਸ ਲਈ ਪਈ ਸੀ।

"ਸੰਤੀਏ ਕੀ ਗੱਲ?... ਚਿੱਤ ਨੀ ਰਾਜੀ?" ਜਾਗਰ ਨੇ ਘਬਰਾ ਕੇ ਖੇਸ ਸੰਤੀ ਦੇ ਮੂੰਹ ਤੋਂ ਪਰ੍ਹਾਂ ਕੀਤਾ।

"ਹਾਂ... ਘਬਰਾਟ ਜਿਹੀ ਹੁੰਦੀ ਐ। ਬੱਸ ਉੱਠਣ-ਉੱਠਣ ਕਰਦੀ ਸੀ, ਪਰ ਉੱਠਿਆ ਨੀ ਜਾਂਦਾ।"

"ਨਹੀਂ ਤੂੰ ਪਈ ਰਹਿ। ਮੈਂ ਡਾਕਟਰ ਨੂੰ ਸੱਦ ਲਿਆਉਣਾ।"

"ਨਹੀਂ... ਕੋਈ ਲੋੜ ਨੀ। ਤੂੰ ਚਾਹ ਦਾ ਘੁੱਟ ਕਰ ਦੇ। ਫੇਰ ਉੱਠ ਕੇ ਰੋਟੀ ਪਕਾਊਂਗੀ।"

"ਤੂੰ ਪਈ ਰਹਿ... ਮੈਨੂੰ ਤਾਂ ਪਹਿਲਾਂ ਈ ਭੁੱਖ ਨੀ... ਅਫਰੇਵਾਂ ਜਿਹਾ ਹੋਇਆ ਪਿਐ। ਮੈਂ ਚਾਹ ਕਰਦਾਂ।" ਜਾਗਰ ਨੇ ਪਤੀਲਾ ਮਾਂਜ ਕੇ ਚਾਹ ਧਰ ਦਿੱਤੀ। ਜੀਤ ਦੇ ਕੰਨੀ, ਬੀਬੀ ਦੇ ਬਿਮਾਰ ਹੋਣ ਦੀ ਗੱਲ ਪੈ ਗਈ। ਉਹ ਅੱਗੇ ਈ ਔਂਕਿਆ ਪਿਆ ਸੀ। ਹੁਣ ਆਪਣੇ-ਆਪ ਨੂੰ ਰੋਕ ਨਹੀਂ ਸਕਿਆ। ਆ ਕੇ ਬੀਬੀ ਦੇ ਸਿਰ੍ਹਾਣੇ ਬਹਿ ਗਿਆ।

"ਲੈ ਸੰਤੀਏ... ਤੇਰਾ ਜੀਤ ਵੀ ਆ ਗਿਆ। ਉੱਠ ਬਹਿ ਜਾ... ਚਾਹ ਪੀ।" ਜਾਗਰ ਨੇ ਚਾਹ ਵਾਲੀ ਬਾਟੀ ਸੰਤੀ ਨੂੰ ਫੜ੍ਹਾਉਂਦਿਆਂ ਕਿਹਾ। ਸੰਤੀ ਜੀਤ ਨਾਲ ਢਾਸਣਾ ਲਾ ਕੇ ਬਹਿ ਗਈ। ਬੁੱਢੀ ਮਾਂ ਦੀ ਮਮਤਾ ਦਾ ਨਿੱਘ ਜੀਤ ਨੂੰ ਛੋਹ



ਰਿਹਾ ਸੀ। ਬੜੇ ਚਿਰਾਂ ਬਾਅਦ ਉਹ ਬੀਬੀ ਦੇ ਨਾਲ ਲੱਗ ਕੇ ਬੈਠਾ ਸੀ। ਬੈਠਾ-ਬੈਠਾ ਬੀਬੀ ਦੇ ਮੋਢੇ ਘੁੱਟਣ ਲੱਗ ਪਿਆ। ਪੁੱਤਰ ਦੀ ਛੋਹ ਨਾਲ ਸੰਤੀ ਦੀਆਂ ਬੁੱਢੀਆਂ ਅੱਖਾਂ ਵਿਚੋਂ ਮਮਤਾ ਪੰਘਰ ਕੇ ਬਾਹਰ ਆ ਗਈ। ਜਾਗਰ ਸਭ ਕੁਝ ਵੇਖ ਰਿਹਾ ਸੀ। ਸੰਤੀ ਨੂੰ ਖੁਸ਼ ਕਰਨ ਵਾਸਤੇ ਕਹਿਣ ਲੱਗਾ-

"ਲੈ ਬਈ ਜੀਤ ਐਤਕੀ ਤੇਰੀ ਬੀਬੀ ਨੂੰ ਵਿਸਾਖੀ ਮੇਲੇ ਜ਼ਰੂਰ ਲੈ ਕੇ ਜਾਣੈ। ਭਾਵੇਂ ਕੰਧਾੜੇ ਬਹਾ ਕੇ ਨਾ ਲਜਾਣੀ ਪਵੇ। ਸੰਤੀਏ! ਤੈਨੂੰ ਜਾਦ ਐ... ਇਕ ਵੇਰ ਤਲਵੰਡੀ ਸਾਬੋ ਦੇ ਗੁਰਦੁਆਰੇ ਵਿਸਾਖੀ ਆਲੇ ਦਿਨ ਆਪਾਂ ਗਏ ਸੀ। ਜੀਤ ਤੇ ਬਿੰਦਰ ਨੂੰ ਕੰਧਾੜੇ ਬਹਾ ਕੇ ਆਥਣ ਤਾਈਂ ਮੇਲਾ ਵਿਖਾ ਕੇ ਲਿਆਏ ਸੀ।"

ਸੰਤੀ ਨੂੰ ਗੱਲ ਸੁਣ ਕੇ ਬਿੰਦਰ ਯਾਦ ਆ ਗਿਆ। ਓਹਨੇ ਪਾਟੇ ਜਿਹੇ ਰੁਮਾਲ ਵਿਚੋਂ ਪੈਸੇ ਕੱਢ ਕੇ ਜਾਗਰ ਨੂੰ ਫੜ੍ਹਾ ਕੇ ਕਿਹਾ, "ਆਹ ਸਵਾ ਪੰਜ ਰੁਪਏ... ਜਦੋਂ ਬਿੰਦਰ ਦੀ ਮਹਿੰ ਬਮਾਰ ਸੀ, ਉਦੋਂ ਦੀ ਸੁੱਖ-ਸੁੱਖੀ ਐ। ਮੈਂ ਭੁੱਲ ਨਾ ਜਾਵਾਂ ਐਤਕੀਂ ਵਿਸਾਖੀ ਤੇ ਸਵਾ ਪੰਜਾਂ ਦਾ ਪ੍ਰਸ਼ਾਦ ਕਰਾਉਣੈ।" ਫੇਰ ਜੀਤ ਦਾ ਹੱਥ ਫੜ੍ਹ ਕੇ ਕਹਿਣ ਲੱਗੀ, "ਤੂੰ ਤਾਂ ਮੁੱਢੋਂ ਈ ਸਾਊ ਸੀ। ਬਿੰਦਰ ਨਿੱਕਾ ਹੁੰਦਾ ਬਾਹਲਾ ਜ਼ਹਿਰੀ ਸੀ। ਸਕੂਲਾ ਨਾ ਜਾਂਦਾ। ਬਸਤਾ ਲਕੋ ਦਿੰਦਾ। ਸਾਰਾ ਦਿਨ ਛੱਪੜ ਤੇ ਬੈਠਾ ਰਹਿੰਦਾ। ਪੈਰਾਂ 'ਤੇ ਗਿੱਲੀ ਮਿੱਟੀ ਦੇ ਘੋਰਨੇ ਬਣਾਈ ਜਾਂਦਾ। ਇਕ ਦਿਨ ਮੈਂ ਘੂਰਤਾ... ਫੇਰ ਰੋਟੀ ਨਾ ਖਾਧੀ... ਅਖੇ ਤੂੰ ਮੇਰਾ ਮਿੱਟੀ ਦਾ ਘਰ ਕਿਉਂ ਤੋੜਿਆ।" ਸੰਤੀ ਦਾ ਗੱਚ ਭਰ ਆਇਆ। ਅੱਜ ਜੀਤ ਨੇ ਬੀਬੀ ਦੀਆਂ ਅੱਖਾਂ ਵਿਚ ਪੁੱਤ ਨੂੰ ਲੋਚਦੀ ਮਮਤਾ ਵੇਖੀ ਸੀ। ਪਤਾ ਨਹੀਂ ਬਿੰਦਰ ਨੂੰ ਵੇਖਣ ਲਈ ਕਿੰਨਾ ਕੁ ਤੜਪਦੀ ਹੋਊ।

"ਆਹੋ ਬਈ ਸੰਤੀਏ, ਨਿੱਕਾ ਹੁੰਦਾ ਤਾਂ ਮਿੱਟੀ ਦਾ ਘਰ ਤੋੜਨ ਤੇ ਈ ਰੁੱਸ ਗਿਆ। ਹੁਣ ਸਹੁਰੀ ਦੇ ਨੇ ਆਪੇ ਈ ਆਵਦਾ ਘਰ ਤੋੜ ਲਿਆ।" ਜਾਗਰ ਨੇ ਗੱਲ ਕਰਕੇ ਅੱਖਾਂ ਭਰ ਲਈਆਂ।

ਬੀਬੀ ਦਾ ਦੁੱਖ ਵੇਖ ਕੇ ਜੀਤ ਦਾ ਜੀਅ ਕੀਤਾ। ਉਸਦੀ ਬੁੱਕਲ ਵਿਚ ਸਿਰ ਰੱਖ ਕੇ ਰੋ ਪਵੇ। ਇਹਨਾਂ ਵਿਹੜੇ ਦੀਆਂ ਕੰਧਾਂ ਨੂੰ ਸੱਬਲਾਂ ਮਾਰ ਮਾਰ ਢਾਹ ਦੇਵੇ। ਫੇਰ ਏਸ ਵਿਹੜੇ ਨੂੰ ਇਕ ਕਰ ਦੇਵੇ।

"ਸੰਤੀਏ ਕਿਮੇਂ ਐਂ ਹੁਣ?" ਜਾਗਰ ਨੇ ਚੁੱਪ ਕੀਤੀ ਸੰਤੀ ਨੂੰ ਪੁੱਛਿਆ।

"ਕਾਲਜਾ ਮੱਚਦੈ, ਮੂੰਹ ਦਾ ਸੁਆਦ ਭੈੜਾ ਹੋ ਗਿਆ।"

"ਲੈ ਫੇਰ, ਦੋ ਕੁ ਖਿੱਲ੍ਹਾਂ ਮੂੰਹ 'ਚ ਪਾ ਲੈ... ਨਾਲੇ ਗੁਰੂ ਘਰ ਦਾ ਪ੍ਰਸਾਦ ਐ।" ਜਾਗਰ ਨੇ ਗੀਝੇ ਵਿਚੋਂ ਮਿੱਠੀਆਂ ਖਿੱਲ੍ਹਾਂ ਕੱਢ ਕੇ ਸੰਤੀ ਦੇ ਮੂੰਹ ਵਿਚ ਪਾ ਦਿੱਤੀਆਂ। ਮਿੱਠੀਆਂ ਖੁਰਦੀਆਂ ਖਿੱਲ੍ਹਾਂ, ਗੰਗਾ ਜਲ ਦੇ ਅਖੀਰਲੇ ਤੁਪਕੇ ਵਾਂਗ ਸੰਤੀ ਦੇ ਮੂੰਹ ਵਿਚ ਘੁਲ ਗਈਆਂ। ਸੰਤੀ ਮਿੰਟੋ ਮਿੰਟੀ ਕਿਸੇ ਵਾਅ-ਵਰੋਲੇ ਵਾਂਗ ਕਿੱਧਰੇ ਉੱਡ-ਪੁੱਡ ਗਈ। ਪੁੱਤ ਦੇ ਹੱਥਾਂ 'ਚ ਅਖ਼ੀਰਲਾ ਸਾਹ ਲੈ ਕੇ ਬਾਬੇ ਜਾਗਰ ਦਾ ਸਾਥ ਸਦਾ ਲਈ ਛੱਡ ਗਈ। ਸਭੇ ਦੁੱਖ, ਤਕਲੀਫ਼ਾਂ, ਝੋਰੇ ਨਾਲ ਈ ਲੈ ਗਈ।

ਹੁਣ ਜਾਗਰ ਏਸ ਦੁਨੀਆਂ ਦੇ ਮੇਲੇ ਦਾ ਚੱਕੀਰਾਹਾ ਬਣ ਕੇ ਰਹਿ ਗਿਆ। ਡੌਰ-ਭੌਰਾ ਜਿਹਾ ਹੋ ਕੇ ਕਿਸੇ ਮਸ਼ੀਨੀ ਯੰਤਰ ਵਾਂਗ ਉਸਨੇ ਸੰਤੀ ਦੇ ਅਖ਼ੀਰਲੇ ਕਾਰ-ਵਿਹਾਰ ਵੀ ਕਰ ਦਿੱਤੇ। ਹਾਲੇ ਤਕ ਉਸਦੇ ਦਿਲ ਨੇ ਇਹ ਕਬੂਲਿਆ ਈ ਨਹੀਂ ਸੀ ਕਿ ਸੰਤੀ ਉਸਦੇ ਨਾਲ ਨਹੀਂ। ਕਈ ਦਿਨ ਹੋ ਗਏ, ਚੁੱਪ-ਗੜੁੱਪ ਜਿਹਾ ਬੈਠਾ ਰਿਹਾ। ਅੰਨ, ਪਾਣੀ ਤਿਆਗੀ ਬੈਠਾ ਸੀ। ਭੋਗ ਪੈ ਗਿਆ। ਨਿੰਦੀ ਤੇ ਸੁਰਜੀਤ ਨੇ ਵੀ ਮੁੜਨਾ ਸੀ। ਬਾਪੂ ਨੂੰ ਛੱਡ ਕੇ ਜਾਣਾ ਨਿੰਦੀ ਵਾਸਤੇ ਬੀਬੀ ਦੀ ਮੌਤ ਨਾਲੋਂ ਵੀ ਵੱਡਾ ਦੁੱਖ ਸੀ। ਨਿੰਦੀ ਨੇ ਜਾਗਰ ਨੂੰ ਪੁੱਛਿਆ- "ਬਾਪੂ ਜੇ ਤੂੰ ਰੋਟੀ ਖਾਏਂਗਾ, ਤਾਂ ਮੈਂ ਜਾਊਂਗੀ। ਦੱਸ ਕੀ ਧਰਾਂ। ਜਿਹੜਾ ਕੁਸ਼ ਖਾਣ ਨੂੰ ਚਿੱਤ ਕਰਦੈ, ਓਹੀ ਬਣਾ ਦਿੰਨੀ ਆਂ।"

"ਆਏਂ ਕਰ ਨਿੰਦੀਏ... ਕੱਦੂ ਬਣਾ। ਜਿਵੇਂ ਤੇਰੀ ਬੀਬੀ ਦੁੱਧ ਪਾ ਕੇ ਬਣਾਉਂਦੀ ਸੀ। ਇਕ ਰੋਟੀ ਖਾ ਲੂੰਗਾ।" ਜਾਗਰ ਦੀ ਗੱਲ ਸੁਣ ਕੇ ਨਿੰਦੀ ਧਾਹਾਂ ਮਾਰ ਕੇ ਰੋ ਪਈ। ਜਾਗਰ ਨਿੰਦੀ ਨੂੰ ਬੁੱਕਲ ਵਿਚ ਲੈ ਕੇ ਹੰਝੂ ਕੇਰਦਾ ਰਿਹਾ।

"ਧੋਖਾ ਦੇ ਗੀ ਮੈਨੂੰ ਤੇਰੀ ਬੀਬੀ... ਕਿਮੇਂ ਅਖੀਰਲੇ ਕੋਹ ਪੂਰੇ ਕਰੂੰਗਾ... ਸੁੰਨੀ ਵਾਟ... ਹੁਣ ਤਾਂ ਮੈਂ ਰਾਹ ਈ ਭੁੱਲ ਜੂੰਗਾ... ਜਾਂ ਫੇਰ ਰੁਲ-ਖੁਲ ਕੇ ਇਹਨਾਂ ਰਾਹਾਂ 'ਚ ਈ ਕਿਧਰੇ ਗੁਆਚ ਜਾਊਂਗਾ... ਜੇ ਨਾਲ ਰਹਿੰਦੀ, ਗੱਲੀਂ-ਬਾਤੀਂ ਇਹ ਸਫ਼ਰ ਵੀ ਮੁਕਾ ਲੈਂਦੇ।" ਜਾਗਰ ਰੁਦਣ ਕਰਦਾ ਰਿਹਾ। ਦਿਨ ਪਹਾੜ ਜਿੱਡਾ ਲੱਗਦਾ ਤੇ ਰਾਤ ਉਸਤੋਂ ਵੀ ਵੱਡੀ। ਪਿੱਛਾ ਭੌਂ ਕੇ ਵੇਖਦਾ ਤਾਂ ਸੰਤੀ ਨਾਲ ਤੈਅ ਕੀਤੀ ਲੰਮੀ ਵਾਟ ਛੋਟੀ ਜਾਪਦੀ। ਅਗਾਂਹ ਵੇਖਦਾ ਤਾਂ ਪਿਛਲੇ ਪਹਿਰ ਦੀ ਥੋੜ੍ਹੀ ਵਾਟ ਕਈ ਗੁਣਾਂ ਲੰਮੀ।

ਸੰਤੀ ਨੂੰ ਮਰਿਆਂ ਕਈ ਦਿਨ ਬੀਤ ਗਏ। ਸਭਨਾਂ ਦੀ ਜ਼ਿੰਦਗੀ ਫੇਰ ਆਪਣੀ ਰਾਹ 'ਤੇ ਆ ਗਈ। ਪਰ ਬਾਬਾ ਜਾਗਰ ਹੁਣ ਭਮੰਤਰਿਆ ਜਿਹਾ ਰਹਿੰਦਾ। ਸਾਰੀਆਂ ਗੱਲਾਂ, ਸਾਰੇ ਚੋਜ ਮੁੱਕ ਗਏ। ਗੁਰਦੁਆਰੇ ਮੱਥਾ ਟੇਕਣ ਜ਼ਰੂਰ ਜਾਂਦਾ। ਹੁਣ ਦਰਵਾਜ਼ੇ ਮੂਹਰੇ ਖੰਘੂਰਾ ਨਾ ਮਾਰਦਾ। ਉਸਨੂੰ ਲੱਗਦਾ ਜਿਵੇਂ ਕਿਸੇ ਹੋਰ ਦੇ ਘਰ ਆ ਗਿਆ ਹੋਵੇ। ਜਵਾਕਾਂ ਦੇ ਹੱਥ ਖਿੱਲ੍ਹਾਂ ਧਰ ਦਿੰਦਾ। ਸੰਤੀ ਦੇ ਹਿੱਸੇ ਦੀਆਂ ਖਿੱਲ੍ਹਾਂ ਗੀਝੇ 'ਚ ਪਾ ਲੈਂਦਾ। ਸੱਥ ਵਾਲੇ ਕਹਿੰਦੇ "ਬਾਬੇ ਜਾਗਰਾ ਤਾਈ ਬਿਨਾਂ ਤੇਰੇ ਲੀੜਿਆਂ ਦੀ ਚਾਂਦੀ ਤਾਂ ਗੁਆਚਣੀ ਸੀ। ਹੁਣ ਤਾਂ ਤੇਰੇ ਕੁੜਤੇ ਦੇ ਗਦਾਮ ਵੀ ਗਵਾਚ ਗਏ। ਭਾਈ ਬੁੱਢੇ ਵਾਰੇ ਤੀਮੀਂ ਮੁੱਕਜੇ ਤਾਂ ਬੰਦਾ ਨਾ ਮਰਦਿਆਂ 'ਚ ਤੇ ਨਾ ਜਿਉਂਦਿਆਂ 'ਚ।" ਓਸ ਦਿਨ ਤੋਂ ਜਾਗਰ ਸੱਥ ਵਿਚ ਵੀ ਨਾ ਗਿਆ। ਮੈਲੇ ਜਿਹੇ ਕੱਪੜੇ ਕਈ ਦਿਨ ਪਾਈ ਰੱਖਦਾ। ਜੀਤ ਰੋਟੀ ਫੜਾ ਜਾਂਦਾ। ਕਦੇ ਖਾ ਲੈਂਦਾ। ਕਦੇ ਛੋਂਹਦਾ ਵੀ ਨਾ। ਭੁੱਖ ਮਰ ਗਈ ਸੀ। ਵੈਰਾਗ 'ਚ ਵਲਿਆ ਗਿਆ ਤੇ ਵੈਰਾਗੀ ਬਣ ਗਿਆ। ਕੇਸਾਂ ਦੀ ਜਟੂਰੀ ਜਿਹੀ ਬਣ ਕੇ ਕੋਠੜੀ 'ਚ ਬੈਠਾ ਹੂੰਗਦਾ ਰਹਿੰਦਾ। ਜਿਵੇਂ ਕੋਈ ਫ਼ਕੀਰ ਧੂਣੀ 'ਤੇ ਬੈਠਾ ਹੋਵੇ। ਨਿੱਕੀ ਜਿਹੀ ਗੁਥਲੀ ਲੱਕ ਨਾਲ ਬੰਨ੍ਹੀ ਰੱਖਦਾ। ਕਦੇ ਖੋਲ੍ਹ ਲੈਂਦਾ, ਕਦੇ ਕੱਛ 'ਚ ਦੇ ਲੈਂਦਾ। ਚਰਨੋਂ ਵੇਖ ਕੇ ਬੁੜ-ਬੁੜ ਕਰਦੀ।



"ਖੌਰੇ ਗੁਥਲੀ 'ਚ ਕੀ ਖਜ਼ਾਨਾ ਪਾਈ ਫਿਰਦੈ। ਹੋਉ ਕੋਈ ਟੂਮ ਛੱਲਾ। ਓਹ ਕਿਹੜਾ ਨਾਲ ਲੈਗੀ ਜਿਹੜਾ ਇਹ ਲੈਜੂ।"

ਅੱਜ ਵਿਸਾਖੀ ਦਾ ਮੇਲਾ ਸੀ। ਜੀਤ ਬਹੁਤ ਦੁਖੀ ਸੀ। ਬਾਪੂ ਨੂੰ ਤਾਂ ਹੁਣ ਮੇਲਾ ਚੇਤੇ ਵੀ ਨਹੀਂ। ਪਰ ਮੈਂ ਬਾਪੂ ਨੂੰ ਜ਼ਰੂਰ ਲੈ ਕੇ ਜਾਊਂਗਾ, ਚਾਹੇ ਕੰਧਾੜੇ ਬਹਾ ਕੇ ਨਾ ਲਜਾਵਾਂ। ਬਾਪੂ ਨੂੰ ਬੀਬੀ ਦੀ ਸੁੱਖਣਾ ਦਾ ਵਾਸਤਾ ਦੇ ਕੇ ਲੈਜੂੰਗਾ। ਫੇਰ ਸ਼ਾਇਦ ਬਾਪੂ ਜਾ ਵੜੇ। ਸੋਚਦਾ-ਸੋਚਦਾ ਰੋਟੀ ਲੈ ਕੇ ਜੀਤ ਬਾਪੂ ਦੀ ਕੋਠੜੀ 'ਚ ਆ ਗਿਆ। ਜਾਗਰ ਕੰਧ ਨਾਲ ਢਾਸਣਾ ਲਾਈ ਛੱਡ ਵੱਲ ਬਿਟਰ-ਬਿਟਰ ਵੇਖੀ ਜਾ ਰਿਹਾ ਸੀ। ਹੱਥਾਂ ਵਿਚ ਘੁੱਟ ਕੇ ਗੁੱਥਲੀ ਫੜੀ ਹੋਈ।

"ਬਾਪੂ... ਰੋਟੀ ਖਾ ਲੈ... ਅੱਜ ਚੱਲਾਂਗੇ ਮੇਲੇ ਤੇ। ਤੈਨੂੰ ਯਾਦ ਐ ਬੀਬੀ ਆਲੀ ਸੁਖਣਾ ਦਾ ਪ੍ਰਸਾਦ ਵੀ ਕਰਾਉਣਾ ਐ।"

ਜੀਤ ਨੇ ਥਾਲੀ ਮੂਹਰੇ ਰੱਖ ਕੇ ਬਾਪੂ ਨੂੰ ਹਲੂਣਿਆਂ। ਜਾਗਰ ਟੇਢਾ ਹੋ ਗਿਆ। ਉਹ ਤਾਂ ਕਦੋਂ ਦਾ ਦੁਨੀਆਂ ਵਾਲਾ ਮੇਲਾ ਵੀ ਛੱਡ ਗਿਆ ਸੀ। ਜੀਤ ਦੀਆਂ ਧਾਹਾਂ ਨਿਕਲ ਗਈਆਂ।

"ਬਾਪੂ ਕੇਹਾ ਵਿਸਾਖੀ ਵਾਲਾ ਮੇਲਾ ਉਡੀਕਦਾ ਸੀ ਤੂੰ, ਜਿਹੜਾ ਲੱਗਣੋਂ ਪਹਿਲਾਂ ਈ ਵਿਛੜ ਗਿਆ।"

ਚਰਨੋਂ ਭੱਜ ਕੇ ਆ ਗਈ। ਬਾਪੂ ਆਕੜਿਆ ਪਿਆ ਸੀ। ਚਰਨੋਂ ਨੇ ਜ਼ੋਰ ਲਾ ਕੇ ਗੁੱਥਲੀ ਖਿੱਚੀ। ਗੁਥਲੀ ਵਿਚਾਲਿਓਂ ਪਾਟ ਗਈ। ਗੁੱਥਲੀ ਦਾ ਖਜ਼ਾਨਾ ਖਿੱਲ੍ਹਰ ਗਿਆ। ਚਰਨੋਂ ਅੱਖਾਂ ਅੱਡੀ ਵੇਖ ਰਹੀ ਸੀ। ਬੀਬੀ ਦੀ ਐਨਕ, ਸਿਮਰਨ ਵਾਲੀ ਮਾਲਾ, ਪਾਟੇ ਜਿਹੇ ਰੁਮਾਲ ਵਿਚ ਬੰਨ੍ਹੇ ਸੁਖਣਾ ਦੇ ਪੈਸੇ, ... ਤੇ ਬੁੱਕ ਕੁ ਮਿੱਠੀਆਂ ਖਿੱਲ੍ਹਾਂ... ਇੱਟਾਂ ਦੇ ਫਰਸ਼ 'ਤੇ ਦੂਰ-ਦੂਰ ਤਕ ਖਿਲ੍ਹਰੇ ਪਏ ਸੀ।

# ਪੁਲਿਸ ਪੈਟਰੋਲ

ਜਨਵਰੀ ਦੇ ਮਹੀਨੇ ਦੀ ਧੁੰਦ ਨਾਲ ਕੱਜੀ ਸਵੇਰ। ਕੈਲੀ ਦੇ ਕਦਮ ਅੱਜ ਅਕੇਵੇਂ ਤੇ ਥਕੇਵੇਂ ਨਾਲ ਬੋਝਲ ਸਨ। ਹੁਣ ਇਹ ਥਕੇਵਾਂ ਸਦਾ ਹੀ ਉਸ 'ਤੇ ਭਾਰੂ ਰਹਿੰਦਾ। ਪਰ ਕਦੇ, ਪਿਆਰ ਦੀ ਸ਼ਿੱਦਤ ਉਸਨੂੰ ਥੱਕਣ ਨਹੀਂ ਸੀ ਦਿੰਦੀ। ਉਸਦੇ ਦਿਲ ਨੂੰ ਕਿਸੇ ਦੀ ਥੁੜ੍ਹ ਦਾ ਅਹਿਸਾਸ ਰਹਿੰਦਾ। ਅੱਖਾਂ ਨੂੰ ਅਜੀਬ ਤਾਂਘ ਹੁੰਦੀ। ਧੁਰ ਅੰਦਰ ਜਦੋਂ ਵਸਲ ਦੀ ਤੜਪ ਹੁੰਦੀ ਤਾਂ ਉਹ ਛੇਤੀ ਤੋਂ ਛੇਤੀ ਆਪਣੇ ਦਾਰੀ ਨੂੰ ਵੇਖਣ ਲਈ ਰਾਤ ਵੀ ਮਸਾਂ ਲੰਘਾਉਂਦੀ ਸੀ।

ਪਰ ਕੱਲ੍ਹ ਵਾਲੀ ਰਾਤ। ਕੱਲ੍ਹ ਕੀ ਹੁਣ ਤਾਂ ਹਰ ਰਾਤ ਇਹੀ ਹੁੰਦਾ। ਦਾਰੀ, ਕੈਲੀ ਨੂੰ ਸ਼ਰਾਬ ਪੀ ਕੇ ਕੁਟਾਪਾ ਚਾੜ੍ਹ ਦਿੰਦਾ। ਸੌ-ਸੌ ਗਾਲਾਂ ਕੱਢਦਾ। ਉਹ ਨੌਕਰੀ ਵੀ ਕਰਦੀ। ਕੁੱਟ ਵੀ ਸਹਿੰਦੀ। ਇਕ ਵਾਰ ਲਛਮਣ ਰੇਖਾ ਪਾਰ ਕਰਨ ਤੋਂ ਬਾਅਦ ਹੁਣ ਉਸਦੀ ਕਿਤੇ ਸੁਣਵਾਈ ਨਹੀਂ ਹੋ ਸਕਦੀ। ਹੁਣ ਤਾਂ ਦਾਰੀ ਦੀ ਹਰ ਵਧੀਕੀ ਉਸਨੂੰ ਸਹਿਣੀ ਪਵੇਗੀ।

ਰੋਟੀ ਵਾਲਾ ਡੱਬਾ ਚੁੱਕੀ। ਪਾਟੇ ਜਿਹੇ ਸ਼ਾਲ ਦੀ ਬੁੱਕਲ ਮਾਰੀ, ਫੈਕਟਰੀ ਵੱਲ ਨੂੰ ਤੁਰੀ ਜਾਂਦੀ ਕੈਲੀ ਇਹੀ ਸੋਚ ਰਹੀ ਸੀ।

ਸੜਕ ਉੱਤੇ ਦੂਰ-ਦੂਰ ਤਕ ਧੁੰਦ ਦਾ ਪਸਾਰਾ ਸੀ। ਕੋਈ ਟਾਂਵਾਂ-ਟਾਂਵਾਂ ਬੰਦਾ ਸੈਰ ਕਰਦਾ ਦਿਸ ਪੈਂਦਾ। ਅੰਦਰੋਂ ਇਕ ਹੋਰ ਭੈਅ ਕੈਲੀ ਨੂੰ ਖਾਈ ਜਾ ਰਿਹਾ ਸੀ, ਪੁਲਿਸ ਪੈਟਰੋਲ ਦਾ।

ਇਹ ਉਹ ਗੱਡੀ ਸੀ। ਜਿਹੜੀ ਹਰ ਰੋਜ਼ ਕੈਲੀ ਦੇ ਰਾਹ ਵਾਲੀ ਸੜਕ ਦੇ ਇਕ ਪਾਸੇ ਖੜ੍ਹੀ ਹੁੰਦੀ। ਕੈਲੀ ਨੂੰ ਰੋਜ਼ ਸਵੇਰੇ-ਸ਼ਾਮ ਇਸ ਗੱਡੀ ਕੋਲੋਂ ਦੀ ਲੰਘਣਾ ਪੈਂਦਾ। ਦੋ ਪੁਲਿਸ ਵਾਲੇ ਤਾਂ ਗੱਡੀ ਅੰਦਰ ਬੈਠੇ ਗੱਲਾਂ-ਬਾਤਾਂ ਵਿਚ ਰੁੱਝੇ ਹੁੰਦੇ, ਪਰ ਇਕ ਪਤਲਾ ਜਿਹਾ ਪੁਲਸੀਆ ਅਕਸਰ ਹੀ ਗੱਡੀ ਦੇ ਬਾਹਰ ਢੋਅ ਲਾਈ ਖੜ੍ਹਾ ਦਿਸਦਾ। ਵੇਖਣ ਨੂੰ ਤਾਂ ਮੁੰਡਾ-ਖੁੰਡਾ ਲੱਗਦਾ। ਮੂੰਹ ਤੋਂ ਸੜੀਅਲ ਜਿਹਾ।... ਜਿਵੇਂ ਕਦੇ ਕਿਸੇ ਨਾਲ ਹੱਸਿਆ ਈ ਨਾ ਹੋਵੇ। ਉਸਦੀਆਂ ਨਿੱਕੀਆਂ ਨਿੱਕੀਆਂ ਅੱਖਾਂ ਉਤਲੇ ਭਰਵੱਟੇ ਉਤਾਂਹ ਨੂੰ ਚੜ੍ਹੇ ਹੁੰਦੇ। ਜਦੋਂ ਵੇਖੋ, ਆਪਣੀਆਂ ਮੁੱਛਾਂ ਨੂੰ ਮਰੋੜਦਾ ਰਹਿੰਦਾ।

ਕੈਲੀ ਨੇ ਉਸਦਾ ਨਾਂ ਹੀ ਪੁਲਿਸ ਪੈਟਰੋਲ ਧਰ ਦਿੱਤਾ। ਕਈ ਵਾਰ ਉਸਨੇ ਫੈਕਟਰੀ ਜਾ ਕੇ ਆਪਣੇ ਨਾਲ ਕੰਮ ਕਰਦੀ ਆਸ਼ਾ ਨਾਲ ਇਹ ਗੱਲ ਸਾਂਝੀ ਕੀਤੀ।

..."ਮੈਨੂੰ ਬੜਾ ਹਰਖ ਆਉਂਦਾ, ਏਸ ਪੁਲਿਸ ਪੈਟਰੋਲ 'ਤੇ। ਇਕ ਤਾਂ



ਚੰਦਰਾ ਉਂ ਕਸੈਂਵਲਾ ਐ। ਉਤੋਂ ਪੁਲਸੀਆ। ਮੈਂ ਤਾਂ ਸੱਚੀਓ ਉਸਨੂੰ ਦੂਰੋਂ ਵੇਖ ਕੇ ਡਰ ਜਾਨੀ ਆਂ। ਐਨੀ ਸਦੇਹਾਂ, ਧੁੰਦ ਦੇ ਵੇਲੇ ਰਾਹ ਵਿਚ ਕੋਈ ਬੰਦਾ ਪਰਿੰਦਾ ਵੀ ਨੀ ਦੀਹਦਾ ਹੁੰਦਾ। ਨਾ ਜਾਣੀਏ ਕੋਈ ਗੱਲ ਹੋਜੇ...।"

ਅੱਜ ਫੇਰ ਪੁਲਿਸ ਪੈਟਰੋਲ ਪਾਸੇ ਖੜ੍ਹੀ ਗੱਡੀ ਨਾਲ ਢਾਸਨਾ ਲਾਈ ਖੜ੍ਹਾ ਸੀ। ਕੋਲੋਂ ਦੀ ਲੰਘਣ ਲੱਗਿਆਂ ਗੱਡੀ ਵਿਚ ਬੈਠੇ ਦੋ ਪੁਲਸੀਏ ਆਪਸ ਵਿਚ ਗੱਲ ਕਰਕੇ ਉੱਚੀ-ਉੱਚੀ ਹੱਸ ਪਏ। ਪਰ ਉਹ ਪੁਲਿਸ ਪੈਟਰੋਲ ਉਸੇ ਤਰ੍ਹਾਂ ਚੁੱਪ ਚਾਪ ਖੜ੍ਹਾ ਮੁੱਛਾਂ ਨੂੰ ਵਟ ਚੜ੍ਹਾਈ ਜਾਂਦਾ ਸੀ। ਕੈਲੀ ਸਿਰ ਹੇਠਾਂ ਕਰਕੇ ਗੱਡੀ ਕੋਲੋਂ ਦੀ ਲੰਘ ਗਈ। ਮਨ ਵਿਚ ਕਈ ਵਾਰੀ ਸੋਚ ਉੱਠਦੀ।... ਮੈਂ ਐਨੀ ਅਸੁਰੱਖਿਅਤ ਕਿਉਂ ਮਹਿਸੂਸ ਕਰਦੀ ਆਂ? ਜਦੋਂ ਵੀ ਏਸ ਗੱਡੀ ਦੇ ਨੇੜਿਓਂ ਦੀ ਲੰਘਦੀ ਹਾਂ ਤਾਂ ਡਰ ਕਿਉਂ ਜਾਨੀ ਆਂ?... ਹੁਣ ਤਾਂ ਹਰ ਬੰਦੇ ਕੋਲੋਂ ਦੀ ਲੰਘਣ ਵੇਲੇ ਇਸ ਤਰ੍ਹਾਂ ਦੇ ਭੈਅ ਦਾ ਅਹਿਸਾਸ ਹੁੰਦਾ...। ਜਦੋਂ ਦੀ ਦਾਰੀ ਨਾਲ ਵਿਆਹੀ ਆਂ,... ਸ਼ਾਇਦ ਮੈਨੂੰ ਹਰ ਮਰਦ ਤੋਂ ਹੀ ਨਫ਼ਰਤ ਹੋ ਗਈ। ...ਹਰ ਮਰਦ ਵਿਚ ਮੈਨੂੰ ਦਾਰੀ ਵਰਗਾ ਮਾੜਾ ਕਿਰਦਾਰ ਹੀ ਨਜ਼ਰ ਆਉਂਦੈ।

ਸੋਚਦੀ-ਸੋਚਦੀ ਕੈਲੀ ਯਾਦਾਂ ਦੇ ਇਤਿਹਾਸ ਦੇ ਪੰਨੇ ਫਰੋਲਣ ਲੱਗ ਪਈ।

ਉਸਨੂੰ ਯਾਦ ਸੀ ਉਹ ਫੈਕਟਰੀ ਦਾ ਪਹਿਲਾ ਦਿਨ। ਜਦੋਂ ਦਾਰੀ ਨੂੰ ਵੇਖ ਕੇ ਉਸਦੇ ਧੁਰ ਅੰਦਰ ਇਕ ਚਿਣਗ ਫੁੱਟ ਪਈ ਸੀ। ਇਕੋ ਯੂਨਿਟ ਵਿਚ ਕੰਮ ਕਰਦਿਆਂ-ਕਰਦਿਆਂ ਉਹ ਦਾਰੀ ਦੀ ਸੋਹਣੀ ਕੱਦ-ਕਾਠੀ ਤੇ ਮਸਤ, ਚਮਕਦਾਰ ਅੱਖਾਂ ਵਿਚ ਗੁਆਚ ਗਈ। ਉਸਦੇ ਅੰਦਰ ਪਿਆਰ ਵਾਲੀ ਰਮਜ਼ ਜਾਗ ਪਈ। ਅੱਭੜਵਾਹੇ ਹੀ ਉਸਨੇ ਮਾਸੂਮ ਖਾਬਾਂ ਨੂੰ ਦਿਲ ਵਿਚ ਵਸਾ ਲਿਆ।... ਕਿਵੇਂ ਨਾ ਵਸਾਉਂਦੀ ਪਿਆਰ ਦੇ ਖ਼ਾਬ। ਦਾਰੀ ਸੀ ਹੀ ਏਡਾ ਸੋਹਣਾ। ਉਸ ਨੂੰ ਤਾਂ ਦਾਰੀ ਸਾਰੇ ਬ੍ਰਹਿਮੰਡ ਵਿਚੋਂ ਸੋਹਣਾ ਲੱਗਦਾ। ਦਾਰੀ ਨੇ ਵੀ ਕੈਲੀ ਦੇ ਹੁਸਨ ਨੂੰ ਹੀਰ ਤੇ ਸੋਹਣੀ ਦਾ ਦਰਜਾ ਦੇ ਦਿੱਤਾ ਸੀ।

ਉਹ ਅਕਸਰ ਹੀ ਆਸ਼ਾ ਨੂੰ ਆਪ-ਮੁਹਾਰੀ ਪੁੱਛ ਬੈਠਦੀ, "ਅੜੀਏ, ਕੀ ਰਾਂਝਾ ਦਾਰੀ ਤੋਂ ਵੱਧ ਸੋਹਣਾ ਹੋਵੇਗਾ?"

ਬਾਂਹ ਤੇ ਪਏ ਨੀਲ ਵਿਚੋਂ ਚੀਸ ਉੱਠੀ ਤਾਂ ਉਸਨੇ ਸ਼ਾਲ ਵਿਚੋਂ ਬਾਂਹ ਬਾਹਰ ਕੱਢ ਲਈ। ਪਲੋਸਣ ਲੱਗ ਪਈ। ਫੇਰ ਹੱਥ ਵੀਣੀ 'ਤੇ ਆ ਕੇ ਰੁਕ ਗਿਆ। ਓਹੀ ਵੀਣੀ ਜਿਹੜੀ ਦਾਰੀ ਨੇ ਜਦੋਂ ਪਹਿਲੀ ਵਾਰੀ ਫੜ੍ਹੀ ਸੀ,... ਤਾਂ ਕੈਲੀ ਮੂੰਹੋਂ ਕੁਝ ਬੋਲ ਨਾ ਸਕੀ। ਉਸਦੇ ਚਿਹਰੇ ਨੂੰ ਤਕ-ਤਕ ਕੇ ਰੱਜਦੀ ਰਹੀ। ਦਾਰੀ ਪਿਆਰ ਦੀ ਭਾਸ਼ਾ ਬੋਲ ਰਿਹਾ ਸੀ। ਪਰ ਕੈਲੀ ਨੀਮ ਬੇਹੋਸ਼ੀ ਵਿਚ, ਦਾਰੀ ਦੀਆਂ ਤਲਿੱਸਮੀ ਗੱਲਾਂ ਵਿਚ ਗੁਆਚ ਗਈ।... ਉਸਦੀਆਂ ਨਸਾਂ ਵਿਚ ਵਹਿੰਦੇ ਲਹੂ ਦੀ ਤੇਜ਼ ਗਰਦਸ਼ ਨੇ ਬੱਸ ਇਹੀ ਕਿਹਾ ਸੀ... ਦਾਰੀ... ਹੁਣ ਤਾਂ ਮੇਰਾ ਮੁਕੱਦਰ... ਤੇਰੀਆਂ ਹਥੇਲੀਆਂ ਅੰਦਰ ਹੀ ਲਿਖਿਆ ਹੈ।

ਦਾਰੀ ਦੇ ਪਿਆਰ ਵਿਚ ਗ੍ਰਿਫ਼ਤਾਰ ਕੈਲੀ ਨੇ ਘਰਦਿਆਂ ਨਾਲ ਵੀ

ਬਗ਼ਾਵਤ ਕਰ ਦਿੱਤੀ। ਮਾਂ, ਪਿਓ ਨੇ ਉਸੇ ਦਿਨ ਆਪਣੀ ਧੀ ਨੂੰ ਤਿਆਗ ਦਿੱਤਾ। ਵੀਰ ਨੇ ਆਖਿਆ ਸੀ--- ਅੱਜ ਤੂੰ ਸਾਡੇ ਵਾਸਤੇ ਮਰਗੀ ਤੇ ਅਸੀਂ ਤੇਰੇ ਵਾਸਤੇ।

ਉਹ ਐਨੀ ਪਿਆਰ ਵਿਚ ਗੜੁੰਦ ਸੀ। ਕੁਝ ਵੀ ਨਾ ਸੁਣ ਸਕੀ। ਤੁਰ ਪਈ ਦਾਰੀ ਸੰਗ। ਉਸਦੀ ਵਿਆਹੁਤਾ ਬਣ ਕੇ।

ਪਰ, ਤ੍ਰਭਕ ਗਈ। ਜਿਵੇਂ ਕਿਆਸੇ ਸੁਪਨਿਆਂ ਦੀ ਰੇਸ਼ਮੀ ਚਾਦਰ ਹੇਠਾਂ ਕਿਸਮਤ ਨੇ ਅੰਗਾਰ ਬਾਲ ਦਿੱਤੇ ਹੋਣ। ਕਿੰਨੀ ਧੋਖੇਬਾਜ਼ ਸੀ ਤਲਿੱਸਮ ਦੀ ਦੁਨੀਆਂ। ਸੋਨੇ ਦੇ ਮਿਰਗ ਵਾਂਗ। ਉਸਨੂੰ ਰੇਸ਼ਮੀ ਖ਼ਾਬਾਂ ਦੀ ਧਰਤੀ ਨਹੀਂ ਮਿਲੀ। ਹਰ ਪਾਸੇ ਮਾਰੂਥਲ ਸੀ, ਜਿਹੜਾ ਉਸਦੇ ਨੈਣਾਂ ਦੇ ਨੀਰ ਨੂੰ ਸੋਖ਼ਦਾ ਰਿਹਾ। ਪਰ ਔੜ ਸਦਾ ਹੀ ਲੱਗੀ ਰਹੀ।

ਦਾਰੀ ਦੇ ਮੂੰਹ ’ਤੇ ਪਾਇਆ ਰੇਸ਼ਮੀ ਨਕਾਬ ਜਦੋਂ ਲੀਰੋ-ਲੀਰ ਹੋ ਗਿਆ ਤਾਂ ਕੈਲੀ ਨੂੰ ਪਤਾ ਲੱਗਿਆ,... ਕਿੱਡਾ ਕਰੂਪ ਸੀ ਉਹ। ਸ਼ਰਾਬੀ, ਭੈੜੀ ਸੰਗਤ ਵਿਚ ਵਿਚਰਨ ਵਾਲਾ,... ਜੂਏਬਾਜ਼। ਵਿਆਹ ਤੋਂ ਮਹੀਨੇ ਬਾਅਦ ਹੀ ਉਸਨੇ ਫੈਕਟਰੀ ਜਾਣਾ ਵੀ ਛੱਡ ਦਿੱਤਾ। ਦਿਨ-ਰਾਤ ਸ਼ਰਾਬ ਪੀਂਦਾ। ਘਰ ਦਾ ਗੁਜ਼ਾਰਾ ਸਿਰਫ਼ ਕੈਲੀ ਦੀ ਕਮਾਈ ’ਤੇ ਚੱਲਦਾ। ਉਹ ਵੀ ਮੁਸ਼ਕਿਲ ਨਾਲ। ਬਹੁਤੇ ਪੈਸੇ ਤਾਂ ਦਾਰੀ ਖੋਹ ਕੇ ਈ ਲੈ ਜਾਂਦਾ। ਹੁਣ ਤਾਂ ਉਹ ਆਪਣੀਆਂ ਨਜ਼ਰਾਂ ਵਿਚ ਹੀ ਸ਼ਰਮਸਾਰ ਸੀ।

ਅਤੀਤ ਦਾ ਝੋਰਾ ਕਰਦੀ-ਕਰਦੀ ਕੈਲੀ ਦੀਆਂ ਅੱਖਾਂ ਵਿਚੋਂ ਦੋ ਹੰਝੂ ਡਿੱਗ ਪਏ ਤੇ ਉਹ ਹੱਸ ਪਈ। ਆਪਣੇ ਆਪ ਨੂੰ ਲਾਹਨਤ ਪਾਉਣ ਲੱਗ ਪਈ।

...ਜੇ ਸੋਹਣੀ ਕੱਚੇ ਘੜੇ ’ਤੇ ਯਕੀਨ ਨਾ ਕਰਦੀ, ਤਾਂ ਕਦੇ ਝਨਾਂ ਵਿਚ ਨਾ ਡੁੱਬਦੀ।

---

ਸ਼ਾਮ ਦੇ ਪੰਜ ਵੱਜ ਗਏ। ਫੈਕਟਰੀ ਦਾ ਘੁੱਗੂ ਵੱਜ ਗਿਆ। ਉਹ ਬਾਹਰ ਫੈਲੀ ਧੁੰਦ ਨੂੰ ਵੇਖ ਕੇ ਡਰ ਗਈ। ਧੁੰਦ ਨੇ ਸੂਰਜ ਦੀ ਰੋਸ਼ਨੀ ਨੂੰ ਕੈਦ ਕਰ ਲਿਆ ਸੀ। ਹਨ੍ਹੇਰਾ ਪਸਰਿਆ ਹੋਇਆ। ਮਨ ਵਿਚ ਉਸੇ ਪੁਲਿਸ ਪੈਟਰੋਲ ਦਾ ਭੈਅ। ਕਿਵੇਂ ਪਹੁੰਚੇਗੀ ਘਰ? ਸੋਚ ਕੇ ਉਹ ਸੜਕ ’ਤੇ ਆ ਗਈ। ਜਦੋਂ ਵੀ ਆਉਣ-ਜਾਣ ਵਾਲੀਆਂ ਗੱਡੀਆਂ, ਕਾਰਾਂ ਦੀਆਂ ਲਾਈਟਾਂ ਉਸ ਦੀਆਂ ਅੱਖਾਂ ਵਿਚ ਪੈਂਦੀਆਂ ਤਾਂ ਡਰ ਜਾਂਦੀ। ਲੱਗਦਾ ਜਿਵੇਂ ਪੁਲਿਸ ਪੈਟਰੋਲ ਦੀ ਗੱਡੀ ਹੋਵੇ।

ਮਗਰ ਕਿਸੇ ਦੀ ਪੈੜਚਾਲ ਸੁਣ ਕੇ ਕੈਲੀ ਨੇ ਪਿੱਛਾ ਭੌਂਅ ਕੇ ਵੇਖਿਆ... ਓਹੀ ਸੜੀਅਲ ਜਿਹਾ ਪੁਲਿਸ ਪੈਟਰੋਲ ਉਸਦੇ ਪਿੱਛੇ-ਪਿੱਛੇ ਆ ਰਿਹਾ ਸੀ। ਕੈਲੀ ਦੀ ਰੂਹ ਤਕ ਕੰਬ ਗਈ। ਉਸਨੇ ਕਦਮ ਕਾਹਲੇ ਕਰ ਲਏ। ਫੇਰ ਪੈੜਚਾਲ ਸੁਣਨੀ ਬੰਦ ਹੋ ਗਈ। ਕੈਲੀ ਨੇ ਫੇਰ ਪਿੱਛਾ ਭੌਂ ਕੇ ਵੇਖਿਆ। ਮਗਰ ਕੋਈ ਨਹੀਂ ਸੀ। ਪੁਲਿਸ ਪੈਟਰੋਲ ਇਕ ਪਾਸੇ ਮੁੜ ਗਿਆ। ਸੜਕ ਦੇ ਕਿਨਾਰੇ ਉਸਦੀ ਗੱਡੀ ਖੜ੍ਹੀ ਸੀ। ਹਾਲੇ ਵੀ ਕੈਲੀ ਦਾ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ।

---



ਕੈਲੀ ਨੇ ਬੂਹੇ ਨੂੰ ਚੰਗੀ ਤਰ੍ਹਾਂ ਕੁੰਡੀ ਲਾ ਦਿੱਤੀ। ਅੰਦਰੋਂ-ਅੰਦਰੀ ਸਹਿਮੀ ਹੋਈ। ਇਹੀ ਸੋਚ ਰਹੀ ਸੀ... ਇਕੱਲਾ ਹੀ ਗੱਡੀਓਂ ਬਾਹਰ ਖਲੋਂਦਾ ਐ।... ਕਿਤੇ ਮੇਰਾ ਰਾਹ ਤਾਂ ਨੀ ਤਕਦਾ ਰਹਿੰਦਾ?... ਚੰਦਰਾ! ਮੈਨੂੰ ਈ ਉਡੀਕਦਾ ਰਹਿੰਦੈ।... ਰੱਬ ਕਰੇ ਮਰ ਜਾਣੇ ਨੂੰ ਤਾਪ ਈ ਚੜ੍ਹ ਜਾਵੇ। ਮੈਂ ਵੀ ਚਾਰ ਦਿਨ ਸੌਖੀ ਹੋ ਕੇ ਫੈਕਟਰੀ ਜਾਵਾਂ।

---

ਜ਼ੋਰ ਦੀ ਬੂਹੇ ਦੀ ਖੜਾਕ ਨੇ ਉਸਦੇ ਖ਼ਿਆਲ ਨੂੰ ਭੰਗ ਕਰ ਦਿੱਤਾ। ਕਿਤੇ ਪੁਲਿਸ ਪੈਟਰੋਲ ਤਾਂ ਨੀ ਆ ਗਿਆ। ਮਗਰਾ ਕਰਦੇ-ਕਰਦੇ ਨੇ ਜ਼ਰੂਰ ਮੇਰਾ ਘਰ ਲੱਭ ਲਿਆ ਹੋਣੈ।

ਸੋਚ ਕੇ ਕੈਲੀ ਨੂੰ ਐਨੀ ਠੰਡ ਵਿਚ ਵੀ ਤਰੇਲੀ ਆ ਗਈ। ਫੇਰ ਬੂਹੇ ਨੂੰ ਜ਼ੋਰ ਦੀ ਧੱਕਾ ਵੱਜਾ। ਦਾਰੀ ਦੀ ਆਵਾਜ਼ ਆਈ। ਕੈਲੀ ਨੇ ਸੁਖ ਦਾ ਸਾਹ ਲਿਆ। ਉਸਨੇ ਉੱਠ ਕੇ ਬੂਹਾ ਖੋਲ੍ਹਿਆ। ਦਾਰੀ ਬਹੁਤ ਪੀ ਕੇ ਆਇਆ ਸੀ। ਕੈਲੀ ਨੇ ਨਫ਼ਰਤ ਨਾਲ ਉਸਨੂੰ ਤੱਕਿਆ ਤੇ ਕਮਰੇ ਅੰਦਰ ਵੜ ਗਈ।

“ਕਿਧਰ ਜਾਨੀ ਐਂ...? ਪੈਸੇ ਚਾਹੀਦੈ ਨੇ।... ਫੜਾ ਦੋ ਚਾਰ ਸੌ ਰੁਪਈਆ...।” ਦਾਰੀ ਨੇ ਬਾਂਹ ਫੜ ਕੇ ਕੈਲੀ ਨੂੰ ਬਾਹਰ ਧਰੂਹ ਲਿਆ।

“ਹਾਲੇ ਤਨਖਾਹ ਨਹੀਂ ਮਿਲੀ।” ਡਰਦੀ ਕੈਲੀ ਨੇ ਬਾਂਹ ਛੱਡਣ ਲਈ ਆਖਿਆ।

“ਤਾਂ ਕੀ ਹੋਇਆ। ਮੈਨੂੰ ਪਤਾ ਐ... ਦੋ, ਚਾਰ ਸੌ ਤਾਂ ਕੱਢੇਂਗੀ।... ਖੱਲਾਂ ਖੂੰਝਾਂ ’ਚ ਸਾਂਭੀ ਬੈਠੀ ਹੋਵੇਂਗੀ।”

“ਜੇ ਖੂੰਝਾਂ ’ਚੋਂ ਥਿਆ ਜਾਵੇ, ਤਾਂ ਮੈਂ ਤੇਰੇ ਪਾਟੇ ਨਾ ਪਾਏ ਹੁੰਦੇ। ਮੈਂ ਤਾਂ ਆਪ ਤਨਖਾਹ ਉਡੀਕਦੀ ਆਂ। ਮੇਰੀ ਜੁੱਤੀ ਵੀ ਹੇਠੋਂ ਟੁੱਟੀ ਪਈ ਐ। ਤੁਰੀ ਜਾਂਦੀ ਦੇ ਰੋੜ ਚੁੱਭਦੇ ਨੇ।”

ਕੈਲੀ ਨੇ ਅੱਖਾਂ ਭਰ ਕੇ ਆਪਣੀ ਹਾਲਤ ਬਿਆਨ ਕੀਤੀ। ਸ਼ਾਇਦ ਦਾਰੀ ਨੂੰ ਤਰਸ ਆ ਜਾਵੇ।

ਦਾਰੀ ਮੰਜੇ ’ਤੇ ਡਿੱਗ ਪਿਆ। ਗਾਲ੍ਹਾਂ ਕੱਢਦਾ ਰਿਹਾ। “ਆਹੋ... ਮੈਂ ਭਾਵੇਂ ਮਰ ਜਾਂ... ਤੈਨੂੰ ਚਾਹੀਦੀ ਐ ਜੁੱਤੀ ਮਖਮਲ ਦੀ, ਵੱਡੀ ਹੀਰ ਨੂੰ...।”

---

ਦਾਰੀ ਬੇਸੁਰਤਾ ਮੰਜੇ ’ਤੇ ਪਿਆ ਸੀ। ਠਰੀ ਹੋਈ ਰਾਤ ਭਿਆਨਕ ਜਿਹੀ ਲੱਗ ਰਹੀ ਸੀ। ਕੈਲੀ ਦੀਆਂ ਅੱਖਾਂ ਵਿਚੋਂ ਇਕ-ਇਕ ਹੰਝੂ ਡਿੱਗ ਪੈਂਦਾ। ਫੇਰ ਅੱਖਾਂ ਵਿਚ ਖਲਾਅ ਪਸਰ ਜਾਂਦਾ। ਇਕ ਸੂਲ ਚੁੱਭਦੀ ਅੰਦਰ। ਹਕੀਕਤ ਦੀ। ਕਿੰਨੀ ਤਲਖ਼ ਹੁੰਦੀ ਐ ਹਕੀਕਤ। ਹੁਣ ਤਾਂ ਉਹ ਵੀ ਸਿਰ ਤੋਂ ਪੈਰਾਂ ਤਾਈਂ ਹਕੀਕਤ ਦੀਆਂ ਸੂਲਾਂ ਨਾਲ ਪਰੁੰਨ੍ਹੀ ਪਈ ਸੀ। ਦਾਰੀ ਦੀਆਂ ਹਥੇਲੀਆਂ ਵਿਚੋਂ ਆਪਣਾ ਮੁਕੱਦਰ ਲੱਭਦੀ-ਲੱਭਦੀ ਨੇ ਆਪਣੀ ਹਥੇਲੀ ਦੀਆਂ ਲਕੀਰਾਂ ਵੀ ਗੁਆ ਲਈਆਂ। ਸੋਚ ਰਹੀ ਸੀ- ਏਸ ਰਿਸ਼ਤੇ ਦੀ ਬੁਨਿਆਦ ਹੀ ਗਲਤ ਸੀ। ਏਸੇ ਨੂੰ ਤਾਂ ਕਹਿੰਦੇ ਨੇ ਜਵਾਨੀ ਅੰਨ੍ਹੀ ਐ। ਅੰਨੀ ਹੋਈ ਨੇ ਮਾਪੇ ਵੀ ਵਿਸਾਰ ਦਿੱਤੇ। ਇੰਜ ਲੱਗਦੈ ਕਈ ਵਰ੍ਹੇ

ਹੋ ਗਏ, ਪੇਕਿਆਂ ਦੀ ਗਲੀ ਮੂਹਰੋਂ ਵੀ ਨਹੀਂ ਟੱਪ ਸਕਦੀ। ਆਪਣਾ ਨਿੱਜ ਹੀ ਖਿੱਲਰਣ ਲੱਗ ਪੈਂਦਾ। ਲੋਕ ਭਾਖਿਆ ਤੋਂ ਡਰਦੀ। ਮਾਪਿਆਂ ਦੀ ਦਲੀਜ਼ ਟੱਪ ਕੇ ਏਸ ਨਰਕ ਵਿਚ ਆ ਗਈ। ਹੁਣ ਇਸ ਦਲੀਜ਼ ਨੂੰ ਟੱਪ ਕੇ ਤਾਂ ਕਿਤੇ ਵੀ ਜਾਣ ਜੋਗੀ ਨਹੀਂ। ਇਹਨਾਂ ਦਲੀਜ਼ਾਂ ਤੋਂ ਬਾਹਰ ਤਾਂ ਲੋਕ ਮੇਰੀ ਪੱਤ ਰੋਲ ਦੇਣਗੇ।... ਬਥੇਰੇ ਬੈਠੇ ਨੇ ਪੁਲਿਸ ਪੈਟਰੋਲ ਵਰਗੇ... ਅੱਖਾਂ ਟੱਡੀ। ਕਦੇ ਚਿੱਤ ਕਰਦੈ ਪੇਕੇ ਘਰ ਜਾ ਕੇ ਮਾਂ ਨੂੰ ਧਾਅ ਜੱਫੀ ਪਾ ਲਵਾਂ। ਧਾਹਾਂ ਮਾਰ-ਮਾਰ ਕੇ ਰੋਵਾਂ।... ਪਰ ਹੁਣ ਅਪਣੱਤ ਕਿੱਥੇ? ਉਹ ਤਾਂ ਮੈਂ ਮਾਰ ਦਿੱਤੀ। ਹਰ ਪਾਸੇ ਬੇਗਾਨਗੀ ਹੀ ਬੇਗਾਨਗੀ ਨਜ਼ਰ ਆਉਂਦੀ ਐ।

ਆਪਣੇ ਦੁੱਖ ਆਪ ਨਾਲ ਹੀ ਸਾਂਝੇ ਕਰਦੀ-ਕਰਦੀ ਨੂੰ ਪਤਾ ਹੀ ਨਹੀਂ ਲੱਗਿਆ ਕਦੋਂ ਪਹੁ-ਫੁਟਾਲਾ ਹੋ ਗਿਆ।

ਅੱਜ ਉਸ ਦਾ ਫੈਕਟਰੀ ਜਾਣ ਨੂੰ ਰਤਾ ਵੀ ਜੀਅ ਨਹੀਂ ਕਰਦਾ ਸੀ। ਕੱਲ੍ਹ ਵਾਲੀ ਘਟਨਾ ਨੇ ਅੰਦਰ ਇਕ ਵਹਿਮ ਪੈਦਾ ਕਰ ਦਿੱਤਾ। ਫੇਰ ਵੀ ਕੈਲੀ ਫੈਕਟਰੀ ਵੱਲ ਤੁਰ ਪਈ। ਦੂਰ ਗੱਡੀ ਖੋਖੇ ਲਾਗੇ ਖੜ੍ਹੀ ਨਜ਼ਰ ਆਈ। ...ਅੱਜ ਪੁਲਿਸ ਪੈਟਰੋਲ ਨਜ਼ਰ ਨਹੀਂ ਆ ਰਿਹੈ... ਸ਼ੁਕਰ ਐ, ਰੱਬ ਦਾ। ਮੇਰੀ ਨੇੜਿਉ ਸੁਣ ਲਈ। ਜ਼ਰੂਰ ਤਾਪ ਚੜ੍ਹ ਗਿਆ ਹੋਣੈ। ਕੈਲੀ ਦਾ ਭੈਅ ਖ਼ਤਮ ਹੋ ਗਿਆ। ਉਹ ਬੇਖ਼ੌਫ ਗੱਡੀ ਮੂਹਰੋਂ ਦੀ ਲਘ ਗਈ।

———

ਅੱਜ ਤਨਖਾਹ ਵੀ ਮਿਲ ਗਈ। ਪਰ ਕੈਲੀ ਨੇ ਵੀ ਮਨ ਵਿਚ ਧਾਰ ਲਿਆ ਸੀ-- ਦਾਰੀ ਨੂੰ ਇਕ ਰੁਪਈਆ ਵੀ ਨਹੀਂ ਦੇਣਾ, ਵੇਖੀ ਜਾਊ ਜੋ ਹੋਊ। ਪਹਿਲੋਂ ਜੁੱਤੀ ਖਰੀਦੇਗੀ। ਫੇਰ ਘਰਦਾ ਸਮਾਨ। ਸੋਚ ਕੇ ਉਹ ਕਾਹਲੇ ਕਦਮਾਂ ਨਾਲ ਘਰ ਵੱਲ ਤੁਰ ਪਈ। ਥੋੜ੍ਹੀ ਦੂਰ 'ਤੇ ਪੁਲਿਸ ਪੈਟਰੋਲ ਨਜ਼ਰ ਆ ਗਿਆ। ਉਸੇ ਤਰ੍ਹਾਂ ਗੱਡੀ ਨਾਲ ਢੋਅ ਲਾਈ ਖੜ੍ਹਾ। ਵੇਖਦਿਆਂ ਹੀ ਕੈਲੀ ਦੀ ਜਾਨ ਨਿਕਲ ਗਈ। ਪਰ ਉਸਨੂੰ ਸਾਹ ਪੈ ਗਿਆ, ਜਦੋਂ ਉਸਨੇ ਸਾਹਮਣੇ ਸੜਕ 'ਤੇ ਦਾਰੀ ਨੂੰ ਆਉਂਦਾ ਵੇਖ ਲਿਆ... ਭਾਵੇਂ ਕਿਹੋ ਜਿਹਾ ਵੀ ਐ, ਹੈ ਤਾਂ ਮੇਰਾ ਬੰਦਾ! ਸੋਚ ਕੇ ਕੈਲੀ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਲੱਗ ਪਈ।

ਦਾਰੀ ਨੇੜੇ ਆ ਕੇ ਸਾਇਕਲ ਤੋਂ ਉੱਤਰ ਗਿਆ।

"ਤਨਖਾਹ... ਤਨਖੂਹ ਮਿਲੀ ਕਿ ਨਹੀਂ...?" ਦਾਰੀ ਨੇ ਰੋਹਬ ਨਾਲ ਪੁੱਛਿਆ।

"ਹਾਂ, ਮਿਲ ਗਈ... ਪਹਿਲੋਂ ਮੈਂ ਉਧਾਰ ਸੁਧਾਰ ਮੋੜ ਦੇਵਾਂ। ਫੇਰ ਜੇ ਕੁਝ ਬਚਿਆ ਤਾਂ...।"

ਏਸ ਤੋਂ ਪਹਿਲਾਂ ਕੈਲੀ ਅਗਾਂਹ ਬੋਲਦੀ, ਸ਼ਰਾਬ ਨਾਲ ਰੱਜੇ ਦਾਰੀ ਨੇ ਸਾਇਕਲ ਪਰ੍ਹਾਂ ਸੁੱਟ ਦਿੱਤਾ ਤੇ ਕੈਲੀ ਦੀ ਧੌਣ 'ਤੇ ਦੋ ਜੜ੍ਹ ਦਿੱਤੀਆਂ।

"ਕੰਜਰ ਦੀ ਨੇ ਨਾਂਹ ਕਰਨੀ ਵੀ ਸਿੱਖ ਲੀ।"

ਪੁਲਿਸ ਪੈਟਰੋਲ ਭੱਜ ਕੇ ਨੇੜੇ ਆ ਗਿਆ। ਉਸਨੇ ਹਰਖ ਕੇ ਪੁੱਛਿਆ, "ਕੀ ਗੱਲ ਐ? ਕੌਣ ਐਂ ਤੂੰ...? ਸੰਗ ਨੀ ਆਉਂਦੀ ਜਨਾਨੀ 'ਤੇ ਹੱਥ ਚੁੱਕਦੈਂ।"

"ਮੇਰੀ ਜਨਾਨੀ ਐ!... ਤੇਰੀ ਤਾਂ ਨੀ!... ਓਏ! ਕਿਤੇ ਤੇਰੇ ਨਾਲ ਯਾਰੀ



ਤਾਂ ਨੀ ਲਾਈ ਫਿਰਦੀ... ਥੌਰੇ ਤਾਂਹੀ ਬਾਹਲੀ ਚਾਂਬਲੀ ਐ...।" ਦਾਰੀ ਨਸ਼ੇ ਵਿਚ ਗਾਲ੍ਹਾਂ ਕੱਢਣ ਲੱਗ ਪਿਆ।

ਕੈਲੀ ਸ਼ਰਮਸਾਰ ਹੋ ਰਹੀ ਸੀ... ਉਸਨੂੰ ਲੱਗ ਰਿਹਾ ਸੀ, ਜਿਵੇਂ ਦਾਰੀ ਦੀਆਂ ਗਾਲ੍ਹਾਂ ਨੇ ਉਸਨੂੰ ਪੁਲਿਸ ਪੈਟਰੋਲ ਅੱਗੇ ਨੰਗਾ ਕਰ ਦਿੱਤਾ ਹੋਵੇ।

ਪੁਲਿਸ ਪੈਟਰੋਲ ਲੋਹ-ਲਾਖਾ ਹੋ ਗਿਆ। ਉਸਨੇ ਦਾਰੀ ਨੂੰ ਕਿਹਾ-

"ਬਹੁਤੀ ਬਕਵਾਸ ਨਾ ਕਰ। ਏਥੇ ਮਜ੍ਹਮਾ ਲਾਉਣ ਦੀ ਲੋੜ ਨਹੀਂ। ਸਿੱਧਾ ਘਰ ਨੂੰ ਜਾਹ। ਨਾਲੇ ਬੰਦਿਆਂ ਵਾਂਗ ਆਪਣੀ ਜਨਾਨੀ ਨੂੰ ਲੈ ਕੇ ਜਾਹ।"

"ਹੱਛਾ!... ਏਸ ਬੈਤਲ 'ਤੇ ਬੜਾ ਤਰਸ ਆਉਂਦਾ ਤੈਨੂੰ। ਏਸ ਹਰਾਂਬੜ ਨੂੰ ਤਾਂ ਮੈਂ ਦੇਹਲੀ ਵੀ ਟੱਪਣ ਨੀ ਦਿੰਦਾ। ਇਹਦੇ ਕੋਈ ਅੱਗੇ ਨਾ ਪਿੱਛੇ।... ਪਤਾ ਲੱਗੂ ਜਦੋਂ ਮਰੀ ਸੜਕਾਂ 'ਤੇ ਰੁਲ-ਰੁਲ ਕੇ...।"

ਦਾਰੀ ਝਈਆਂ ਲੈ ਕੇ ਫੇਰ ਕੈਲੀ ਵੱਲ ਨੂੰ ਅਹੁੜਿਆ ਉਸਨੇ ਪੁਲਿਸ ਵਾਲੇ ਦਾ ਹਰਖ ਵੀ ਕੈਲੀ ਉੱਤੇ ਲਾਹ ਦਿੱਤਾ। ਦੋ ਚਪੇੜਾਂ ਕੈਲੀ ਦੇ ਮੂੰਹ 'ਤੇ ਜੜ੍ਹ ਦਿੱਤੀਆਂ।

ਹੁਣ ਪੁਲਿਸ ਵਾਲੇ ਦਾ ਗੁੱਸਾ ਵੀ ਬੇਕਾਬੂ ਹੋ ਗਿਆ। ਉਸਨੇ ਦਾਰੀ ਨੂੰ ਬਾਹੋਂ ਫੜ੍ਹ ਲਿਆ ਤੇ ਪਰ੍ਹਾਂ ਧੱਕਾ ਮਾਰਿਆ। ਨਾਲੇ ਢੂਈ ਵਿਚ ਦੋ, ਤਿੰਨ ਠੁੱਡੇ ਮਾਰੇ।

ਦਾਰੀ ਗਾਲ੍ਹਾਂ ਤੇ ਗਾਲਾਂ ਦੇਈ ਜਾ ਰਿਹਾ ਸੀ।

"ਵੱਡਾ ਖਸਮ...ਤੈਨੂੰ ਕਾਹਦੀ ਹਮਦਰਦੀ ਐ... ਏਸ ਕੰਜਰੀ ਨਾਲ...? ਤੇਰੀ ਕੀ ਲੱਗਦੀ ਐ...?"

"ਮੇਰੀ ਲੱਗਦੀ ਐ... ਭੈਣ। ਅੱਜ ਤੋਂ ਏਸ ਨੂੰ ਇਕੱਲੀ ਨਾ ਸਮਝੀਂ। ਜੇ ਬੰਦੇ ਦਾ ਪੁੱਤ ਐਂ ਤਾਂ ਲਾ ਫੇਰ ਹੱਥ ਮੇਰੀ ਭੈਣ ਨੂੰ। ਤੇਰੇ ਹੱਥ ਨਾ ਵੱਢ ਦੇਵਾਂ।"

ਕਹਿੰਦਿਆਂ-ਕਹਿੰਦਿਆਂ ਪੁਲਿਸ ਪੈਟਰੋਲ ਨੇ ਦੋ ਤਿੰਨ ਮੁੱਕੇ ਦਾਰੀ ਦੀ ਧੌਣ 'ਚ ਜੜ ਦਿੱਤੇ। ਫੇਰ ਹੇਠਾਂ ਡਿੱਗਿਆ ਰੋਟੀ ਵਾਲਾ ਡੱਬਾ ਚੁੱਕ ਕੇ ਕੈਲੀ ਦੇ ਹੱਥ ਫੜ੍ਹਾ ਦਿੱਤਾ ਤੇ ਕਹਿਣ ਲੱਗਾ-

"ਭੈਣੇ! ਤੂੰ ਨਿਧੜਕ ਹੋ ਕੇ ਘਰ ਜਾਹ। ਇਹਦੀ ਮਜ਼ਾਲ ਨੀ, ਜੇ ਤੈਨੂੰ ਅਗਾਂਹ ਨੂੰ ਹੱਥ ਲਾਵੇ। ਜੇ ਕੁਝ ਕਹੇ, ਤਾਂ ਮੈਨੂੰ ਦੱਸੀਂ, ਮੈਂ ਕਰੂੰ ਸਿੱਧਾ ਇਹਨੂੰ।... ਵੱਡਾ ਸ਼ਰਾਬੀ! ਅੱਜ ਵੀ ਤੇਰੇ ਕਰਕੇ ਬਖ਼ਸ਼ ਦਿੱਤਾ, ਨਹੀਂ ਤਾਂ ਅੱਜ ਏਸ ਨੂੰ ਮੈਂ ਥਾਣਾ ਵਖਾ ਦੇਣਾ ਸੀ।

... ਤੈਨੂੰ ਡਰਨ ਦੀ ਕੋਈ ਲੋੜ ਨਹੀਂ। ਮੇਰੀ ਡਿਊਟੀ ਏਸ ਹੱਦ 'ਤੇ ਪੱਕੀ ਐ। ਜਦੋਂ ਲੋੜ ਪਵੇ, 'ਵਾਜ਼ ਮਾਰ ਲਈਂ।"

———

ਕੈਲੀ ਪੁਲਿਸ ਪੈਟਰੋਲ ਵਾਲੇ ਦਾ ਮੂੰਹ ਤਕਦੀ ਰਹਿ ਗਈ। ਇੰਜ ਲੱਗਿਆ, ਜਿਵੇਂ ਉਸਨੇ ਆਪਣੇ ਮੂੰਹ ਤੋਂ ਨਕਾਬ ਉਤਾਰ ਕੇ ਉਸਦੇ ਨੰਗੇਜ਼ ਨੂੰ ਕੱਜ ਦਿੱਤਾ ਹੋਵੇ। ਕੈਲੀ ਦੀਆਂ ਅੱਖਾਂ ਨੇ ਉਸ ਬੇਨਕਾਬ ਦੇਵਤਾ ਚਿਹਰੇ ਦੇ ਦੀਦਾਰ ਕਰ ਲਏ। ਅੱਖਾਂ ਹੰਝੂਆਂ ਨਾਲ ਸਰੋਬਾਰ... ਬੁਲ੍ਹ ਫਰਕਦੇ ਹੋਏ... ਪਰ ਸ਼ਬਦ ਗੁਆਚ ਗਏ ਸਨ।

## ਬੰਦ ਗਲੀ

ਬੰਦ ਗਲੀ, ਸ਼ੇਰਪੁਰ ਕਸਬੇ ਦੇ ਬਿਲਕੁਲ ਵਿਚਕਾਰ ਸੀ! ਮੈਂ ਤੇ ਮੇਰੇ ਪਤੀ ਸੁਨੀਲ ਆਪਣੇ ਵਿਆਹ ਤੋਂ ਛੇ ਮਹੀਨੇ ਬਾਅਦ ਹੀ ਇਸ ਕਸਬੇ 'ਚ ਆ ਗਏ, ਕਿਉਂਕਿ ਸੁਨੀਲ ਦੀ ਬਦਲੀ ਕਿਸਾਨ ਬੈਂਕ ਵਿਚ ਹੋ ਗਈ। ਹਾਲੇ ਅਸੀਂ ਆਪਣੀ ਜ਼ਿੰਦਗੀ ਦਾ ਸਫ਼ਰ ਸ਼ੁਰੂ ਕਰਨਾ ਸੀ।

ਅਬਾਦੀ ਦੇ ਵਿਚਕਾਰ ਇਹ ਬੰਦ ਗਲੀ ਵਿੰਗੀ-ਤੜਿੰਗੀ ਤੇ ਭੀੜੀ ਜਿਹੀ ਸੀ। ਇੰਝ ਜਾਪਦਾ ਜਿਵੇਂ ਆਸੇ ਪਾਸੇ ਦੀਆਂ ਵੱਡੇ-ਵੱਡੇ ਮਕਾਨਾਂ ਵਾਲੀਆਂ ਗਲੀਆਂ ਨੇ, ਰਾਤ ਨੂੰ ਚੋਰੀ-ਚੋਰੀ, ਸੱਜਿਓਂ ਖੱਬਿਓਂ ਬੰਦ ਗਲੀ ਨੂੰ ਧੱਕਾ ਮਾਰ ਕੇ ਭੀੜਾ ਕਰ ਦਿੱਤਾ ਹੋਵੇ ਪਰ ਵਿਚਾਰੀ ਭੀੜੀ ਗਲੀ, ਆਪਣੀਆਂ ਬਾਹਵਾਂ ਵੀ ਨਹੀਂ ਨਿਸਾਰ ਸਕਦੀ ਸੀ। ਜਿਵੇਂ ਡਰਦੀ ਹੋਵੇ, ਕਿਧਰੇ ਓਸ ਅੰਦਰ ਵੱਸੇ ਨਿੱਕੇ ਨਿੱਕੇ ਘੁਰਨਿਆਂ ਵਰਗੇ ਪੁਰਾਣੇ ਘਰਾਂ 'ਚ ਤਰੇੜਾਂ ਨਾ ਪੈਣ ਜਾਣ। ਹੋਰ ਤਾਂ ਹੋਰ ਹਰ ਇਕ ਨਿੱਕੇ ਘਰ ਦੇ ਮੱਥੇ ਨੂੰ ਮੁਹਰਿਓਂ ਚੌੜੇ ਤੇ ਮੋਟੇ ਥੜ੍ਹੇ ਨਾਲ ਮੜ੍ਹ ਦਿੱਤਾ ਸੀ। ਤਾਂ ਜੋ ਨਿੱਕਾ ਹੋਣ ਦੇ ਬਾਵਜੂਦ ਓਹਦਾ ਰੋਅਬ ਜਿਹਾ ਬਣਿਆ ਰਹੇ। ਇਸ ਗਲੀ ਦਾ ਦੂਜਾ ਪਾਸਾ ਬਿਲਕੁਲ ਬੰਦ ਸੀ। ਇਕ ਅਜੀਬ ਜਿਹਾ ਦਮਘੋਟੂ ਮਾਹੌਲ। ਹਵਾ ਦਾ ਬੁੱਲ੍ਹਾ ਵੀ ਅੰਦਰ ਵੜ੍ਹਨ ਤੋਂ ਕਤਰਾਉਂਦਾ। ਇਸ ਥਾਂ ਤੇ ਕੁਝ ਵੀ ਕਾਬਿਲੇ ਤਾਰੀਫ਼ ਨਹੀਂ ਸੀ। ਸੁਨੀਲ ਨੇ ਜ਼ਰੂਰ ਹੋਰ ਵੀ ਤਾਂ ਪੱਖ ਵੇਖੇ ਹੋਣਗੇ। ਜਿਵੇਂ ਸਭ ਤੋਂ ਵੱਡੀ ਗੱਲ ਮੇਰੀ 'ਸੇਫ਼ਟੀ', ਨਾਲੇ ਸੁਨੀਲ ਦਾ ਬੈਂਕ ਪੈਦਲ ਮਸਾਂ ਇਕ ਕਿਲੋਮੀਟਰ ਸੀ।

ਰੋਜ਼ ਸਵੇਰੇ ਸਵੇਰੇ ਪੰਜ ਵਜੇ ਹੀ ਦਾਤਣ ਕਰਣ ਵਾਲਿਆਂ ਤੇ ਖੰਘਾਰਣ ਦੀਆਂ ਅਵਾਜ਼ਾਂ, ਕਿੱਧਰੇ ਜ਼ੋਰ ਜ਼ੋਰ ਦੀ ਬਹੁਕਰਾਂ ਰਗੜਣ ਦੀਆਂ ਅਵਾਜ਼ਾਂ, ਕਿਧਰੇ ਥਾਪੇ ਖੜਕਦੇ ਹੁੰਦੇ। ਮੇਰੇ ਉੱਠਣ ਤੋਂ ਪਹਿਲਾਂ ਹੀ ਲੋਕਾਂ ਨੇ ਕੱਪੜੇ ਧੋ ਕੇ ਬਨੇਰੇ 'ਤੇ ਪਾਏ ਹੁੰਦੇ। ਸੁਨੀਲ ਦੇ ਬੈਂਕ ਜਾਣ ਤੱਕ ਆਂਢ ਗੁਆਂਢ ਦੀਆਂ ਔਰਤਾਂ ਥੜ੍ਹੀਆਂ ਤੇ ਵਿਹਲੀਆਂ ਹੋ ਕੇ ਜੁੜਣੀਆਂ ਸ਼ੁਰੂ ਹੋ ਜਾਂਦੀਆਂ। ਹਰ ਥੜ੍ਹੇ 'ਤੇ ਆਪਣਾ ਆਪਣਾ ਗਰੁੱਪ ਜਿਹਾ ਬਣਾ ਕੇ ਬੈਠੀਆਂ ਹੁੰਦੀਆਂ।

ਸਾਡੇ ਮਕਾਨ ਮਾਲਕ, ਮੀਤ ਆਂਟੀ, ਟੀਚਰ ਰਿਟਾਇਰ ਹੋਏ ਸੀ। ਹੁਣ ਉਹ ਜ਼ਿਆਦਾ ਸਮਾਂ ਪਾਠ ਕਰਦੇ ਰਹਿੰਦੇ। ਉਨ੍ਹਾਂ ਦੇ ਪਤੀ, ਜਿਨ੍ਹਾਂ ਨੂੰ ਸਾਰੇ ਦਾਰ ਜੀ ਕਹਿੰਦੇ। ਉਨ੍ਹਾਂ ਦੀ ਬਜ਼ਾਰ ਵਿਚ ਕਿਤਾਬਾਂ ਦੀ ਦੁਕਾਨ ਸੀ। ਦੋਹੇਂ ਮੀਆਂ-ਬੀਬੀ ਸੱਠ ਕੁ ਵਰ੍ਹਿਆਂ ਦੇ ਨੇੜੇ ਸੀ। ਉਨ੍ਹਾਂ ਘਰੇ ਕੋਈ ਔਲਾਦ ਨਹੀਂ ਸੀ।

ਸਾਡੇ ਅਤੇ ਮੀਤ ਆਂਟੀ ਦੇ ਘਰ ਦੇ ਵਿਚਾਲੇ ਮਸਾਂ ਸੱਤ ਕੁ ਫੁੱਟ ਉੱਚੀ ਕੰਧ ਸੀ। ਜਿਹੜੀ ਸਿਰਫ਼ ਨਜ਼ਰ ਦੇ- ਓਹਲੇ ਦਾ ਕੰਮ ਕਰਦੀ। ਬਾਕੀ ਤਾਂ ਪੈਰੀਂ ਪਾਈਆਂ ਚੱਪਲਾਂ ਦਾ ਖੜ੍ਹਕਾ ਵੀ ਆਰ-ਪਾਰ ਸੁਣਦਾ। ਮੀਤ ਆਂਟੀ ਕੰਮ ਕਰਦੇ ਕਰਦੇ ਪਾਠ ਵੀ ਕਰਦੇ। ਉਨ੍ਹਾਂ ਦਾ ਬੜਾ ਸ਼ੁੱਧ ਤੇ ਮਿੱਠਾ ਬੋਲ ਮੇਰੇ ਕੰਨਾਂ ਤਕ ਸਾਫ਼ ਪਹੁੰਚਦਾ। ਆਂਟੀ ਨੂੰ ਸੁਖਮਨੀ ਸਾਹਿਬ, ਜਪੁਜੀ ਸਾਹਿਬ, ਰਹਿਰਾਸ ਸਾਹਿਬ ਤੇ ਕੀਰਤਨ ਸੋਹਿਲਾ ਸਭ ਕੰਠ ਸਨ।

ਮਈ ਦਾ ਮਹੀਨਾ ਸ਼ੁਰੂ ਹੋ ਗਿਆ। ਸਵੇਰ ਤੋਂ ਹੀ ਬਿਜਲੀ ਦੇ ਕੱਟ ਲੱਗ ਜਾਂਦੇ। ਬੰਦ ਗਲੀ ਵਿਚ ਰੌਲਾ ਜਿਹਾ ਪੈ ਜਾਂਦਾ, ਇੰਞ ਲੱਗਦਾ ਸਾਰੇ ਘਰਾਂ ਦੀਆਂ ਔਰਤਾਂ ਨੇ ਬਿਜਲੀ ਪੱਖਿਆਂ ਤੋਂ ਬਿਨਾਂ ਇਹ ਕਾਲ ਕੋਠੜੀਆਂ ਜਿਹੇ ਘਰਾਂ ਨਾਲ ਬਗ਼ਾਵਤ ਕੀਤੀ ਹੋਵੇ।

ਅੱਜ ਬਹੁਤ ਗਰਮੀ ਸੀ! ਮੈਂ ਵੀ ਬੈਠਕ ਦਾ ਬੂਹਾ ਤੇ ਬਾਰੀਆਂ ਖੋਲ੍ਹ ਦਿੱਤੀਆਂ। ਕਿਤਾਬਾਂ 'ਚ ਮਨ ਨਹੀਂ ਲਗਿਆ, ਮੈਂ ਥੜ੍ਹੇ 'ਤੇ ਖੜ੍ਹ ਗਈ। ਨਾਲ ਦੇ ਘਰ ਵਾਲੀ ਪਾਰੋ ਆਂਟੀ ਮੋਟਾ ਜਿਹਾ ਸਰੀਰ ਲੈ ਕੇ ਪੀੜੀ ਤੇ ਚੜ੍ਹੀ ਬੈਠੀ ਸੀ। ਆਂਟੀ ਆਪਣੇ ਮੋਟੇ-ਮੋਟੇ ਗਦੈਲੇ ਜਿਹੇ ਹੱਥਾਂ ਨਾਲ ਸਬਜ਼ੀ ਕੱਟ ਰਹੀ ਸੀ।

ਮੇਰੇ ਵੱਲ ਗੌਰ ਨਾਲ ਵੇਖ ਕੇ ਫੇਰ ਚਾਕੂ ਚਲਾਉਣ ਲੱਗ ਪਈ। "ਆ... ਜਾਓ..., ਕਦੇ ਤਾਂ ਬਾਹਰਲੀ ਹਵਾ ਲੈ ਲਿਆ ਕਰੋ।"

"ਆਂਟੀ, ਹਵਾ ਤਾਂ ਚਲਦੀ ਨੀ। ਬਿਜਲੀ ਨੇ ਬੜਾ ਤੰਗ ਕੀਤੈ ਐ।"

"ਕਦੇ, ਸੱਸ ਸੁਹਰੇ ਨੀ ਗੇੜਾ ਮਾਰਿਆ?"

"ਨਹੀਂ ਆਂਟੀ, ਪਾਪਾ ਜੀ ਬਿਮਾਰ ਰਹਿੰਦੇ ਨੇ, ਉਨ੍ਹਾਂ ਨੂੰ ਛੱਡ ਕੇ ਮੰਮੀ ਵੀ ਨੀ ਆ ਸਕਦੀ...

...ਛੋਟਾ ਦਿਓਰ ਐ, ਪੜ੍ਹਦਾ ਐ ਬੀ. ਏ. 'ਚ।"

ਇਨ੍ਹੇ ਨੂੰ ਅਖ਼ਰੀਲੇ ਘਰ 'ਚ ਰਹਿਣ ਵਾਲੀ ਰਾਣੀ ਬਾਹਾਂ ਮਾਰਦੀ ਪਹੁੰਚੀ। ਚਾਰ ਕੁ ਵਾਲ ਮਰੋੜ ਕੇ ਜੂੜੀਂ ਜਿਹੀ ਲਪੇਟੀ ਹੋਈ। ਕੱਦ ਦੀ ਲੰਮੀ ਤੇ ਚੌੜੀਆਂ ਜਿਹੀਆਂ ਨਾਸਾਂ। ਮੈਂ ਉਸਨੂੰ ਕਈ ਵਾਰੀ ਸਾਹਮਣੀ ਬੈਠਕ 'ਚ ਬਣੀ ਦੁਕਾਨ ਵਾਲੀ ਸ਼ੀਲਾ ਆਂਟੀ ਨਾਲ ਗੱਲਾਂ ਕਰਦਿਆਂ ਵੇਖਿਆ ਸੀ। ਉਹ ਜਦੋਂ ਗੱਲਾਂ ਕਰਦੀ ਤਾਂ ਕਈ ਵਾਰ ਨਾਸਾਂ ਫੁਲਾਉਂਦੀ, ਨਾਲੇ ਨਿੱਕੀਆਂ ਨਿੱਕੀਆਂ ਚਤਰੀਆਂ ਜਿਹੀਆਂ ਅੱਖਾਂ ਨੂੰ ਨਚਾਉਂਦੀ ਰਹਿੰਦੀ।

"ਆਂਟੀ ਕੀ ਬਣਾਈ ਜਾਂਦੇ ਓ?" ਉਹ ਮੈਨੂੰ ਨਜ਼ਰ ਅੰਦਾਜ਼ ਕਰਕੇ ਪਾਰੋ ਆਂਟੀ ਦੇ ਨਾਲ ਖੜ੍ਹ ਗਈ।

"ਕੀ ਬਣਾਉਣਾ ਐ ਆਹੀ ਸਬਜ਼ੀਆਂ ਨੇ ਟਿੰਡੇ, ਕੱਦੂ।"

ਪਾਰੋ ਆਂਟੀ ਦੀ ਨੂੰਹ, ਮਮਤਾ ਕੁਰਸੀ ਲੈ ਆਈ ਤੇ ਥੜ੍ਹੇ ਤੇ ਰੱਖ ਦਿੱਤੀ।

"ਨੀਤਾ ਦੀਦੀ ਆ ਜੋ, ਬੈਠ ਜਾਓ।"

ਉਸ ਨੇ ਜਿਸ ਆਦਰ ਨਾਲ ਕੁਰਸੀ ਰੱਖੀ ਸੀ, ਮੈਨੂੰ ਬੈਠਣਾ ਪਿਆ।



ਰਾਣੀ ਖੜੀ ਸੀ, ਉਹ ਅੰਦਰ ਤਕ ਸੜ੍ਹ ਗਈ।

"ਨਾ ਜੇ ਸਾਡੇ ਵਾਂਗੂੰ ਹੇਠਾਂ ਬੈ ਜੂ ਤਾਂ ਕੀ ਹੋ ਜੂ। ਇਹ ਭਾਈ ਵੱਡੇ ਲੋਕ ਨੇ। ਬਾਲ੍ਹੇ ਪੜ੍ਹੇ ਲਿਖੇ।" ਉਸਨੇ ਸਾੜੇ ਦਾ ਧੂੰਆਂ ਨਾਸਾਂ 'ਚੋਂ ਬਾਹਰ ਕੱਢਿਆ।

"ਚੰਗਾ ਆਂਟੀ, ਮੈਂ ਤਾਂ ਦੁਕਾਨ 'ਤੇ ਆਈ ਸੀ।" ਇਨਾਂ ਕਹਿ ਕੇ ਬਾਹਾਂ ਮਾਰਦੀ ਕਿਧਰੇ ਗੁਆਚ ਗਈ।

"ਪਾਰੋ ਆਂਟੀ ਹੱਸ ਪਏ, "ਵਾਹ ਨੀ ਰਾਣੀਏ, ਜੁਆਕ ਵਿਆਹੁਣ ਆਲੇ ਨੇ ਤੇ ਮਾਤੜਾਂ ਨੂੰ ਵੀ ਆਂਟੀ ਆਖੂ।"

ਲਾਈਟ ਆ ਗਈ। ਮੈਂ ਬੈਠਕ ਦਾ ਬੂਹਾ ਢੋਅ ਲਿਆ। ਮੇਰਾ ਮੂਡ ਖਰਾਬ ਹੋ ਗਿਆ। ਕਿਹੋ ਜਿਹੀ ਔਰਤ ਐ। ਏਸੇ ਕਰਕੇ ਮੇਰੇ ਮੰਮੀ ਫਿਕਰ ਕਰਦੇ ਸੀ ਕਿ ਮੇਰੀ ਧੀ ਨੇ ਸਾਰਾ ਸਮਾਂ ਹੋਸਟਲਾਂ 'ਚ ਈ ਕੱਢਤਾ, ਨਿਆਣ ਮੱਤ ਐ। ਲੋਕ ਬਹੁਤੇ ਚੁਸਤ ਨੇ। ਇਹ ਕੁੜੀ ਕਿਵੇਂ ਜਾਚ ਸਿੱਖੂ, ਓਪਰਿਆਂ 'ਚ ਰਹਿਣ ਦੀ। ਇਹਨੇ ਤਾਂ ਹਾਲੇ ਘਰ ਅਤੇ ਕਾਲਜ ਤੋਂ ਬਿਨਾਂ ਕਦੇ ਕਿਸੇ ਦੀ ਦੇਹਲੀ ਨੀ ਸੀ ਟੱਪੀ।

ਸੁਨੀਲ ਬੈਂਕ ਤੋਂ ਆ ਗਏ। ਅਸੀਂ ਰੋਟੀ ਖਾ ਕੇ ਟੀ. ਵੀ. ਦੇਖ ਰਹੇ ਸੀ। ਅਚਾਨਕ ਬਾਹਰੋਂ ਉੱਚੀ-ਉੱਚੀ ਸ਼ੋਰ ਦੀ ਆਵਾਜ਼ ਆਈ, ਲੱਗਿਆ ਜਿਵੇਂ ਕੋਈ ਲੜਾਈ ਝਗੜਾ ਹੋ ਰਿਹਾ ਹੋਵੇ। ਸੁਨੀਲ ਤੇ ਮੈਂ ਵੀ ਦਰਵਾਜ਼ਾ ਖੋਲ੍ਹ ਕੇ ਥੜ੍ਹੇ ਤੇ ਆ ਗਏ। ਸਾਰੀ ਬੰਦ ਗਲੀ ਇਕੋ ਥਾਂ ਇਕੱਠੀ ਹੋ ਗਈ।

ਸਾਡੇ ਘਰ ਦੇ ਸਾਹਮਣੇ, ਤੀਜੇ ਘਰ ਅੱਗੇ, ਇਕ ਚੌੜੇ ਜਿਹੇ ਚੁਗਾਠੇ ਵਾਲੀ ਜਨਾਨੀ ਉੱਚੀ-ਉੱਚੀ ਗਾਲ੍ਹਾਂ ਕੱਢ ਰਹੀ ਸੀ।

"ਮਮਤਾ ਕੀ ਹੋਇਆ?" ਨਾਲ ਖੜੀ ਮਮਤਾ ਨੂੰ ਮੈਂ ਨੇੜੇ ਹੋ ਕੇ ਪੁੱਛਿਆ। "ਦੀਦੀ ਇਹ ਜਥੇਦਾਰਨੀ ਐ ਬੜੀ ਲੜਾਕੀ। ਤੀਜੇ ਦਿਨ ਵਿਚਾਰੀ ਕਿਰਾਏਦਾਰਨੀ ਨੂੰ ਕਿਸੇ ਨਾ ਕਿਸੇ ਗੱਲ 'ਤੇ ਗਾਲ੍ਹਾਂ ਕੱਢ ਦਿੰਦੀ ਐ। ਮੈਨੂੰ ਲੱਗਦੈ ਅੱਜ ਵੀ ਇਹੀ ਕੁਝ ਕਰੀ ਜਾਂਦੀ ਐ। ਤੁਸੀਂ ਆਰਾਮ ਕਰੋ ਦੀਦੀ, ਆਪਾਂ ਨੂੰ ਪੁੱਛਣ ਦੀ ਲੋੜ ਈ ਨੀ। ਹੁਣ ਆਪੇ ਕੱਲ ਸਾਰੇ ਥੜ੍ਹਿਆਂ 'ਤੇ ਜਾਊ ਤੇ ਆਪੇ ਈ ਦੱਸੂਗੀ।" ਮੈਂ ਤੇ ਸੁਨੀਲ ਅੰਦਰ ਆ ਗਏ। ਸੁਨੀਲ ਹੱਸ ਕੇ ਬੋਲੇ, "ਆਹ ਤਾਂ ਨਵਾਂ ਈ ਤਮਾਸ਼ਾ ਐ, ਕੋਈ ਕਿਸੇ ਨਾਲ ਖੜ੍ਹੇ, ਬੋਲੇ, ਕਿਸੇ ਨੂੰ ਕੀ ਤਕਲੀਫ਼।"

ਅੱਜ ਫੇਰ ਸਵੇਰੇ ਈ ਲਾਈਟ ਚਲੀ ਗਈ। ਗਿਆਰਾਂ ਵੱਜ ਗਏ, ਅੰਤਾਂ ਦੀ ਗਰਮੀ ਸੀ। ਮੈਂ ਬੈਠਕ ਦਾ ਬੂਹਾ ਅੱਧਾ ਕੁ ਖੋਲ੍ਹ ਦਿੱਤਾ।

"ਨੀਤਾ ਦੀਦੀ ਆ ਜੋ ਬਾਹਰ, ਅੰਦਰ ਤਾਂ ਸਾਹ ਘੁੱਟਦੈ।" ਮਮਤਾ ਨੇ ਬਾਰੀ 'ਚੋਂ ਸੱਦਾ ਦਿੱਤਾ।

ਮੈਂ ਅਣਮੰਨੇ ਜਿਹੇ ਮਨ ਨਾਲ ਬਾਹਰ ਆ ਗਈ। ਪਾਰੋ ਆਂਟੀ ਕੋਲ ਪਹਿਲਾਂ ਹੀ ਜਥੇਦਾਰਨੀ ਖੜ੍ਹੀ ਸੀ। ਮੋਟੇ ਮੋਟੇ ਜਿਹੇ ਬੁੱਲ ਭਲਵਾਨੀ ਬੋਲੀ ਬੋਲਦੇ ਸਨ।

"ਬੈਤਲ ਮੇਰੇ ਕੋਲੋ ਦੀ ਟੱਪਦੀ ਐ ਤਾਂ ਮੂੰਹ ਮਰੋੜਦੀ ਐ, ਮੇਰੀ ਦਰਾਣੀ ਨਾਲ ਜੁੜ-ਜੁੜ ਬਹਿੰਦੀ ਐ। ਕਦੇ ਜ਼ੋਰ-ਜ਼ੋਰ ਦੀ ਸਕੂਟਰ ਦਾ ਹਾਰਨ ਮਾਰਦੀ ਐ...

ਕਦੇ ਸੂਟ ਜੇ ਪਾ ਪਾ ਮਚਾਉਂਦੀ ਐ। ਦਰਾਣੀ ਆਲੇ ਥੜ੍ਹੇ ਵਾਲਿਆਂ ਕੋਲ ਖੜ੍ਹ ਕੇ ਕੀ ਜ਼ੋਰ ਵਿਖਾਵਾ ਕਰਦੀ ਐ? ...ਕਿ ਮੇਰੇ ਖਿਲਾਫ਼ ਪੰਚੈਤ ਕੱਠੀ ਕਰਦੀ ਐ।" ਲਾਈਟ ਆ ਗਈ, ਮੇਰਾ ਤਾਂ ਸਿਰ ਦੁਖਣ ਲੱਗ ਪਿਆ। ਮੈਂ ਬੈਠਕ 'ਚ ਹੀ ਫੋਲਡਿੰਗ ਬੈਡ ਡਾਹ ਲਿਆ।

ਸੁਨੀਲ ਠੀਕ ਹੀ ਕਹਿੰਦੇ ਸੀ, ਕੋਈ ਕਿਸੇ ਨਾਲ ਬੋਲੇ, ਵਰਤੇ ਕਿਸੇ ਨੂੰ ਕੀ ਤਕਲੀਫ਼, ਪਰ ਜੇ ਬੀਮਾਂ ਕੰਪਨੀ ਵਾਲੀ ਦਰਾਣੀ ਕੋਲ ਬੈਠ ਗਈ ਜਾਂ ਸਕੂਟਰ ਦਾ ਹਾਰਨ ਜ਼ੋਰ ਦੀ ਵੱਜ ਗਿਆ ਜਾਂ ਚੰਗੇ ਕੱਪੜੇ ਪਾਉਂਦੀ ਹੈ ਤਾਂ ਜਥੇਦਾਰਨੀ ਨੂੰ ਤਾਂ ਕੁਝ ਨਹੀ ਕਿਹਾ। ਫੇਰ ਇਹ ਲੜੀ ਕਿਉਂ? ਐਨੇ ਬੋਲ ਕਬੋਲ ਕਿਉਂ ਕਰੀ ਜਾਂਦੀ ਹੈ... ਸ਼ਾਇਦ ਇਸ ਦੇ ਅੰਦਰਲੀ ਕੋਈ ਈਰਖਾ ਇਸ ਦੀ ਜੁਬਾਨ ਰਾਹੀਂ ਬਾਹਰ ਆਉਂਦੀ ਹੋਵੇ।"

ਲਾਈਟ ਫੇਰ ਚਲੀ ਗਈ। ਮੈਂ ਪਤਾ ਨਹੀ ਕਦੋਂ ਸੌਂ ਗਈ ਸੀ। ਪੱਖੇ ਬੰਦ ਹੋਣ ਨਾਲ ਮੈਂ ਪਸੀਨੇ 'ਚ ਗੜੁੱਚ ਹੋਈ, ਉਠ ਕੇ ਬੈਠ ਗਈ। ਦੁਪਹਿਰ ਦੀ ਖਾ ਜਾਣ ਵਾਲੀ ਗਰਮੀ ਕਰਕੇ ਮੈਂ ਫੇਰ ਬੂਹਾ ਖੋਲ੍ਹ ਦਿੱਤਾ।

ਜਥੇਦਾਰਨੀ ਓਹੀ ਸਟੋਰੀ ਸ਼ੀਲਾ ਆਂਟੀ ਦੇ ਥੜ੍ਹੇ ਵਾਲਿਆਂ ਨੂੰ ਸੁਣਾ ਰਹੀ ਸੀ ਤੇ ਰਾਣੀ ਵੀ ਸੁਆਦ ਲੈ-ਲੈ ਸੁਣੀ ਜਾਂਦੀ ਸੀ ਵਿਚਕਾਰ ਬਿਆਨ ਬਾਜ਼ੀ ਜ਼ਰੂਰ ਕਰਦੀ।

"ਆਂਟੀ ਜੀ ਤੁਸੀਂ ਈ ਭਲੇ ਓ, ਮੈਂ ਹੁੰਦੀ ਤਾਂ ਗੁੱਤ ਪੱਟ ਦਿੰਦੀ, ਫੇਰ ਵੇਖੀ ਜਾਂਦੀ, ਆਰ ਜਾਂ ਪਾਰ।"

ਮੀਤ ਆਂਟੀ ਆ ਗਏ, "ਸਤਿ ਸ੍ਰੀ ਅਕਾਲ ਆਂਟੀ।"

"ਸਤਿ ਸ੍ਰੀ ਅਕਾਲ ਬੇਟਾ ਜੀ" ਕੀ ਹਾਲ ਐ?

"ਆਂਟੀ ਬੱਸ ਗਰਮੀ ਨਾਲ ਬੁਰਾ ਹਾਲ ਐ, ਪੜ੍ਹਾਈ ਤਾਂ ਬਿਲਕੁਲ ਨਹੀ ਹੁੰਦੀ। ਇਕ ਉਹ ਔਰਤ ਸਵੇਰ ਦੀ ਜ਼ੋਰ-ਜ਼ੋਰ ਨਾਲ ਬੋਲੀ ਜਾਂਦੀ ਐ। ਪਤਾ ਨੀ ਕਿਉਂ ਐਨਾ ਬੋਲਦੀ ਐ?"

"ਬੇਟਾ ਇਹਦਾ ਹਰ ਦੋ ਮਹੀਨਿਆਂ ਮਗਰੋਂ ਰੌਲਾ ਰਹਿੰਦਾ ਹੈ। ਜੇ ਲੜ੍ਹ ਪਈ ਤਾਂ ਗਲ ਖ਼ਤਮ ਕਰੇ। ਪਰ ਨਹੀਂ, ਫੇਰ ਇਸਨੇ ਹਰ ਗਰੁੱਪ 'ਚ ਖੜ੍ਹੇ ਹੋ ਕੇ ਇਹੀ ਜਤਾਉਣਾ ਹੁੰਦਾ ਐ, ਵੀ ਮੈਂ ਸਹੀ ਆਂ, ਅਗਲਾ ਬੰਦਾ ਗਲਤ। ਓਹ ਵਿਚਾਰੀ ਬੀਮੇ ਵਾਲੀ ਲੇਡੀ, ਉਹ ਤਾਂ ਕਦੇ ਨੀ ਆਈ ਕਿਸੇ ਨੂੰ ਕੋਈ ਸ਼ਿਕਾਇਤ ਕਰਨ। ਜਿਵੇਂ ਉਸ ਨੂੰ ਤਾਂ ਕਿਸੇ ਨਾਲ ਕੋਈ ਗਿਲਾ ਹੀ ਨਹੀਂ।

"ਆਂਟੀ ਏਸ ਤਰਾਂ ਕਿਉਂ ਕਰਦੇ ਨੇ ਲੋਕ?" ਮੈਂ ਦੁਖੀ ਹੋ ਕੇ ਪੁੱਛ ਲਿਆ।

ਆਂਟੀ ਹੱਸ ਪਏ, "ਬੇਟਾ ਜੀ, ਹਰ ਥਾਂ 'ਤੇ ਚਰਚਾ ਓਹੀ ਕਰੁ ਜਿਹਦੇ ਆਪਣੇ ਵਿਚ 'ਸੈਲਫ਼ ਕਾਨਫੀਡੈਂਸ' ਨਾ ਹੋਵੇ।

ਸੱਚੇ ਬੰਦੇ ਨੂੰ ਤਾਂ ਕਿਸੇ ਕੋਲ ਜਾ ਕੇ ਸਹੀ, ਗਲਤ ਸਿੱਧ ਕਰਨ ਦੀ ਲੋੜ ਹੀ ਨੀ ਪੈਂਦੀ। ਬਾਕੀ ਬੇਟਾ ਜੀ, ਵਾਹਿਗੁਰੂ ਨੇ ਹਰ ਬੰਦੇ ਨੂੰ ਦਿਮਾਗ, ਕੰਨ, ਅੱਖਾਂ



ਦਿੱਤੀਆਂ ਨੇ। ਹਰ ਇਕ ਨੂੰ ਸਹੀ ਤੇ ਗਲਤ ਦੀ ਪਛਾਣ ਕਰਣੀ ਆਉਂਦੀ ਹੈ। ਬੱਸ ਗੱਲ ਇਹ ਹੈ ਕਿ ਸਾਰੇ ਸੁਣ ਕੇ ਹਾਂ, ਹੁੰ ਕਰ ਛੱਡਦੇ ਨੇ।"

ਆਂਟੀ ਚਲੇ ਗਏ। ਕਿੰਨਾ ਸੁਹਣਾ ਜਵਾਬ ਦਿੱਤਾ ਉਨ੍ਹਾਂ ਮੇਰੀ ਗੱਲ ਦਾ। ਕਿੰਨੀ ਅਨਮੋਲ ਸਿੱਖਿਆ ਗੱਲਾਂ 'ਚ ਮੈਨੂੰ ਦੇ ਗਏ।

ਅੱਜ ਸਵੇਰੇ ਤੋਂ ਹੀ ਬੱਦਲਾਂ ਨੇ ਹੁੰਮਸ ਕੀਤਾ ਹੋਇਆ ਸੀ, ਤੇ ਰੋਜ ਦੀ ਤਰ੍ਹਾਂ ਫੇਰ ਲਾਈਟ ਕਿਧਰੇ ਗੁਆਚ ਗਈ।

"ਨੀਤਾ",...ਸ਼ੀਲਾ ਆਂਟੀ ਮੇਰੇ ਬੂਹੇ ਅੱਗੇ ਖੜ੍ਹੇ ਸੀ। ਨੀਤਾ ਕੋਈ ਬੁਖ਼ਾਰ ਦੀ ਦਵਾਈ ਹੈਗੀ? ਮੇਰੀ ਪੋਤਰੀ ਐ ਜਿੰਮੀ। ਮੇਰੀ ਵੱਡੀ ਨੂੰਹ, ਬਾਹਰਲੇ ਘਰ ਰਹਿੰਦੀ ਐ, ਰਾਤ ਆਈਆਂ ਸੀ ਮਾਵਾਂ ਧੀਆਂ। ਹੁਣ ਕੁੜੀ ਨੂੰ ਬੁਖ਼ਾਰ ਹੋਇਆ ਪਿਐ। ਮੈਂ ਕਿਹਾ ਨੀਤਾ ਨੂੰ ਪੁੱਛਦੀਐਂ ਕੋਈ ਗੋਲੀ ਹੋਵੇ ਤਾਂ,

"ਹਾਂ ਜੀ ਆਂਟੀ, ਵੇਖਦੀ ਆਂ।"

ਮੈਂ ਗੋਲੀ ਲੱਭ ਕੇ ਬਾਹਰ ਆਈ ਤਾਂ ਇਕ ਜ਼ਿਆਦਾ ਹੀ ਪਤਲੀ ਜਿਹੀ ਗੋਰੀ ਚਿੱਟੀ ਔਰਤ ਸ਼ੀਲਾ ਆਂਟੀ ਨਾਲ ਖੜ੍ਹੀ ਸੀ। ਸ਼ਾਇਦ ਇਹ ਸ਼ੀਲਾ ਆਂਟੀ ਦੀ ਨੂੰਹ ਸੀ "ਭਾਬੀ ਜੀ ਅੱਧੀ ਗੋਲੀ ਦੇ ਦੇਵਾਂ, ਜਿੰਮੀ ਛੇਵੇਂ ਸਾਲ 'ਚ ਐ?

"ਹਾਂ ਜੀ, ਅੱਧੀ ਦੇ ਦਿਉ।"

ਮੀਂਹ ਪੈਣਾ ਸ਼ੁਰੂ ਹੋ ਗਿਆ। ਬਾਹਰ ਥੜ੍ਹਿਆਂ 'ਤੇ ਕੋਈ ਨਹੀਂ ਸੀ। ਸਭ ਵਾਛੜ ਕਰਕੇ ਅੰਦਰ ਹੋ ਗਏ ਪਰ ਮੈਨੂੰ ਥੜ੍ਹੇ 'ਤੇ ਇਕੱਲੇ ਖੜ੍ਹੇ ਹੋ ਕੇ ਇਸ ਮੀਂਹ ਵਿਚ ਹਲਕਾ ਹਲਕਾ ਭਿੱਜਣਾ ਚੰਗਾ ਲੱਗ ਰਿਹਾ ਸੀ।

"ਭਾਬੀ ਜੀ, ਵੇਖਿਓ ਬਿਮਾਰ ਨਾ ਹੋ ਜਾਇਓ।" ਦੂਰੋਂ ਸ਼ੀਲਾ ਆਂਟੀ ਦੀ ਵੱਡੀ ਨੂੰਹ ਆਪਣੀ ਬੱਚੀ ਨੂੰ ਲੈ ਕੇ ਖੜ੍ਹੀ ਸੀ।

ਗੱਲਾਂ ਕਰਦੀ ਕਰਦੀ ਉਹ ਆਪਣੀ ਬੱਚੀ ਨੂੰ ਚੁੰਨੀ ਦਾ ਓਹਲਾ ਕਰਕੇ ਭੱਜ ਕੇ ਮੇਰੇ ਕੋਲ ਆ ਗਈ। "ਆ ਜਾਓ, ਬੈਠੋ। ਕਿੰਨੀ ਪਿਆਰੀ ਬੇਟੀ ਐ ਤੁਹਾਡੀ, ਇਸ ਨੂੰ ਤਾਂ ਨਜ਼ਰ ਲੱਗੀ ਲਗਦੀ ਐ।" ਮੈਂ ਨੀਤਾ ਨੂੰ ਕਿਹਾ।

ਬੱਚੀ ਐਨੀ ਕੁ ਸੁਹਣੀ ਸੀ ਜਿਵੇਂ ਕਿਸੇ ਨੇ ਮੱਖਣ ਦੇ ਪੇੜੇ ਨੂੰ ਗੁੰਨ ਕੇ ਉਸ ਨੂੰ ਘੜਿਆ ਹੋਵੇ। ਉਹ ਕੂਲੀ ਕੂਲੀ ਤੇ ਰੇਸ਼ਮੀ ਰੇਸ਼ਮੀ ਸੀ। ਜੀ ਕਰਦਾ ਸੀ ਬੱਸ ਪਿਆਰ ਕਰੀ ਜਾਂਵਾ। ਮੈਂ ਉਸ ਨੂੰ ਗੋਦੀ 'ਚ ਬਿਠਾ ਲਿਆ।

ਏਨੇ 'ਚ ਮੀਤ ਆਂਟੀ ਆ ਗਏ। ਉਸ ਔਰਤ ਨੇ ਫਟਾਫਟ ਉੱਠ ਕੇ ਪੈਰੀ ਹੱਥ ਲਾ ਦਿੱਤੇ। ..."ਹੋਰ ਕਮਲ, ਜੀ ਲੱਗ ਗਿਆ ਨੋਹਰੇ 'ਚ ਤੇਰਾ?"

"ਆਂਟੀ, ਜੀ ਤਾਂ ਨੀ ਲੱਗਦਾ, ਪਰ ਪਾਰੋ ਆਂਟੀ ਤੋਂ ਬੜੀ ਬਚੀ ਆਂ...।"

ਕਮਲ ਨੇ ਕਹਿ ਕੇ ਆਪਣੇ ਦੋਵੇਂ ਕੰਨਾਂ ਨੂੰ ਹੱਥ ਲਾਏ।

"ਪਾਰੋ ਆਂਟੀ ਤਾਂ ਚੰਗੇ ਈ ਨੇ।" ਮੈਂ ਬਿਨਾਂ ਕਾਰਣ ਜਾਣੇ ਹੈਰਾਨੀ ਨਾਲ ਆਖਿਆ।

"ਭਾਬੀ ਜੀ ਦੋ ਕੁ ਮਹੀਨੇ ਠਹਿਰ ਜਾਓ, ਤੁਸੀਂ ਹਾਲੇ ਨਵੇਂ ਓ... ਐਡੀ

ਮਿੱਠੀ ਮੇਮਨੀ ਐ। ਪਹਿਲਾਂ ਤਾਂ ਤੁਹਾਨੂੰ ਪਰਖੂ ਗੀ, ਤੁਹਾਡੀਆਂ ਤਾਰੀਫ਼ਾਂ ਕਰੂਗੀ। ਫੇਰ ਚਾਸ਼ਨੀ 'ਚ ਲਬੇੜ ਲਬੇੜ ਮਿੱਠੀਆਂ ਮਿੱਠੀਆਂ ਗੱਲਾਂ ਕਰੂ। ਬੜੇ ਵਿਉਂਤੀ ਦਿਮਾਗ ਦੀ ਐ। ਤੁਹਾਨੂੰ ਲੱਗੂ ਜੋ ਕਹਿੰਦੀ ਹੈ, ਉਹ ਠੀਕ ਈ ਠੀਕ ਐ। ਦੋ ਬੰਦਿਆਂ ਨੂੰ ਲੜਾ ਦਿੰਦੀ ਐ, ਫੇਰ ਵਿਚ ਪੈ ਕੇ ਸੁਲਹਾ ਕਰਾਉਂਦੀ ਐ, ਨਾਲੇ ਆਖੂ ਇਉਂ ਨਾ ਲੜੋ, ਭੈੜਾ ਲੱਗਦਾ।

-ਮੈਨੂੰ ਤਾਂ ਇਹਨੇ ਪੰਜ ਸਾਲ ਅਜਿਹਾ ਤਪਾਇਆ, ਮੇਰੀਆਂ ਤਾਂ ਆਂਦਰਾਂ ਨੂੰ ਹੱਥ ਪਾਉਂਦੀ ਸੀ। ਅਖੇ ਤੇਰੀ ਕੁੜੀ ਵੱਡੀ ਹੁੰਦੀ ਜਾਂਦੀ ਐ। ਦੂਜਾ ਜੰਮ ਲੈ, ਕਿਸੇ ਡਾਕਟਰ ਕੋਲ ਜਾ ਵੜ। ਕੁੜੀ ਨੂੰ ਵੀ ਭਰਾ ਚਾਹੀਦੈ। ਜਵਾਕਾਂ 'ਚ ਬਾਹਲਾਂ ਅੰਤਰ ਚੰਗਾ ਨੀ ਹੁੰਦਾ। ਕੀ ਗੱਲ ਰਾਜੂ ਨੀ ਕਹਿੰਦਾ ਕਦੇ? ...ਪਾਰੋ ਕੀ ਜਾਣੇ, ਸਾਨੂੰ ਸਾਡੀ ਕੁੜੀ ਕਿੰਨੀ ਪਿਆਰੀ ਲਗਦੀ ਐ। ਮੁੰਡਾ ਚਾਹੀਦਾ ਐ ਕਹਿ ਕੇ ਇਹ ਮੇਰੀ ਧੀ ਦੀ ਬੇਇੱਜ਼ਤੀ ਕਰਦੀਆਂ ਨੇਂ। ਧੀ ਦਾ ਦਰਜਾ ਪੁੱਤ ਤੋਂ ਨੀਵਾਂ ਕਿਸ ਤਰ੍ਹਾਂ ਹੋ ਸਕਦੈ। ਅਸੀਂ ਤਾਂ ਵੇਖ ਵੇਖ ਜਿਉਂਦੇ ਆਂ, ਨਾਲੇ ਇਹ ਤਾਂ ਰੱਬ ਦੇ ਹੱਥ ਐ, ਇਹ ਤਾਂ ਰੱਬ ਨੂੰ ਵੀ ਵੰਗਾਰ ਦੀਆਂ ਨੇ। ਕਾਹਨੂੰ ਰੱਬ ਵੇਖਦਾ ਐ?

ਪਿਛਲੇ ਸਾਲ ਮੇਰੀ ਭਰਜਾਈ ਆਈ ਸੀ। ਉਸ ਨੂੰ ਫੜ ਕੇ ਬਹਿ ਗਈ... ਕੀ ਗੱਲ ਹਾਲੇ ਕੁਝ ਨੀ ਤੇਰੀ ਭਰਜਾਈ ਨੂੰ, ਤਿੰਨ ਵਰ੍ਹੇ ਹੋਗੇ ਉਹਨੂੰ ਕਹਿ ਮੁੰਡਾ ਜੰਮੇ। ਇਕ ਦਿਨ ਮੈਂ ਮਮਤਾ ਨੂੰ ਆਖਿਆ, ਸਮਝਾ ਲੈ ਇਹਨੂੰ। ਹਾਲੇ ਤਕ ਤਾਂ ਮੈਂ ਇੱਜਤ ਕੀਤੀ ਸੀ। ਮੈਨੂੰ ਨੀ ਛੱਡਦੀ ਠੀਕ ਐ, ਅਗਾਂਹ ਮੇਰੀ ਭਰਜਾਈ ਵਾਸਤੇ ਵੀ ਸਲਾਹਾਂ ਦੇਂਦੀ ਐ। ਪੁੱਛ ਇਹਨੂੰ ਤੇਰੇ ਚਾਰ ਭਰਾ ਸੀ... ਪਰ ਤੇਰੀ ਮਾਂ ਤੇਰੇ ਬੂਹੇ ਤੇ ਦੋ ਸਾਲ ਤਕ ਕੂਕਦੀ ਰਹੀ ਤੇਰੇ ਬੂਹੇ ਤੇ ਮਰੀ ਨਾਲੇ ਆਖ ਗਈ 'ਮੇਰੇ ਪੁੱਤ ਮੇਰੀ ਮਿੱਟੀ ਨੂੰ ਹੱਥ ਨਾ ਲਾਉਣ।' ਫੇਰ ਜਦੋਂ ਮੇਰੀ ਗੱਲ ਤੋਂ ਅੱਗ ਲੱਗੀ, ਤਾਂ ਪੁੱਛੋਂ ਮੀਤ ਆਂਟੀ ਨੂੰ ...ਫੇਰ ਇਨ੍ਹਾਂ ਕੋਲ ਭੱਜੀ ਆਈ, ਨਾਲੇ ਮੇਰੀ ਸੱਸ ਨੂੰ ਸੱਦ ਲਿਆ। ਅਖੇ, ਇਹ ਗੱਲ ਮਮਤਾ ਦੇ ਪੱਖ 'ਚ ਜਾਂਦੀ ਐ। ਏਹੇ ਜਿਹੀ ਗੱਲ ਕਰਕੇ, ਉਹ ਹਮਦਰਦੀ ਲੈਣ ਦੀ ਕੋਸ਼ਿਸ਼ ਕਰਦੀ ਐ...। ਭਲਾ ਮੈਨੂੰ ਇਨ੍ਹਾਂ ਦੀ ਹਮਦਰਦੀ ਦੀ ਕੀ ਲੋੜ, ਕਿ ਮੈਂ ਵੋਟਾਂ ਲੈਣੀਆਂ ਐ ਕਿਸੇ ਤੋਂ। ਨਾਲੇ ਪਾਰੋ ਤੇ ਤਾਂ ਲੋਕਾਂ ਨੂੰ ਬਾਹਲੀ ਹਮਦਰਦੀ ਕਰਨੀ ਚਾਹੀਦੀ ਐ ਉਸਦੇ ਘਰ ਵੀ ਦੋ-ਦੋ ਧੀਆਂ ਨੇ ਕੇ ਵਿਆਹ ਕੇ ਭੁੱਲਗੀ।" ਕਮਲ ਕਹਿੰਦੀ ਰੋਣ ਲੱਗ ਗਈ। ਆਂਟੀ ਵੀ ਅੱਖਾਂ ਪੂੰਝੀ ਜਾਂਦੇ ਸੀ। ਸ਼ਾਇਦ ਆਂਟੀ ਅੰਦਰ ਵੀ ਅਜਿਹਾ ਕੋਈ ਦਰਦ ਉਠ ਖਲੋਤਾ। "ਚੁੱਪ ਕਰ ਕਮਲ। ਨੀਤਾ, ਮੈਂ ਐਹਨੂੰ ਆਖਿਆ ਸੀ, ਚੁੱਪ 'ਚ ਈ ਫਾਇਦੈ।"

"ਆਂਟੀ ਪਰ ਜਦੋਂ ਲੋਕ ਤੁਹਾਡੇ ਬਹੁਤੇ ਪਰਸਨਲ ਮਸਲਿਆਂ ਨੂੰ ਡਿਸਕਸ ਕਰਦੇ ਨੇ ਫੇਰ ਉਨ੍ਹਾਂ ਨਾਲ ਇਹੋ ਈ ਚਾਹੀਦੈ। ਬੱਚਾ ਚਾਹੀਦਾ, ਕਦੋਂ ਚਾਹੀਦਾ ਤਾਂ ਫੈਸਲਾ ਇਹ ਤਾਂ ਪਤੀ ਪਤਨੀ ਦਾ ਹੈ। ਲੋਕ ਕਿਉਂ ਸਲਾਹਾਂ ਦਿੰਦੇ ਨੇ। ਕਿਉਂ ਦੂਜੇ ਦੇ ਭਵਿੱਖ ਦੀ ਚਿੰਤਾ ਰੱਖਦੇ ਨੇ। ਆਪਣਾ ਘਰ ਵੇਖਣ।"

"ਬੇਟਾ ਨਹੀਂ ਇਕ ਵੇਰ ਨਾਨਕਸਰ ਵਾਲੇ ਬਾਬੇ ਨੇ ਕਿਹਾ ਸੀ ਸਮੁੰਦਰ



ਕਿੰਨੇ ਵੱਡੇ ਹੁੰਦੇ ਨੇ ਅਥਾਹ ਪਾਣੀਆਂ ਨਾਲ ਭਰੇ, ਪਰ ਸ਼ਾਂਤ ਰਹਿੰਦੇ ਨੇ। ਪਰ ਨਦੀਆਂ ਬੜੀਆਂ ਛੋਟੀਆਂ ਹੁੰਦੀਆਂ ਹਨ ਤਾਂ ਹੀ ਉਛਲ-ਉਛਲ ਬਾਹਰ ਆਉਂਦੀਆਂ ਨੇ... ਬੇਟਾ, ਇਹ ਲੋਕ ਕੀ ਹਮਦਰਦੀ ਦੇਣਗੇ ਕਿਸੇ ਨੂੰ, ਦਰਦ ਤਾਂ ਭਾਂਵੇ ਹੀ ਦੇਣ।

ਆਂਟੀ ਦੁਖੀ ਜੇ ਹੋ ਕੇ ਚਲੇ ਗਏ ਤੇ ਕਮਲ ਵੀ, ਆਂਟੀ ਫੇਰ ਅੱਜ ਅਮੁੱਲ ਸਿੱਖਿਆ ਦੇ ਗਏ। ਕਿੰਨੇ ਸ਼ਾਂਤ ਸਨ ਮੀਤ ਆਂਟੀ। ਅਸਲ 'ਚ ਇਸ ਔਰਤ ਨੇ ਗੁਰੂਆਂ ਦੀ ਬਾਣੀ ਨੂੰ ਸਿਰਫ਼ ਪੜ੍ਹਿਆ ਜਾਂ ਕੰਠ ਈ ਨਹੀਂ ਕੀਤਾ, ਆਪਣੇ ਜੀਵਨ ਵਿਚ ਧਾਰ ਵੀ ਲਿਆ ਸੀ। ਮੀਤ ਆਂਟੀ ਵਰਗਾ ਸਬਰ ਨਹੀਂ ਪਾ ਸਕਦਾ ਕੋਈ। ਉਨ੍ਹਾਂ ਦੇ ਅੰਦਰ ਸੱਚਮੁੱਚ ਵਿਸ਼ਾਲ ਤੇ ਸ਼ਾਂਤ ਬਾਣੀ ਦਾ ਸਮੁੰਦਰ ਸੀ। ਜਦੋਂ ਕੋਈ ਮਮਤਾ ਵਰਗੀ ਮਾਂ ਦੀਆਂ ਆਂਦਰਾ ਵਲੂੰਦਰਦਾ ਐ, ਤਾਂ ਕਈ ਵਾਰ ਸੁਨਾਮੀ ਲਹਿਰਾ ਉਠ ਖੋਲ੍ਹਦੀਆਂ ਨੇ। ਮੈਂ ਸੋਚਦੀ ਸੋਚਦੀ ਸੌਂ ਗਈ।

ਤਿੰਨ ਵੱਜ ਗਏ... ਮੌਸਮ ਬਹੁਤ ਸੁਹਣਾ ਸੀ। ਲਾਈਟ ਚਲੀ ਗਈ... ਮੈਂ ਬੂਹਾ ਖੋਲ੍ਹ ਕੇ ਮਹਿਮਾਨਾਂ ਵਾਂਗ ਆ ਰਹੇ ਹਵਾ ਦੇ ਬੁੱਲ੍ਹਿਆਂ ਨੂੰ ਸੱਦਾ ਦੇ ਦਿੱਤਾ। ਨਹੀਂ ਤਾਂ ਅਕਸਰ ਉਹ ਬੰਦ ਗਲੀ ਤੋਂ ਖਫ਼ਾ ਰਹਿੰਦੇ।

"ਦੀਦੀ ਆ ਜੋ, ਅੱਜ ਤਾਂ ਮੌਸਮ ਬੜਾ ਈ ਸੁਹਣਾ ਐ।" ਮਮਤਾ ਨੇ ਰੋਜ਼ ਵਾਂਗ ਫੇਰ ਵਾਜ ਮਾਰ ਲਈ, ਪਾਰੋ ਆਂਟੀ ਤੇ ਰਾਣੀ ਥੜ੍ਹੇ ਤੇ ਬਿਰਾਜਮਾਨ ਸੀ। "ਸੁੱਤੇ ਪਏ ਸੀ...?" ਮਮਤਾ ਨੇ ਪੁੱਛਿਆ।

"ਨਹੀਂ ਮਮਤਾ, ਪੇਪਰ ਦੀ ਤਿਆਰੀ ਵੀ ਕਰਨੀ ਐ।"

"ਕਾਹਦੇ ਪੇਪਰ?" ਰਾਣੀ ਨੇ ਸਿਰ ਖੁਰਕਦਿਆਂ ਝੱਟ ਸਵਾਲ ਕੀਤਾ। "ਬੀ. ਐੱਡ. ਦੇ ਟੈਸਟ ਦੀ ਤਿਆਰੀ ਕਰਨੀ ਐ।"

"ਬਹੁਤ ਔਖਾ ਹੈ, ਮੇਰੀ ਭਰਜਾਈ ਨੇ ਤਾਂ ਦੋ ਵੇਰਾਂ ਦਿੱਤਾ। ਗੱਲ ਨੀ ਬਣੀ, ਫੇਰ ਮੇਰਾ ਭਰਾ ਕਹਿੰਦਾ ਕਿਉਂ ਮੱਥਾਂ ਮਾਰਦੀ ਐ ਤੈਨੂੰ ਕਿਤੇ ਰੋਟੀ ਨੀ ਮਿਲਦੀ। ਕੋਠੀ 'ਚ ਰਹਿਨੀਂ ਐ, ਕਾਰਾਂ 'ਤੇ ਚੜ੍ਹਦੀ ਐ, ਹੋਰ ਦੱਸ ਕੀ ਚਾਹੀਦੈ?" ਰਾਣੀ ਨੇ ਬਿਨ ਬਰੇਕੋਂ ਗੱਪ ਛੜੱਪ ਮਾਰ ਦਿੱਤੇ।

ਮਮਤਾ ਮੇਰੇ ਚਿਹਰੇ ਦੇ ਭਾਵ ਸਮਝ ਗਈ। ਮੈਂ ਏਸ ਗੱਲ ਤੋਂ ਥੋੜੀ ਜਿਹੀ ਉਦਾਸ ਜਿਹੀ ਹੋ ਗਈ। ਉਸ ਨੇ ਗੱਲ ਬਦਲਣ ਦੀ ਕੋਸ਼ਿਸ਼ ਕੀਤੀ, "ਦੀਦੀ ਥੋਡੇ ਵਾਲ ਬੜੇ ਲੰਮੇ ਐ। ਕੀ ਲਾਉਂਦੇ ਓ? ਮੈਨੂੰ ਵੀ ਦੱਸੋ... ਮੇਰੇ ਤਾਂ ਵਾਲ ਸਾਰੇ ਈ ਝੜੀ ਜਾਂਦੇ ਨੇ।"

"ਨਾ ਵਾਲ ਵਧਾ ਕੇ ਗਾਹਾਂ ਤੂੰ ਫ਼ਿਲਮਾਂ 'ਚ ਜਾਣਾ ਐ... ਬੈਠੀ ਰਹਿ ਚੁੱਪ ਕਰਕੇ।" ਰਾਣੀ ਨੇ ਅੱਖਾ ਝਮਕਾ ਕੇ ਕਿਹਾ।

"ਆਂਟੀ ਫੇਰ ਤੂੰ ਆਵਦੇ ਚਿੱਟਿਆਂ ਨੂੰ ਚਿੱਟੇ ਈ ਰਹਿਣ ਦੇ ਕਾਹਨੂੰ ਕਾਲਸ ਲਾਉਣੀ ਐ। ਤੂੰ ਵੀ ਮੇਰੇ ਨਾਲ ਫ਼ਿਲਮਾਂ 'ਚ ਜਾਣਾ ਐ। ਮਮਤਾ ਔਖੀ ਹੋ ਗਈ "ਚੰਗਾ ਬਾਬਾ ਗਲਤੀ ਹੋਗੀ... ਰਾਣੀ ਤਾਂ ਮਾੜੀ ਐ ਤੇ ਬਾਕੀ ਸਾਰੇ ਚੰਗੇ।" ਏਨਾ ਕਹਿ ਕੇ ਉਹ ਉੱਥੋਂ ਅਲੋਪ ਹੋ ਗਈ।

ਰਾਣੀ ਮੇਰੀ ਤਾਰੀਫ਼ ਸੁਣ ਕੇ ਧੁਰ ਤਾਂਈ ਮੱਚ ਗਈ। ਮੈਨੂੰ ਲੱਗਦਾ ਸੀ ਇਹ ਜਨਾਨੀ ਜਦੋਂ ਬੋਲਦੀ ਐ ਤਾਂ ਮੂੰਹੋ ਠੂੰਹੇ ਡਿੱਗਦੇ ਨੇ। ਕਦੇ ਆਪਣੇ ਆਪ ਤੋਂ ਬਿਨਾਂ ਕਿਸੇ ਨੂੰ ਸਲਾਹੁਣ ਜਾਂ ਸੁਣਨ ਦਾ ਮਾਦਾ ਨੀ ਰੱਖਦੀ। ਮਮਤਾ ਹਾਲੇ ਵੀ ਰਾਣੀ ਦੀਆਂ ਗੱਲਾਂ ਤੋਂ ਔਖੀ ਸੀ, "ਬੱਸ ਮੈਂ ਨਾ ਕਲਾਮ ਕੀਤਾ ਏਸ ਨਾਲ, ਆਪਣਾ ਤਾਂ ਅੱਜ ਤੋਂ ਏਸ ਜਨਾਨੀ 'ਤੇ ਕਾਟਾ।"

ਚਾਰ ਵੱਜਣ ਵਾਲੇ ਸੀ। ਮੈਂ ਸੋਚਿਆ ਅੱਜ ਸੁਨੀਲ ਦੇ ਆਉਣ 'ਤੇ ਬਰੈੱਡ ਪਕੌੜੇ ਬਨਾਉਂਗੀ। ਏਸ ਮੌਸਮ 'ਚ ਸੁਆਦ ਲਗਦੇ ਨੇ। ਮੈਂ ਸ਼ੀਲਾ ਆਂਟੀ ਤੋਂ ਬਰੈੱਡ ਲੈਣ ਚਲੀ ਗਈ। ਮੁੜਦਿਆਂ ਹੀ ਪਾਰੋ ਆਂਟੀ ਨੇ ਰੋਕ ਲਿਆ,

"ਕਿਧਰੋਂ ਆਈ ਐਂ?"

"ਆਂਟੀ ਬਰੈਡ ਲੈ ਕੇ ਆਈ ਆਂ। ਸੋਚਿਆ ਪਕੌੜੇ ਬਣਾ ਲਵਾਂ।"

"ਲੈ ਕੋਈ ਖੁਸ਼ਖਬਰੀ ਤਾਂ ਨੀ... ਜਿਹੜਾ ਪਕੌੜੇ ਖਾਣ ਨੂੰ ਚਿੱਤ ਕਰ ਪਿਆ? ਹੁਣ ਜੰਮ ਲੈ, ਸੁੱਖ ਨਾਲ ਵਿਆਹ ਨੂੰ ਸਾਲ ਹੋਣ ਦੇ ਨੇੜੇ ਐ।"

"ਨਹੀਂ ਆਂਟੀ, ਐਸੀ ਕੋਈ ਗੱਲ ਨਹੀਂ, ਹਾਲੇ ਤਾਂ ਮੇਰੀ ਪੜ੍ਹਾਈ ਵਿਚਾਲੇ ਪਈ ਐ।"

"ਲੈ ਮੈਂ ਪਾਲ ਦੂੰ ਬਥੇਰਾ, ਤੂੰ ਪੜ੍ਹੀ ਜਾਈਂ। ਨਾਲੇ ਬਾਹਲੀ ਦੇਰ ਪਾਈ ਤਾਂ ਠੀਕ ਨੀ। ਅੱਜ ਕੱਲ੍ਹ ਤਾਂ ਆਉਂਦੀਆਂ ਨੂੰ ਜੰਮ ਪਵੇ ਤਾਂ ਠੀਕ ਐ"

ਪਾਰੋ ਆਂਟੀ ਅੱਜ... ਜਹਿਰ ਭਰੇ ਤੀਰ ਮਾਰ ਰਹੀ ਸੀ...। ਪਾਰੋ ਆਂਟੀ ਨੂੰ ਤਾਂ ਜੱਚਾ ਬੱਚਾ ਕੇਂਦਰ ਵਿਚ ਨਰਸ ਹੋਣਾ ਚਾਹੀਦਾ। ਨਾਲੇ ਸਰਕਾਰ ਇਨ੍ਹਾਂ ਨੂੰ ਸਲਾਹਾਂ ਦੇ ਪੈਸੇ ਵੀ ਦੇ ਦਿੰਦੀ।

ਮੇਰੇ ਨਾਲ ਅੱਜ ਕਈ ਘਟਨਾਵਾਂ ਹੋ ਗਈਆਂ। ਦਿਮਾਗ 'ਚ ਇਨ੍ਹਾਂ ਲੋਕਾਂ ਨੇ ਖਲਲ ਪਾ ਦਿੱਤਾ। ਮੈਂ ਬਹੁਤ ਅਪਸੈੱਟ ਹੋ ਗਈ। ਪਤਾ ਨਹੀਂ ਮੀਤ ਆਂਟੀ ਕਿਵੇਂ ਸ਼ਾਂਤ ਹੋ ਜਾਂਦੇ ਨੇ... ਉਨ੍ਹਾਂ ਨੂੰ ਪਤਾ ਨੀ ਕਿਉਂ ਗੁੱਸਾ ਨਹੀਂ ਆਉਂਦਾ। ਕਿਹੋ ਜਿਹੇ ਲੋਕ ਰਹਿੰਦੇ ਨੇ ਏਥੇ? ਸ਼ਾਇਦ ਬੰਦ ਗਲੀ ਵਾਂਗ ਇਨ੍ਹਾਂ ਦੇ ਦਿਮਾਗ ਵੀ ਬੰਦ ਹਨ। ਇਨ੍ਹਾਂ ਦੀ ਸੋਚ ਵੀ ਬੰਦ ਗਲੀ ਵਾਂਗ ਬਹੁਤ ਹੀ ਭੀੜੀ ਹੈ। ਇਕ ਦੂਜੇ ਦੀਆਂ ਜ਼ਿੰਦਗੀਆਂ 'ਚ ਝਾਕਦੇ ਰਹਿੰਦੇ ਨੇ, ਮੇਰੀ ਜੀਅ ਕੀਤਾ ਅੱਜ ਗਲੀ ਨੂੰ ਬੰਦ ਕਰਨ ਵਾਲੀ ਕੰਧ ਨੂੰ ਸੱਬਲ ਮਾਰ ਮਾਰ ਕੇ ਢਾਹ ਦੇਵਾਂ, ਤਾਂ ਜੋ ਇਹ ਵੀ ਇਸ ਦੇ ਆਰ ਪਾਰ ਦੂਰ ਤਕ ਵੇਖ ਸਕਣ, ਕਿਓਂਕਿ ਦੁਨੀਆਂ ਤਾਂ ਹੁਣ ਹੋਰ ਪਰ੍ਹੇ ਹੋਰ ਪਰ੍ਹੇ ਪਹੁੰਚ ਚੁੱਕੀ ਸੈ, ਪਰ ਇਹ ਲੋਕ...। ਮੇਰਾ ਜੀਅ ਕਰਦਾ ਸੀ ਇਨ੍ਹਾਂ ਦੀ ਖੋਪੜੀਆਂ ਖੋਹਲ ਕੇ ਦਿਮਾਗ 'ਚ ਪਏ ਵੱਟਾਂ ਨੂੰ ਥੋੜਾ ਥੋੜਾ ਚੌੜਾ ਕਰ ਦੇਵਾਂ... ਸ਼ਾਇਦ ਇਨ੍ਹਾਂ ਦੀ ਸੌੜੀ ਸੋਚ ਚੌੜੀ ਹੋ ਜਾਵੇ। ਮੈਂ ਅੰਦਰੀ ਦੁੱਖੀ ਹੁੰਦੀ ਰਹੀ।

ਮੈਂ ਥੋੜੇ ਜਿਹੇ ਪਕੌੜੇ ਮੀਤ ਆਂਟੀ ਦੇ ਘਰ ਲੈ ਆਈ। ਆਂਟੀ ਕਿਤਾਬ ਪੜ੍ਹ ਰਹੇ ਸਨ।

"ਆਂਟੀ ਪਕੋੜੇ ਖਾਓ"



"ਆ ਜਾਓ, ਬੇਟਾ ਬੈਠੋ...। ਕੀ ਗੱਲ ਉਦਾਸ ਕਿਉਂ ਹੋ...? ਆਂਟੀ ਦੇ ਪੁੱਛਣ ਦੀ ਦੇਰ ਸੀ, ...ਮੈਂ ਜ਼ੋਰ ਜ਼ੋਰ ਨਾਲ ਰੋਣਾ ਸ਼ੁਰੂ ਕਰ ਦਿੱਤਾ।

"ਆਂਟੀ ਮੈਂ ਤੁਹਾਨੂੰ ਡਿਸਟਰਬ ਕਰ ਦਿੱਤਾ। ਦਰਅਸਲ ਇਕ ਤਾਂ ਮੈਂ ਘਰ 'ਮਿਸ' ਕਰਦੀ ਆਂ। ਦੂਜਾਂ ਇੱਥੋਂ ਦੀਆਂ ਔਰਤਾਂ ਨੇ ਬਿਨਾਂ ਮਤਲਬੋਂ ਮੈਨੂੰ 'ਮੈਂਟਲ ਟਾਰਚਰ' ਕੀਤਾ।

"ਬੇਟਾ ਜੀ, ਲੋਕਾਂ ਨੂੰ ਨਾ ਸੁਣੋ! ਜੇ ਸੁਣ ਲਵੋ ਤਾਂ ਭੁੱਲਣ ਦੀ ਕੋਸ਼ਿਸ਼ ਕਰੋ। ਲੋਕ ਤਾਂ ਸਦਾ ਤੁਹਾਨੂੰ ਤੁਹਾਡੇ ਮਕਸਦ ਤੋਂ ਪਾਸੇ ਖਿੱਚਣਗੇ... ਤੁਹਾਡੇ ਅੰਦਰ ਖਲਲ ਮਚਾਉਣਗੇ। ਇਨ੍ਹਾਂ ਨੂੰ ਰੱਬ ਨੇ ਇਹੀ ਡਿਊਟੀ ਦਿੱਤੀ ਹੈ, ਪਰ ਤੁਸੀਂ ਤਾਂ ਆਪਣਾ ਮਕਸਦ ਨਾ ਭੁੱਲੋ। ਇਨ੍ਹਾਂ ਕੋਲ ਕੋਈ ਆਹਰ ਨਹੀਂ। ਬਾਕੀ ਰਹੀ ਰਾਣੀ ਦੀ ਗੱਲ... ਉਸਦੀ ਸੋਚ ਤਾਂ ਹਰ ਇਕ ਪਾਸੇ ਨੈਗਟਿਵ ਹੈ, ਜੇ ਉਹ ਕਹਿੰਦੀ ਹੈ। ਬੀ. ਐਡ. ਟੈਸਟ ਵਿਚੋਂ ਪਾਸ ਨਹੀਂ ਹੋ ਸਕਦੀ ਤਾਂ ਤੁਸੀਂ ਫੇਰ ਉਸਦੀ ਨੈਗੇਟਿਵ ਗੱਲ ਨੂੰ ਪਾਜ਼ੇਟਿਵ ਕਰ ਦਿਓ। ਤੁਹਾਡੇ ਆਲੋਚਕ, ਕਈ ਵਾਰੀ ਤੁਹਾਡੀ ਜ਼ਿੰਦਗੀ ਨੂੰ ਨਵੀਆਂ ਰਾਹਾਂ ਦੇ ਦਿੰਦੇ ਨੇ... ਠੀਕ ਐ ਨਾ... ਉਨ੍ਹਾਂ ਨੂੰ ਆਪਣੇ ਉੱਤੇ ਹਾਵੀ ਨਾ ਹੋਣ ਦਿਓ। ਚੰਗਾ ਹੁਣ ਮੂਡ ਠੀਕ ਕਰੋ।"

ਆਂਟੀ ਹੱਸ ਪਏ "ਆਂਟੀ ਮੈਂ ਤਾਂ ਕਦੇ ਮਾੜੀ ਨੀ ਆਖੀ, ਫੇਰ ਮੈਨੂੰ ਈ ਕਿਉਂ 'ਡਿਸਟਰਬ' ਕਰਦੇ ਨੇ?"

"ਬੇਟਾ ਤੁਸੀਂ ਹਰ ਪੱਖੋਂ ਉਨ੍ਹਾਂ ਤੋਂ ਉਚਾਈ 'ਤੇ ਖੜ੍ਹੇ ਓ, ਉਨ੍ਹਾਂ ਨੂੰ ਵਾਹਿਗੁਰੂ ਨੇ ਕੋਈ ਅਜਿਹੀ ਪੌੜੀ ਨਹੀਂ ਬਖਸ਼ੀ, ਜੋ ਉਹ ਤੁਹਾਡੇ ਬਰਾਬਰ ਆ ਕੇ ਖੜ੍ਹ ਜਾਣ। ਸੋ ਤੁਸੀਂ ਜਾਣਦੇ ਈ ਓ।

ਹੱਥ ਨ ਅਪੜੇ, ਥੂਹ ਕੌੜੀ

ਅੱਜ ਆਂਟੀ ਨੇ ਮੈਨੂੰ ਹਰ ਬੋਝ ਤੋਂ ਮੁਕਤ ਕਰ ਦਿੱਤਾ। ਮੇਰੇ ਅੰਦਰਲਾ ਤੁਫ਼ਾਨ ਸ਼ਾਂਤ ਹੋ ਗਿਆ। ਮੇਰੇ ਅੰਦਰ ਇਕ ਊਰਜ਼ਾ ਭਰ ਦਿੱਤੀ। ਮੈਂ ਵਾਪਿਸ ਆ ਗਈ।

"ਹਾਂ ਜੀ! ਆ ਗਏ? ...ਸੁਨੀਲ ਕੁਮਾਰ ਜੀ।" ਸੁਨੀਲ ਹੱਸ ਪਏ।

ਖੁਸ਼ ਹੋ ਕੇ ਕਹਿੰਦੇ, "ਸਮਾਨ ਬੰਨੋ, ਸੰਗਰੂਰ ਦੇ ਆਰਡਰ ਆ ਗਏ।"

"ਹਾਏ ਰੱਬਾ, ਸੱਚੀ! ਝੂਠ ਤਾਂ ਨੀ ਕਹਿੰਦੇ?" ਮੈਂ ਖੁਸ਼ੀ ਤੇ ਹੈਰਾਨੀ ਨਾਲ ਪੁੱਛਿਆ।

"ਨਹੀਂ-ਨਹੀਂ, ਤੂੰ ਕੱਲ ਚਲੀ ਜਾ, ਮੈਂ ਸੋਮਵਾਰ ਨੂੰ ਰੀਲੀਵ ਹੋ ਕੇ, ਨਾਲੇ ਸਮਾਨ ਲੈ ਕੇ ਕੈਂਟਰ 'ਤੇ ਆਜੂੰਗਾ।

ਪਾਪਾ ਜੀ ਕਾਫ਼ੀ ਦਿਨਾਂ ਤੋਂ ਸਾਡੀ ਬਦਲੀ ਦੀ ਕੋਸ਼ਿਸ਼ ਕਰ ਰਹੇ ਸੀ। ਚਲੋ ਸ਼ੁਕਰ ਐ ਰੱਬ ਦਾ, ਘਰ ਦੇ ਨੇੜੇ ਪਹੁੰਚ ਗਏ ਤੇ ਏਸ 'ਬੰਦ ਗਲੀ' ਤੋਂ ਵੀ ਛੁਟਕਾਰਾ।

ਮੈਂ ਮੀਤ ਆਂਟੀ ਘਰ ਭੱਜ ਗਈ, "ਆਂਟੀ ਸਾਡੀ ਬਦਲੀ ਸੰਗਰੂਰ ਦੀ ਹੋ ਗਈ, ਮੈਂ ਤਾਂ ਕੱਲ ਹੀ ਚਲੇ ਜਾਣੈ। ਮੈਂ ਫਟਾਫਟ ਇਕੋ ਸਾਹ 'ਚ ਦੱਸ ਗਈ।

"ਵੇਖਿਆ ਵਾਹਿਗੁਰੂ ਜੋ ਕਰਦਾ ਹੈ, ਚੰਗਾ ਕਰਦਾ ਹੈ, ਤੁਸੀਂ ਖ਼ੁਸ਼ ਰਵੋ।"

"ਆਂਟੀ ਮੈਂ ਤੁਹਾਨੂੰ ਤਾਂ ਸਾਰੀ ਜ਼ਿੰਦਗੀ ਆਪਣੇ ਦਿਲ 'ਚ ਵਸਾ ਕੇ ਰਖੂੰਗੀ। ਤੁਹਾਨੂੰ ਮਿਲ ਕੇ ਤਾਂ ਮੈਨੂੰ 'ਪਾਜ਼ੇਟਿਵ' ਸੋਚ ਮਿਲੀ ਹੈ। ਆਉਣ ਵਾਲੇ ਕੱਲ ਨੂੰ ਮੈਂ ਦੁਨੀਆਂ ਵਿਚ ਵਿਚਰਣਾ ਹੈ। ਮੈਨੂੰ ਜ਼ਿੰਦਗੀ ਦੀਆਂ ਰਾਹਾਂ 'ਤੇ ਕਈ ਪਾਰੋ, ਮਮਤਾ ਤੇ ਰਾਣੀ ਵਰਗੀਆਂ ਵਾਰ-ਵਾਰ ਮਿਲਣਗੀਆਂ। ਹੁਣ ਉਹ ਮੇਰੇ ਦਿਲ ਅਤੇ ਦਿਮਾਗ 'ਤੇ ਹਾਵੀ ਨਹੀਂ ਹੋ ਸਕਦੀਆਂ। ਇਸ ਬੰਦ ਗਲੀ ਨੇ ਵੀ ਮੈਨੂੰ ਆਉਣ ਵਾਲੇ ਕਈ ਵਰ੍ਹਿਆ ਦਾ ਤਜਰਬਾ ਦਿੱਤਾ ਹੈ। ਕਿਸੇ ਵੀ ਸ਼ਖ਼ਸੀਅਤ ਦੇ ਆਰ-ਪਾਰ ਜਾਣ ਵਾਲੀ ਇਕ ਨਜ਼ਰ ਦਿੱਤੀ ਹੈ। ਮੈਂ ਹੁਣ ਚੰਗੇ ਮਾੜੇ ਦੀ ਪਛਾਣ ਕਰ ਸਕਦੀ ਹਾਂ।

ਸਵੇਰ ਹੋ ਗਈ ਹੈ...। ਮੈਂ ਬੰਦ ਗਲੀ ਪਾਰ ਕਰ ਚੁੱਕੀ ਸੀ। ਮੈਂ ਉਸ ਨੂੰ ਪਿੱਛੇ ਮੁੜ ਕੇ ਸਲਾਮ ਕੀਤਾ...। ਕਿਉਂਕਿ...

...ਇਸੇ ਬੰਦ ਗਲੀ ਨੇ ਅੱਜ ਮੈਨੂੰ ਇਕ ਨਵੀਂ ਨਜ਼ਰ ਦਿੱਤੀ ਸੀ।



## ਜਸ ਜੀਵਨ, ਮਰਨ ਅਪਜਸ

"ਚਲੋ... ਉੱਠੋ... ਫਾਈਲਾਂ ਲੈ ਕੇ ਆਓ।... ਸੁਣਿਆ ਨਹੀਂ?... ਚੋਰ... ਰਿਸ਼ਵਤਖੋਰ... ਹੁਣ ਸੱਪ ਸੁੰਘ ਗਿਆ... ਮੂੰਹ ਨੂੰ ਲਹੂ ਲੱਗ ਗਿਆ?... ਓਏ... ਸ਼ੰਭੂ, ਤੂੰ ਕਿਉਂ ਖੂੰਜਾਂ 'ਚ ਵੜ੍ਹਦਾ ਜਾਨਾ ਐ... ਜ਼ਰੂਰ ਕੋਈ ਘੋਟਾਲਾ ਕੀਤਾ ਹੋਣੈ... ਅੱਜ ਮੈਨੂੰ ਪਤਾ ਲੱਗ ਗਿਆ... ਤੁਸੀਂ ਸਾਰੇ ਜਾਦੂਗਰ ਓ... ਮਾਇਆ ਦੇ ਚੇਲੇ... ਜੇ ਸ਼ਿਵ ਜੀ ਭਗਵਾਨ ਦਾ ਤੀਜਾ ਨੇਤਰ ਖੁੱਲ੍ਹ ਗਿਆ... ਫੇਰ ਵੇਖਿਓ... ਓਹਦਾ ਡਮਰੂ ਕਿਵੇਂ ਵੱਜਦੈ... ਤਾਂਡਵ ਨ੍ਰਿਤ ਵੇਖਣਾ ਪਊ... ਤੁਸੀਂ ਫੂਲ ਨਹੀਂ... ਵੰਡਰ ਫੂਲ ਓਂ ਸਾਰੇ ਦੇ ਸਾਰੇ... ਏਸ ਦਫ਼ਤਰ ਨੂੰ ਵੀ ਵੰਡਰਲੈਂਡ ਬਣਾ ਛੱਡਿਐ!"

ਇਕ ਮਰੀਅਲ ਜਿਹੇ ਸਰੀਰ ਵਾਲਾ ਆਦਮੀ, ਵਾਰ-ਵਾਰ ਆਪਣੀ ਪੱਗ ਨੂੰ ਵਲੇਵੇਂ ਪਾ ਲੈਂਦਾ... ਫੇਰ ਖੋਲ੍ਹ ਲੈਂਦਾ... ਕੇਸਾਂ ਦੀ ਜਟੂਰੀ ਜਿਹੀ ਬਣੀ ਹੋਈ... ਹੇਠਾਂ ਜ਼ਮੀਨ 'ਤੇ ਸੁੰਗੜ ਕੇ ਬਹਿ ਗਿਆ... ਅੱਖਾਂ ਨੂੰ ਗੋਲ-ਗੋਲ ਚਾਰ-ਚੁਫੇਰੇ ਘੁੰਮਾਉਂਦਾ... ਪਜਾਮੇ ਨੂੰ ਉਤਾਂਹ ਚੜ੍ਹਾ ਲੈਂਦਾ, ਫੇਰ ਕਹਿੰਦਾ... ਓਏ ਮੈਂ ਨੰਗਾ ਹੋ ਗਿਆ... ਮੇਰੇ ਕੱਪੜੇ ਪਾਟ ਗਏ...!

ਮੈਨੂੰ ਵੇਖ ਕੇ ਸੁੰਗੜ ਕੇ ਬੈਠ ਗਿਆ। ਕਹਿੰਦਾ..., "ਲਓ... ਜੀ ਇਕ ਹੋਰ 'ਵੰਡਰ' ਆ ਗਿਆ... 'ਵੰਡਰਲੈਂਡ' ਦਾ ਵਾਸੀ... ਇਹਨੂੰ ਭਜਾ ਦਿਓ... ਇਸਦੇ ਹੱਥ ਵਿਚ ਅੱਗ ਐ... ਤੁਹਾਡੇ ਮੂੰਹ ਵਿਚ ਪਾ ਦੇਵੇਗਾ... ਜਾਹ... ਜਾਹ... ਤੂੰ ਇਥੇ ਕੀ ਕਰਦੈ?" ਕਹਿੰਦਾ-ਕਹਿੰਦਾ ਡਰ ਕੇ ਇਕ ਖੂੰਝੇ ਵਿਚ ਬੈਠ ਗਿਆ। ਐਡੇ ਵੱਡੇ ਇਖ਼ਲਾਕ ਵਾਲਾ ਬੰਦਾ ਨੁੱਕਰ ਵਿਚ ਬਿੰਦੂ ਬਣ ਕੇ ਸਿਮਟ ਗਿਆ। ਨਿੱਕੇ ਜਿਹੇ ਬੱਚੇ ਵਾਂਗ ਕੱਠਾ ਜਿਹਾ ਹੋ ਕੇ ਬੈਠਾ... ਜਿਹੜਾ ਮਾਊਂ ਤੋਂ ਡਰੀ ਵੀ ਜਾਂਦਾ ਹੋਵੇ... ਨਾਲੇ ਉਸ ਨੂੰ ਦੂਰੋਂ ਛੀ... ਛੀ ਕਰਕੇ ਭਜਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਫੇਰ ਬੋਲਣ ਲੱਗ ਪਿਆ... ਓਏ ਕੋਈ ਕੱਪੜਾ ਲਿਆਓ.. ਆਹ ਮੇਰਾ ਮੂੰਹ ਕਾਲਖ਼ ਨਾਲ ਭਰ ਗਿਆ... ਮੈਨੂੰ ਮਲ-ਮਲ ਕੇ ਨਵ੍ਹਾ ਦਿਓ... ਵੇਖੋ ਮੇਰੇ ਵਿਚੋਂ ਕਿੰਨੀ ਬੋਅ ਮਾਰਦੀ ਐ...।"

ਉਸਦੇ ਅੰਦਰਲੀ ਮਾਨਸਿਕ ਪੀੜਾ ਮੈਥੋਂ ਸਹਿਣ ਨਹੀਂ ਹੋਈ। ...ਮੈਂ ਸਾਇਕੈਟਰੀ ਵਾਰਡ ਵਿਚੋਂ ਫਟਾਫਟ ਬਾਹਰ ਆ ਗਿਆ।

ਇਹ ਮੇਰਾ ਯਾਰ ਹੈ! ਫਤੇਹ। ਅੱਜ ਮੇਰੀ ਤੇ ਫਤੇਹ ਦੀ ਰਿਟਾਇਰਮੈਂਟ ਦਾ ਦਿਨ ਸੀ। ...ਮੈਂ ਉਸਨੂੰ ਇਕ ਵਾਰੀ ਵੇਖਣਾ ਚਾਹੁੰਦਾ ਸੀ ਪਰ ਦਫ਼ਤਰ ਵੱਲੋਂ ਸੇਵਾ-

ਨਵਿਰਤੀ ਦਾ ਇਹ ਪਲ ਮਾਨਣ ਤੋਂ ਪਹਿਲਾਂ ਹੀ ਉਸਦੇ ਵਜੂਦ ਦੀ ਵਾਸਤਵਿਕਤਾ ਗੁਆਚ ਗਈ। ਫਤੇਹ ਦਾ ਖਿੰਡਿਆ-ਪੁੰਡਿਆ ਵਜੂਦ ਵੇਖ ਕੇ ਮੇਰਾ ਮਨ ਭਰ ਆਇਆ। ਹਸਪਤਾਲ ਵਿਚੋਂ ਬਾਹਰ ਆ ਕੇ ਮੈਂ ਬੱਚਿਆਂ ਵਾਂਗ ਰੋ ਪਿਆ... ਮੈਥੋਂ ਉਸਦੀ ਹਾਲਤ ਵੇਖੀ ਨਹੀਂ ਗਈ...। ਵੇਖਦਾ ਵੀ ਕਿਵੇਂ... ਓਹ ਮੇਰਾ ਯਾਰ ਸੀ... ਮੇਰਾ ਲੰਗੋਟੀਆ ਯਾਰ...। ਮੈਂ ਫਤੇਹ ਨਾਲ ਆਪਣਾ ਬਚਪਨ ਹੰਢਾਇਆ ਸੀ। ਕਾਰ ਦਾ ਸਟੇਅਰਿੰਗ ਘੁੰਮਾਉਂਦਾ-ਘੁੰਮਾਉਂਦਾ ਮੈਂ ਹੰਝੂ ਵਹਾਉਂਦਾ ਰਿਹਾ। ਮੇਰਾ ਦਿਮਾਗ ਬਚਪਨ ਦੇ ਵਿਹੜੇ ਘੁੰਮਣ ਲੱਗ ਪਿਆ।

ਮੈਂ ਅਤੇ ਫਤੇਹ ਇਕ ਦਿਨ ਜੰਮੇ, ਇਕੱਠੇ ਪੜ੍ਹੇ, ਵੱਡੇ ਹੋਏ... ਪਰ ਮੇਰੇ ਯਾਰ ਨੂੰ ਕਦੇ ਮੇਰੇ ਨਾਲ ਖੇਡਣ ਦਾ ਮੌਕਾ ਹੀ ਨਸੀਬ ਨਹੀਂ ਹੋਇਆ। ਉਹ ਦੋਧੀਆਂ ਦਾ ਮੁੰਡਾ... ਗਰੀਬੜਾ ਜਿਹਾ... ਤਿੰਨ ਭੈਣਾਂ ਦਾ ਵੱਡਾ ਭਰਾ... ਪਿਓ ਸਿਰ 'ਤੇ ਨਹੀਂ ਸੀ। ਸਕੂਲੋਂ ਆਣ ਕੇ ਦੋਧੀ ਦਾ ਕੰਮ ਕਰਦਾ, ਪਰ ਰਾਤ ਨੂੰ ਅਸੀਂ ਇਕੱਠੇ ਪੜ੍ਹਦੇ। ਮੈਂ ਅੰਤਾਂ ਦੀ ਫਾਕਾਕਸ਼ੀ ਵੇਖੀ ਸੀ ਉਸਦੇ ਘਰ। ਜਦੋਂ ਮੇਰੇ ਤੇ ਜਵਾਨੀ ਦੀਆਂ ਕਰੂੰਬਲਾਂ ਫੁੱਟੀਆਂ... ਉਦੋਂ ਫਤੇਹ ਦੇ ਸਿਰ ਉੱਤੇ ਗ੍ਰਹਿਸਤੀ ਦਾ ਭਾਰ ਸੀ। ਮੇਰੇ ਦੋ ਬੱਚੇ ਹੋ ਗਏ, ਪਰ ਫਤੇਹ ਨੇ ਹਾਲੇ ਆਪਣੀ ਛੋਟੀ ਭੈਣ ਵਿਆਹੁਣੀ ਸੀ। ਗਰੀਬੀ ਦੀ ਦਲਦਲ ਵਿਚ ਫਸਿਆ, ਉਹ ਵਿਆਹ ਬਾਰੇ ਸੋਚਦਾ ਵੀ ਤਾਂ ਕਿਵੇਂ! ਪੈਂਤੀਆਂ ਵਰ੍ਹਿਆਂ ਮਗਰੋਂ ਉਸਨੇ ਵਿਆਹ ਕਰਵਾ ਲਿਆ... ਸ਼ਾਇਦ ਮਜ਼ਬੂਰੀ ਵਿਚ... ਮਾਂ ਨੂੰ ਅਧਰੰਗ ਹੋ ਗਿਆ... ਇਕੱਲਾ ਮਾਂ ਨੂੰ ਸਾਂਭਦਾ ਜਾਂ ਕੰਮ ਕਰਦਾ। ਜਦੋਂ ਵੀ ਮੈਂ ਪਿੰਡ ਜਾਂਦਾ ਤਾਂ ਮੈਨੂੰ ਜ਼ਰੂਰ ਮਿਲਣ ਆਉਂਦਾ ਤੇ ਕਹਿੰਦਾ-

"ਯਾਰ ਬਲਦੇਵ! ਰੱਬ ਨੇ ਵੀ ਕਰਮਾਂ ਦੇ ਚਿੱਲ੍ਹੇ ਤੇ ਚੜ੍ਹਾ-ਚੜ੍ਹਾ ਕੇ ਮੈਨੂੰ ਜ਼ਹਿਰ ਵਾਲੇ ਤੀਰ ਮਾਰੇ ਨੇ... ਘੌਰੇ ਫਤੇਹ ਨੂੰ ਫਤੇਹ ਕਦੋਂ ਮਿਲੇਗੀ?...??"

ਇਕ ਦਿਨ ਮੈਨੂੰ ਸ਼ਹਿਰ ਮਿਲਣ ਆਇਆ ਸੀ... ਮੇਰੇ ਦਫ਼ਤਰ ਵਿਚ ਆ ਗਿਆ ਅਤੇ ਕਹਿੰਦਾ, "ਜੇ.ਈ. ਸਾਹਬ! ਮੈਨੂੰ ਤੁਹਾਡੇ ਦਫ਼ਤਰ ਵਲੋਂ ਕਲਰਕ ਦੀ ਨੌਕਰੀ ਵਾਸਤੇ ਨਿਯੁਕਤੀ ਪੱਤਰ ਆ ਗਿਆ।"

ਮੈਂ ਉੱਠ ਕੇ ਜੱਫੀ ਪਾ ਲਈ... ਵਧਾਈ ਦਿੱਤੀ ਤੇ ਕਿਹਾ, "ਓਏ ਫਤੇਹ ਸਿਆਂ। ਤੈਨੂੰ ਸੰਗ ਨਹੀਂ ਆਉਂਦੀ... ਮੈਂ ਤਾਂ ਤੇਰਾ ਯਾਰ ਹੀ ਰਹਾਂਗਾ... ਖ਼ਬਰਦਾਰ! ਜੇ ਅਗਾਂਹ ਨੂੰ ਇਹ ਲਫ਼ਜ਼ ਕਹੇ!"

ਮੈਨੂੰ ਉਸਦੇ ਜੁਆਇਨ ਕਰਨ 'ਤੇ ਖੁਸ਼ੀ ਤਾਂ ਬਹੁਤ ਹੋਈ, ਪਰ ਮੈਂ ਅੰਦਰੋਂ-ਅੰਦਰੀ ਡਰ ਗਿਆ... ਫਤੇਹ, ਮੰਡੀ ਬੋਰਡ ਵਰਗੇ ਮਹਿਕਮੇ ਦੀ ਨੌਕਰੀ ਨਾਲ ਕਿਵੇਂ ਨਿਆਂ ਕਰੇਗਾ...?

ਮੈਂ ਜਾਣਦਾ ਸੀ... ਉਸਦੇ ਸਬਰ, ਸੰਤੋਖ ਅਤੇ ਪਵਿੱਤਰਤਾ ਨੂੰ...। ਮੈਨੂੰ ਲੱਗਿਆ ਜਿਵੇਂ ਹੰਸ ਗਿਰਝਾਂ ਦੇ ਝੁੰਡ ਵਿਚ ਆ ਬੈਠਾ ਹੋਵੇ... ਪਰ ਗਿਰਝਾਂ ਵਾਂਗ ਕਰੰਗ ਨਹੀਂ ਚੂੰਡ ਸਕਦਾ... ਭੁੱਖਾ ਮਰ ਜਾਏਗਾ।

ਫਤੇਹ ਸਿੰਘ ਕਿਲੋ ਦੋ ਕਿਲੋ ਦੁੱਧ ਦਾ ਛੋਟਾ ਜਿਹਾ ਹਿਸਾਬ ਛੱਡ ਕੇ ਮੀਲਾਂ



ਵਿਛੀਆਂ ਸੜਕਾਂ ਦਾ ਹਿਸਾਬ ਲਾਉਣ ਲੱਗ ਪਿਆ। ਕੰਮ ਦਾ ਬਹੁਤਾ ਸਿਰੜੀ ਸੀ... ਤਾਂ ਹੀ ਨਾਲ ਦੀ ਕੁਰਸੀ ਉੱਤੇ ਬੈਠੇ ਚਿੰਤਾਮਣੀ ਵਰਗੇ, ਜੇਬਾਂ ਆਪਣੀਆਂ ਗਰਮ ਕਰ ਲੈਂਦੇ... ਦਫ਼ਤਰੀ ਕੰਮ ਫਤੇਹ ਸਿੰਘ ਦੇ ਹਿੱਸੇ ਆਉਂਦਾ... ਸਦਾ ਹੀ ਕੰਮ ਵਿਚ ਮਸਰੂਫ ਰਹਿੰਦਾ...। ਓਹ ਇਕ ਵਾਰੀ ਦਫ਼ਤਰ ਵਿਚ ਬਹਿ ਕੇ ਮੇਰੇ ਨਾਲ ਚਾਹ ਜ਼ਰੂਰ ਪੀਂਦਾ।

ਇਕ ਦਿਨ ਕਹਿੰਦਾ... "ਯਾਰ ਬਲਦੇਵ, ਨਾਂਅ ਤਾਂ ਚਿੰਤਾਮਣੀ... ਪਰ ਉਸਨੂੰ ਦਫ਼ਤਰੀ ਕੰਮ ਦੀ ਕੋਈ ਚਿੰਤਾ ਨਹੀਂ... ਤੇ ਤੇਰੇ ਫਤੇਹ ਤੋਂ ਸਾਰਾ ਸਾਰਾ ਦਿਨ ਕੰਮ ਈ ਨਹੀਂ ਫਤੇਹ ਹੁੰਦਾ। ਯਾਰ ਇਹ ਦਫ਼ਤਰ ਤਾਂ ਮੈਨੂੰ 'ਨਿਰਾਲਾ' ਲੱਗਦੈ।"

ਮਹੀਨੇ ਦੇ ਅਖ਼ੀਰਲੇ ਦਿਨਾਂ ਵਿਚ ਫਤੇਹ ਨੂੰ ਅੱਚਵੀਂ ਜਿਹੀ ਲੱਗ ਜਾਂਦੀ। ਜਦੋਂ ਤਨਖ਼ਾਹ ਮਿਲ ਜਾਂਦੀ ਤਾਂ ਉਸਦੇ ਚਿਹਰੇ 'ਤੇ ਰੱਜਵਾਂ ਸੁਖ ਹੁੰਦਾ। ਫੇਰ ਮੈਨੂੰ ਕਹਿੰਦਾ, "ਯਾਰ ਬਲਦੇਵ! ਸ਼ਿਵ ਭਗਵਾਨ ਵਾਂਗ... ਇਹ ਦਫ਼ਤਰ ਵੀ ਇਕ ਮਹੀਨੇ ਦੇ ਰਾਸ਼ਨ, ਪਾਣੀ ਦਾ ਇੰਤਜ਼ਾਮ ਕਰ ਦਿੰਦਾ ਐ... ਮੈਨੂੰ ਤਾਂ ਪਹਿਲੀਆਂ ਤਰੀਕਾਂ ਵਿਚ ਇਹ ਦਫ਼ਤਰ 'ਸ਼ਿਵਾਲਾ' ਲੱਗਦੈ।"

ਦਰਅਸਲ ਫਤੇਹ ਨੇ ਪੈਸੇ ਦੀ ਭੁੱਖ ਸ਼ੁਰੂ ਤੋਂ ਹੀ ਵੇਖੀ ਸੀ। ਉਸਦੀਆਂ ਜ਼ੁੰਮੇਵਾਰੀਆਂ ਜ਼ਿਆਦਾ ਪਰ ਤਨਖ਼ਾਹ ਘੱਟ ਸੀ। ਕਈ ਵਾਰ ਦੱਸਦਾ ਹੁੰਦੈ- "ਤੇਰੀ ਭਰਜਾਈ ਨੇ ਲੋਕਾਂ ਦੇ ਕੱਪੜੇ ਸਿਉਂ-ਸਿਉਂ ਕੇ ਦੀਦੇ ਗਾਲ ਲਏ... ਕੀ ਕਰੀਏ... ਪੰਜ ਢਿੱਡ ਨੇ... ਪੱਟੀਆਂ ਬੰਨ-ਬੰਨ ਦਿਨ ਕੱਟਦੇ ਆਂ।" ਇਹ ਸਭ ਕੁਝ ਸਹਿ ਕੇ ਵੀ ਉਸਦੇ ਸਬਰ ਦਾ ਖੂਹ ਭਰਪੂਰ ਸੀ।

ਇਕ ਦਿਨ ਚਾਹ ਪੀਣ ਲੱਗਿਆਂ, ਮੈਨੂੰ ਉਹ ਬਹੁਤ ਬੇਚੈਨ ਲੱਗਿਆ। ਜ਼ਰੂਰ ਕੋਈ ਗੱਲ ਉਸਦੇ ਅੰਦਰ ਘੁਮੇਟਣੀਆਂ ਲੈ ਰਹੀ ਸੀ। ਮੈਂ ਉਸਦੇ ਚਿਹਰੇ ਤੋਂ ਉਸਦਾ ਦਿਲ ਪੜ੍ਹ ਲੈਂਦਾ। ਮੈਂ ਪੁੱਛ ਹੀ ਲਿਆ, "ਫਤੇਹ, ਕਿੱਧਰ ਗੁਆਚ ਗਿਆ?... ਚਾਹ ਠੰਡੀ ਹੋਈ ਜਾਂਦੀ ਐ।"

--"ਯਾਰ ਬਲਦੇਵ! ਮੈਂ ਤਾਂ ਗੁਆਚਣਾ ਹੀ ਸੀ, ਜਦੋਂ ਲੰਮੀਆਂ, ਲੰਮੀਆਂ ਸੜਕਾਂ ਹੀ ਗੁਆਚ ਗਈਆਂ...। ਫਾਈਲਾਂ ਵਿਚ ਪਈਆਂ ਨੇ... ਮੁਰੰਮਤ ਵੀ ਹੋ ਗਈਆਂ... ਪਰ ਬਾਹਰ ਆ ਕੇ ਕਿਧਰੇ ਗੁਆਚ ਗਈਆਂ। ...ਫੇਰ ਮੁਰੰਮਤ ਕਾਹਦੀ ਹੋ ਗਈ...? ਸਾਰਾ ਬੱਜਰੀ ਲੁੱਕ... ਅਫਸਰਾਂ ਦੀਆਂ ਜੇਬਾਂ ਵਿਚ ਗਿਆ... ਯਾਰ, ਮੈਨੂੰ ਤਾਂ ਇਹ ਦਫ਼ਤਰ ਕੋਈ 'ਘੋਟਾਲਾ' ਲੱਗਦੈ।"

ਮੈਂ ਨਿਰਉੱਤਰ ਸੀ ਕਿਉਂਕਿ ਮੇਰੀਆਂ ਜੇਬਾਂ ਵੀ ਓਸੇ ਬੱਜਰੀ ਲੁੱਕ ਨਾਲ ਭਰੀਆਂ ਹੋਈਆਂ ਸਨ। ਮੈਂ ਸਿਰ ਹੇਠਾਂ ਕਰ ਕੇ ਕਿਹਾ, "ਫਤੇਹ,... ਯਾਰ ਚਾਹ ਪੀ ਲੈ... ਠਰ ਗਈ।"

"...ਯਾਰ ਬਲਦੇਵ! ਛੱਡ ਯਾਰ ਚਾਹ ਨੂੰ... ਮੈਨੂੰ ਸਮਝ ਨਹੀਂ ਆਉਂਦੀ... ਕੈਸੀ ਤਾਸੀਰ ਐ, ਏਸ ਦਫ਼ਤਰ ਦੀ... ਸੜਕ ਫਾਈਲਾਂ ਵਿਚ ਦਿਸਦੀ ਐ... ਪਰ ਬਾਹਰ ਆ ਕੇ ਗਾਇਬ ਹੋ ਗਈ... ਯਾਰ, ਸਾਰੇ ਜਾਦੂਗਰ ਨੇ... ਮਿੰਟੋ ਮਿੰਟੀ ਹੋਈ

ਚੀਜ਼ ਨੂੰ ਅਣਹੋਈ ਤੇ ਅਣਹੋਈ ਨੂੰ ਹੋਈ ਵਿਖਾ ਦਿੰਦੇ ਨੇ... ਯਾਰ, ਕਦੇ-ਕਦੇ ਇਹ ਦਫ਼ਤਰ ਮੈਨੂੰ 'ਜਾਦੂਨਗਰੀ' ਲੱਗਦੈ!

ਫਤੇਹ ਹੁਣ ਅਕਸਰ ਹੀ ਦਫ਼ਤਰੀ ਜਾਲਸਾਜ਼ੀਆਂ ਤੋਂ ਤੰਗ ਰਹਿੰਦਾ। ਦਫ਼ਤਰ ਵਿਚ ਚੁਗਲੀ ਚਾਂਟੀ ਤੋਂ ਨਫ਼ਰਤ ਮੰਨਦਾ ਸੀ। ਅਕਸਰ ਕਹਿੰਦਾ, "ਯਾਰ ਬਲਦੇਵ... ਐਵੇਂ ਘੁਲੀ ਜਾਂਦੇ ਨੇ... ਜਿਹੜਾ ਵੇਖੋ, ਦੂਜੇ ਦੀ ਕੰਡ ਲਵਾਉਣ ਨੂੰ ਤਿਆਰ-ਬਰ-ਤਿਆਰ ਐ। ਯਾਰ ਮੈਨੂੰ ਤਾਂ ਇਹ ਦਫ਼ਤਰ ਕਦੇ-ਕਦੇ 'ਅਖਾੜਾ' ਲੱਗਦੈ।

ਫਤੇਹ ਨੇ ਦਫਤਰ ਵਿਚ ਜਦੋਂ ਦਾ ਪੈਰ ਰੱਖਿਆ ਸੀ ਉਦੋਂ ਤੋਂ ਹੀ ਉਸਨੂੰ ਇਹ ਸਭ ਤਲਿਸਮੀ ਜਿਹਾ ਲੱਗਦਾ, ਕਿਉਂਕਿ ਓਹ ਆਪ ਬੜਾ ਖਰਾ ਅਤੇ ਜਮੀਰਪ੍ਰਸਤ ਬੰਦਾ ਸੀ। ਨਿਯਮਾਂ ਅਧੀਨ ਚੱਲਣ ਵਾਲਾ। ਉਸਦੇ ਅਸੂਲ ਹੀ ਉਸ ਲਈ ਅੰਤਿਮ ਸਨ। ਏਸੇ ਕਰਕੇ ਉਸਦੀ ਵੱਡੇ ਸਾਹਬ ਨਾਲ ਕਈ ਵਾਰੀ ਝੜਪ ਹੋ ਜਾਂਦੀ। ਉਹ ਨਹੀਂ ਜਾਣਦਾ ਸੀ ਕਿ ਦਫ਼ਤਰ ਦੇ ਤਾਂ ਆਪਣੇ ਹੀ ਨਿਯਮ ਹੁੰਦੇ ਨੇ... ਫੇਰ ਦੁਖੀ ਹੋ ਜਾਂਦਾ... ਵਿਆਕੁਲ ਰਹਿੰਦਾ।

ਚਿੰਤਾਮਣੀ ਅਕਸਰ ਹੀ ਉਸਨੂੰ ਸਦਾਚਾਰੀ ਮਾਡਲ ਕਹਿੰਦਾ। ਇਕ ਦਿਨ ਚਿੰਤਾਮਣੀ ਨੇ ਕਿਹਾ ਸੀ, "ਫਤੇਹ ਕੁਰਸੀ ਨਾਲ ਕਦੇ ਵੀ ਬਹਿਸ ਨਹੀਂ ਕਰੀਦੀ... ਬੱਸ, 'ਯੈੱਸ ਸਰ' ਕਹਿ ਛੱਡਿਆ ਕਰ। ਗੱਲ ਸਾਰੀ ਹਿੱਸਾ-ਪੱਤੀ ਦੀ ਐ... ਤੇ ਤੂੰ ਅਗਲੇ ਨੂੰ ਨਿਯਮ ਸਮਝਾਉਣ ਬਹਿ ਜਾਨੈ... ਤੂੰ ਆਪਣਾ ਹਿੱਸਾ ਲੈ, ਤੇ ਕੰਮ ਕਰ... ਸਾਬ੍ਹ ਵੀ ਖੁਸ਼... ਨਾਲੇ ਤੇਰੀ ਗੱਡੀ ਵੀ ਵਧੀਆ ਚੱਲੂ।"

ਮੈਂ ਚਿੰਤਾਮਣੀ ਨੂੰ ਟੋਕ ਦਿੱਤਾ... "ਨਹੀਂ ਬਾਊ ਜੀ... ਇਹ ਐਡਾ ਕਾਨੂੰਨੀ ਐ... ਜੇ ਸੜਕ ਦੇ ਸੱਜੇ ਪਾਸੇ ਦੀ ਜਾਵੇ ਤਾਂ ਇਸਦੇ ਘਰ ਦਾ ਰਾਹ ਸਾਰਾ ਪੰਜ ਮਿੰਟ ਦਾ ਹੈ... ਪਰ ਇਸਦੇ ਅਸੂਲ ਵੇਖੋ... ਜਾਣਾ ਖੱਬੇ ਪਾਸੇ ਦੀ ਹੈ... ਭਾਵੇਂ ਵਲ ਪਾ ਕੇ ਰਾਹ ਵਿਚ ਪੰਦਰਾਂ ਮਿੰਟ ਵੱਧ ਲੱਗ ਜਾਣ... ਉਲੰਘਣਾ ਸ਼ਬਦ ਇਸਦੇ ਸ਼ਬਦਕੋਸ਼ ਵਿਚ ਨਹੀਂ... ਤੁਸੀਂ ਇਸਦੀ ਗੱਡੀ ਖੱਬੇ ਹੀ ਰਹਿਣ ਦਿਓ... ਜੇ ਸੱਜੇ ਪਾ ਲਈ ਤਾਂ ਜ਼ਰੂਰ ਕੋਈ ਹਾਦਸਾ ਕਰ ਬੈਠੂ।"

ਓਹੀ ਗੱਲ ਅਸੂਲਾਂ ਦੀ... ਸਾਹਬ ਬਦਲਦੇ ਰਹੇ... ਪਰ ਫਤੇਹ ਨਿਯਮ ਅਧੀਨ ਚੱਲਣ ਦੀ ਜਿਦ 'ਤੇ ਰਿਹਾ। ਏਸੇ ਕਰਕੇ ਏ.ਸੀ.ਆਰ. ਵਿਚ ਉਹ ਸਦਾ ਹੀ ਹੇਠਲਿਆਂ ਦਰਜਿਆਂ 'ਤੇ ਰਹਿੰਦਾ... ਕਦੇ ਵੀ ਉੱਤਮ ਦਰਜਾ ਨਾ ਪਾ ਸਕਿਆ... ਜਦੋਂ ਦੁਖੀ ਹੁੰਦਾ ਤਾਂ ਕਹਿੰਦਾ--

"ਯਾਰ ਬਲਦੇਵ! ਇਹ ਏ.ਸੀ.ਆਰ. ਵੀ ਕੀ ਸ਼ੈਅ ਐ।

ਯਾਰ ਕੰਡਕਟ ਦੀ ਕਦਰ ਐ... ਪ੍ਰੋਡਕਟ ਦੀ ਕੋਈ ਕਦਰ ਨਹੀਂ... ਪ੍ਰੋਡਕਟ ਵਿਚਾਰੀ ਹੇਠਲੇ ਦਰਜੇ 'ਤੇ ਅਤੇ ਕੰਡਕਟ... ਉੱਤਮ... ਬਹੁਤ ਅੱਛਾ... ਜਿੱਡਾ ਵੱਡਾ ਬੂਟ ਚੱਟ... ਓਡਾ ਵੱਡਾ ਦਰਜਾ... ਤੂੰ ਕੀ ਕਹਿਣਾ ਐਂ ਯਾਰ?

"ਠੀਕ ਐ ਫਤੇਹ... ਪਰ ਏਸ ਦਫ਼ਤਰ 'ਚ ਤਾਂ ਕੰਡਕਟਰ ਬੱਸ ਮਾਇਆ ਦਾ ਐ।" ਮੈਂ ਜਵਾਬ ਦਿੱਤਾ।



..."ਯਾਰ ਬਲਦੇਵ! ਪਰ ਹੈ ਤਾਂ ਗਲਤ... ਓਹੀ ਕਬੀਰ ਦੇ ਕਹਿਣ ਵਾਂਗ ਇਹ ਮਾਇਆ, ਦੁਨੀਆਂ ਨੂੰ ਸਭ ਕੁਝ ਉਲਟਾ ਪੁਲਟਾ ਕਰਕੇ ਵਿਖਾਉਂਦੀ ਐ!... ਚਲਦੀ ਚੀਜ਼ ਨੂੰ ਗੱਡੀ ਕਹਿਣਗੇ... ਤੇ ਜਿਹੜੀ ਧਰਤੀ 'ਚ ਗੱਡੀ ਐ... ਉਸਨੂੰ ਚੱਕੀ...। ਯਾਰ, ਇਹ ਦਫ਼ਤਰ ਵੀ ਮੈਨੂੰ 'ਮਾਇਆ ਜਾਲ' ਲੱਗਦੈ।

ਏਸ ਮਾਇਆ ਜਾਲ ਵਿਚ ਫਸਿਆ ਫਤੇਹ ਨੌਕਰੀ ਦੇ ਅੰਤਲੇ ਪੜਾਅ ਤਕ ਸਭ ਕੁਝ ਵੇਂਹਦਾ ਰਿਹਾ। ਏਸ ਜਾਦੂਨਗਰੀ ਨੂੰ ਆਪਣੇ ਅਨੁਭਵਾਂ ਅਨੁਸਾਰ ਹਰ ਵੇਲੇ ਨਵਾਂ ਨਾਂਅ ਦੇ ਦਿੰਦਾ।...ਸਾਡੀ ਦੋਹਾਂ ਦੀ ਰਿਟਾਇਰਮੈਂਟ ਵਿਚ ਸਿਰਫ਼ ਚਾਰ ਮਹੀਨੇ ਰਹਿ ਗਏ। ਹੁਣ ਫਤੇਹ ਹਾਰ ਜਿਹੀ ਮੰਨੀ ਬੈਠਾ ਸੀ... ਚਿਹਰੇ 'ਤੇ ਗੰਭੀਰਤਾ... ਘੱਟ ਬੋਲਦਾ... ਕਦੇ-ਕਦੇ ਅੰਤਾਂ ਦੀ ਉਪਰਾਮਤਾ ਉਸਦੇ ਚਿਹਰੇ 'ਤੇ ਪਸਰੀ ਹੁੰਦੀ... ਚਿਹਰੇ ਦੀਆਂ ਝੁਰੜੀਆਂ ਵਿਚੋਂ ਮੈਂ ਉਸਦੀਆਂ ਮਜ਼ਬੂਰੀਆਂ ਵੇਖ ਲੈਂਦਾ।

ਇਕ ਦਿਨ ਮੈਂ ਉਸਦੀ ਚੁੱਪ ਨੂੰ ਤੋੜਣ ਵਾਸਤੇ ਹੱਸ ਕੇ ਕਿਹਾ, "ਫਤੇਹ ਕੀ ਗੱਲ ਐ ਯਾਰ? ਹੁਣ ਤਾਂ ਆਪਾਂ ਨੌਕਰੀ ਦੇ ਅਖ਼ੀਰਲੇ ਸਟੇਸ਼ਨ 'ਤੇ ਅੱਪੜਣ ਵਾਲੇ ਆਂ... ਯਾਰ ਜਾਂਦਾ ਜਾਂਦਾ ਦਫ਼ਤਰ ਨੂੰ ਕੋਈ ਨਵਾਂ ਨਾਂਅ ਈ ਦੇ ਜਾ!... ਹੁਣ ਫਤੇਹ ਨੂੰ ਦਫ਼ਤਰ ਕਿਹੋ ਜਿਹਾ ਲੱਗਦਾ ਐ?"

--"ਯਾਰ ਬਲਦੇਵ... ਮੈਂ ਤਾਂ ਦਫ਼ਤਰ ਦੇ ਨਾਂਅ ਈ ਬਦਲਦਾ ਰਹਿ ਗਿਆ... ਆਪਣੇ ਕਰਮ ਨਾ ਬਦਲ ਸਕਿਆ... ਬਾਰ੍ਹੀਂ ਵਰ੍ਹੀਂ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਐ.. ਮੈਂ ਓਥੇ ਦਾ ਓਥੇ।"

ਰਿਟਾਇਰ ਹੋਣ 'ਤੇ ਆ ਗਿਆ... ਹਾਲੇ ਜੁੰਮੇਵਾਰੀ ਕੋਈ ਨਹੀਂ ਨਿਬੇੜੀ...ਤੈਨੂੰ ਪਤਾ ਐ, ਕੁੜੀ ਵਿਆਹੁਣ ਵਾਲੀ ਐ... ਮੁੰਡੇ ਨੂੰ ਐਤਕੀ ਸਾਲ ਕਾਲਜ ਦਾਖ਼ਲ ਕਰਾਉਣਾ ਐ... ਬੀਬੀ ਦੀ ਦਵਾਈ ਹੀ ਨੀ ਮਾਣ... ਏਸੇ ਤਾਣੇ ਬਾਣੇ 'ਚ ਈ ਉਲਝਿਆ ਰਿਹਾ...।"

ਮੈਂ ਉਸਦੀ ਸਾਰੀ ਜ਼ਿੰਦਗੀ ਦਾ ਦੁਖਦਾਈ ਨਾਟਕ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਫੇਰ ਵੀ ਕਦੇ ਕਹਿ ਨਾ ਸਕਿਆ ਕਿ ਫਤੇਹ ਤੂੰ ਆਪਣੀ ਗੱਡੀ ਸੱਜੇ ਪਾ ਲੈ।

ਪਰ ਚਿੰਤਾਮਣੀ ਨੇ ਅਖ਼ੀਰਲਾ ਸਟੇਸ਼ਨ ਆਉਣ ਤੋਂ ਪਹਿਲਾਂ ਹੀ ਉਸਦੀ ਗੱਡੀ ਸੱਜੇ ਪਾ ਦਿੱਤੀ... ਚਾਰ ਹਜ਼ਾਰ ਰੁਪਏ, ਕਮੀਜ਼ ਦੀ ਜੇਬ ਵਿਚ ਤੁੰਨ ਦਿੱਤੇ ਅਤੇ ਕਿਹਾ-

"ਨਵੇਂ ਟੈਂਡਰ ਪਾਸ ਹੋਣੈ ਐ... ਠੇਕੇਦਾਰ ਵੱਲੋਂ ਨਜ਼ਰਾਨਾ ਐ... ਸਾਰੀ ਉਮਰ ਅਸੂਲਾਂ ਵਿਚੋਂ ਕੀ ਖੱਟਿਐ?... ਨਾਂਹ ਨਾ ਕਰੀਂ।" ਕਹਿ ਕੇ ਚਿੰਤਾਮਣੀ ਚਲਾ ਗਿਆ।

ਫਤੇਹ ਚੁੱਪ ਸੀ... ਦਿਲ ਵਾਲੇ ਪਾਸੇ ਮਾਇਆ ਦਾ ਭਾਰ ਪੈ ਗਿਆ। ਖੱਬਾ ਪਾਸਾ ਡੋਲ ਗਿਆ। ਦਿਲ ਨੇ ਜ਼ੁਬਾਨ 'ਤੇ ਕਬਜ਼ਾ ਕਰ ਲਿਆ... ਫਤੇਹ ਤੋਂ ਨਾਂਹ ਨਹੀਂ ਕਹੀ ਗਈ। ਉਹ ਬੁੱਤ ਜਿਹਾ ਬਣਿਆ ਬੈਠਾ ਰਿਹਾ... ਮੇਰੇ ਨਾਲ ਨਜ਼ਰ ਨਹੀਂ ਮਿਲਾ ਰਿਹਾ ਸੀ... ਹੇਠਾਂ ਜ਼ਮੀਨ ਵੱਲ ਵੇਖਦਾ ਰਿਹਾ।

ਮੈਂ ਉਸਦੇ ਬੇਚੈਨ ਜ਼ਮੀਰ ਨੂੰ ਸਹਾਰਾ ਦੇਣ ਲਈ ਬੱਸ ਏਨਾ ਹੀ ਕਿਹਾ, "ਕੋਈ ਗੱਲ ਨਹੀਂ ਯਾਰ... ਤੇਰਾ ਮਾੜਾ ਮੋਟਾ ਡੰਗ ਸਰ ਜੂਗਾ।"

..."ਯਾਰ ਬਲਦੇਵ... ਯਾਰ, 'ਜਸ ਜੀਵਨ, ਮਰਨ ਅਪਜਸ' ਵਾਲੀ ਗੱਲ ਨਾ ਹੋਜੇ" ਫਤੇਹ ਦਾ ਜ਼ਮੀਰ ਹੁਣ ਅਤ੍ਰਿਪਤੀ ਤੋਂ ਅਪਰਾਧ ਬੋਧ ਵੱਲ ਚਲਾ ਗਿਆ... ਖੱਬੇ ਪਾਸੇ। ਮੈਂ ਜਾਣਦਾ ਸੀ... ਉਹ ਸੱਜੇ ਨਹੀਂ ਚੱਲ ਸਕੇਗਾ... ਜ਼ਰੂਰ ਕੋਈ ਹਾਦਸਾ ਕਰ ਬੈਠੇਗਾ।

ਹਾਦਸਾ ਹੋ ਗਿਆ... ਵਿਜੀਲੈਂਸ ਦੀ ਰੇਡ... ਸਾਰੇ ਰਿਕਾਰਡ ਦੀ ਚੈਕਿੰਗ... ਫਤੇਹ ਸਿਰ ਭਾਂਡਾ ਭੰਨਿਆ ਗਿਆ... ਦੋਸ਼ੀ ਕਰਾਰ ਹੋ ਗਿਆ... ਏਸ ਨਿਰਾਲੇ ਦਫ਼ਤਰ ਦਾ ਘੋਟਾਲਾ ਬਣ ਕੇ ਹਰ ਅਖ਼ਬਾਰ ਦੀ ਸੁਰਖੀ ਬਣ ਗਿਆ... ਏਸ ਸ਼ਿਵਾਲੇ ਵੱਲੋਂ ਸਰਾਪਿਆ ਗਿਆ... ਮਾਇਆਜਾਲ ਦੇ ਤੰਦਾਂ ਅੰਦਰ ਉਲਝ ਗਿਆ... ਮੂਧੇ ਮੂੰਹ ਡਿੱਗ ਪਿਆ ਮੇਰਾ ਯਾਰ...

ਰੱਬ ਨੇ ਅਖੀਰਲਾ ਬੱਜਰ ਸ਼ਸਤਰ ਚਲਾ ਦਿੱਤਾ... ਮੇਰਾ ਫਤੇਹ... ਮੇਰਾ ਯਾਰ.. ਹਾਰ ਗਿਆ... ਨਮੋਸ਼ੀ ਨਾਲ ਭਰ ਗਿਆ... ਇਸ ਸ਼ਸਤਰ ਦੀ ਪੀੜ ਉਸ ਲਈ ਅਸਹਿ ਸੀ... ਪਾਗਲ ਹੋ ਗਿਆ... ਦਫ਼ਤਰ ਵਿਚ ਚੁੱਪਚਾਪ ਖੜ੍ਹਾ ਰਿਹਾ... ਮੁਜ਼ਰਿਮ ਵਾਂਗ... ਇਕੋ ਗੱਲ ਵਾਰ-ਵਾਰ ਦੁਹਰਾਉਂਦਾ... ਜਸ ਜੀਵਨ... ਮਰਨ ਅਪਜਸ... ਗੱਡੀ ਸੱਜੇ ਪਾਸੇ ਚਲੀ ਗਈ... ਹਾਦਸਾ.... ਓਏ ਲੋਕੋ ਹਾਦਸਾ ਹੋ ਗਿਆ।

ਉਸਦੀਆਂ ਯਾਦਾਂ ਵਿਚ ਗੁਆਚਿਆ ਮੈਂ ਆਪਣੇ ਘਰ ਦੇ ਨੇੜੇ ਪਹੁੰਚ ਗਿਆ... ਅੱਜ ਮੈਂ ਰਿਟਾਇਰ ਹੋ ਕੇ ਘਰ ਆ ਗਿਆ... ਪਰ ਮੇਰਾ ਯਾਰ ਫਤੇਹ।... ਯਾਰ ਤੂੰ ਕਿਉਂ ਗੱਡੀ ਸੱਜੇ ਪਾ ਲਈ...? ਮਿੱਤਰਾ ਹੁਣ ਤਾਂ ਆਪਾਂ ਸਟੇਸ਼ਨ 'ਤੇ ਅੱਪੜਣ ਵਾਲੇ ਹੀ ਸਾਂ...!

******************